# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

Vol 19*Issue 245 | Friday, December 18, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਐਮਪੀਪੀ ਸੰਧੂ ਤੇ ਮੰਤਰੀ ਸਰਕਾਰੀਆ ਨੇ ਬਰੈਂਪਟਨ ਲਈ ਹੋਰ ਵਿੱਤੀ ਰਾਹਤ ਦਾ ਕੀਤਾ ਐਲਾਨ

ਬਰੈਂਪਟਨ, 17 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਤੇ ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ ਨੇ ਐਲਾਨ ਕੀਤਾ ਕਿ ਸੇਫ ਰੀਸਟਾਰਟ ਫੰਡਿੰਗ ਤਹਿਤ ਬਰੈਂਪਟਨ ਨੂੰ 27,489,000 ਡਾਲਰ ਹਾਸਲ ਹੋਣਗੇ।



ਇਨ੍ਹਾਂ ਫੰਡਾਂ ਨਾਲ ਕਈ ਅਹਿਮ ਸਰਵਿਸਿਜ਼ ਵਿੱਚ ਸੁਧਾਰ ਕੀਤਾ ਜਾਵੇਗਾ ਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਬਰੈਂਪਟਨ 2021 ਵਿੱਚ ਆਪਰੇਟਿੰਗ ਘਾਟੇ ਨਾਲ ਅੱਗੇ ਨਾ ਵਧੇ। ਐਮਪੀਪੀ ਸੰਧੂ ਨੇ ਆਖਿਆ ਕਿ ਇਸ ਮਾਹੌਲ ਵਿੱਚ ਹਾਸਲ ਹੋਣ ਵਾਲੀ ਇਸ ਫੰਡਿੰਗ ਨਾਲ ਸਾਡੀ ਕਮਿਊਨਿਟੀ ਲਈ ਅਹਿਮ ਸੇਵਾਵਾਂ ਜਾਰੀ ਰੱਖਣ ਵਿੱਚ ਮਦਦ ਮਿਲੇਗੀ। ਇਸ ਦੇ ਨਾਲ ਹੀ ਸਿਟੀ ਨੂੰ 2021 ਦਾ ਬਜਟ ਤਿਆਰ ਕਰਨ ਵਿੱਚ ਵੀ ਮਦਦ ਮਿਲੇਗੀ। 2021 ਦੇ ਬਜਟ ਵਿੱਚ ਨਾ ਸਿਰਫ ਕੋਵਿਡ-19 ਦੀ ਹਕੀਕਤ ਦੀ

**ਸੇਫ ਰੀਸਟਾਰਟ ਫੰਡਿੰਗ ਤਹਿਤ ਬਰੈਂਪਟਨ ਨੂੰ 27,489,000 ਡਾਲਰ ਹੋਣਗੇ ਹਾਸਲ**

ਝਲਕ ਹੋਵੇਗੀ ਸਗੋਂ ਅਹਿਮ ਪ੍ਰੋਜੈਕਟਾਂ, ਜਿਨ੍ਹਾਂ ਨਾਲ ਆਰਥਿਕ ਵਿਕਾਸ ਤੇ ਖੁਸ਼ਹਾਲੀ ਯਕੀਨੀ ਬਣਾਈ ਜਾਣੀ ਹੈ, ਨੂੰ ਸ਼ੁਰੂ ਕਰਨ ਵਿੱਚ ਵੀ ਮਦਦ ਮਿਲੇਗੀ।

ਬਰੈਂਪਟਨ ਸਾਊਥ ਤੋਂ ਐਮਪੀਪੀ ਤੇ ਮਨਿਸਟਰ ਆਫ ਸਮਾਲ ਬਿਜ਼ਨਸਿਜ਼ ਪ੍ਰਭਮੀਤ ਸਰਕਾਰੀਆਂ ਨੇ ਆਖਿਆ ਕਿ 27.48 ਮਿਲੀਅਨ ਡਾਲਰ ਤੋਂ ਵੱਧ ਦੇ ਇਨ੍ਹਾਂ ਫੰਡਾਂ ਨਾਲ ਬਰੈਂਪਟਨ ਨੂੰ ਕੋਵਿਡ-19 ਦੇ ਪ੍ਰਭਾਵ ਤੋਂ ਸਹਿਜੇ ਹੀ ਬਾਹਰ ਆਉਣ ਵਿੱਚ ਮਦਦ ਮਿਲੇਗੀ ਤੇ 2021 ਵਿੱਚ ਅਸੀਂ ਇਸ ਸਾਲ ਦੇ ਆਪਰੇਟਿੰਗ ਘਾਟੇ ਤੋਂ ਬਿਨਾਂ ਦਾਖਲ ਹੋ ਸਕਾਂਗੇ। ਉਨ੍ਹਾਂ ਆਖਿਆ ਕਿ ਲੋਕਲ ਕਮਿਊਨਿਟੀ ਲਈ ਇਹ ਅਹਿਮ ਖਬਰ ਹੈ ਤੇ ਇਸ ਨਾਲ ਸਾਡੀ ਸਿਟੀ ਨੂੰ ਆਉਣ ਵਾਲੇ ਸਾਲਾਂ ਵਿੱਚ ਪੂਰੇ ਵਿਸ਼ਵਾਸ ਨਾਲ ਦਾਖਲ ਹੋਣ ਤੇ ਯੋਜਨਾਬੰਦੀ ਕਰਨ ਦਾ ਹੌਸਲਾ ਮਿਲੇਗਾ।



ਓਨਟਾਰੀਓ ਸਰਕਾਰ ਵੱਲੋਂ ਮਿਊਂਸਪੈਲਿਟੀਜ਼ ਨੂੰ ਵਿੱਤੀ ਰਾਹਤ ਮੁਹੱਈਆ ਕਰਵਾਉਣ ਤੇ ਉਨ੍ਹਾਂ ਵੱਲੋਂ 2021 ਵਿੱਚ ਆਪਰੇਟਿੰਗ ਘਾਟਾ ਨਾ ਲੈਜਾਣ ਵਿੱਚ ਮਦਦ ਕਰਨ ਵਾਸਤੇ ਪ੍ਰੋਵਿੰਸ ਭਰ ਦੀਆਂ ਮਿਊਂਸਪੈਲਿਟੀਜ਼ ਵਿੱਚ 695 ਮਿਲੀਅਨ ਡਾਲਰ ਵਾਧੂ ਵੰਡੇ ਜਾਣਗੇ।

# ਲਾਂਗ ਟਰਮ ਕੇਅਰ ਹੋਮਜ਼ ਵਿੱਚ 27,000 ਵਰਕਰਜ਼ ਭਰਤੀ ਕਰਨ ਲਈ ਫੋਰਡ ਸਰਕਾਰ 1.9 ਬਿਲੀਅਨ ਡਾਲਰ ਦਾ ਕਰੇਗੀ ਨਿਵੇਸ਼

ਓਨਟਾਰੀਓ, 17 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਸੀਨੀਅਰਜ਼ ਲਈ ਕੇਅਰ ਵਿੱਚ ਸੁਧਾਰ ਕਰਨ ਵਾਸਤੇ ਫੋਰਡ ਸਰਕਾਰ ਵੱਲੋਂ ਸੱਭ ਤੋਂ ਵੱਡੀ ਰਕਰੂਟਮੈਂਟ ਤੇ ਟਰੇਨਿੰਗ ਡਰਾਈਵ ਚਲਾਉਣ ਦਾ ਐਲਾਨ ਕੀਤਾ ਗਿਆ ਹੈ।



ਵੀਰਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਤੇ ਲਾਂਗ ਟਰਮ ਕੇਅਰ ਮੰਤਰੀ ਡਾ.ਮੈਰਿਲੀ ਫੁਲਰਟਨ ਨੇ ਆਖਿਆ ਕਿ 2024 ਤੇ 2025 ਤੱਕ ਲਾਂਗ ਟਰਮ ਕੇਅਰ ਵਿੱਚ ਪਰਸਨਲ ਸਪੋਰਟ ਵਰਕਰਜ਼, ਰਜਿਸਟਰਡ ਨਰਸਾਂ ਤੇ ਰਜਿਸਟਰਡ ਪ੍ਰੈਕਟੀਕਲ ਨਰਸਾਂ ਦੇ 27000 ਨਵੇਂ ਅਹੁਦਿਆਂ ਨੂੰ ਸਿਰਜਣ ਲਈ ਪ੍ਰੋਵਿੰਸ 1.9 ਬਿਲੀਅਨ ਡਾਲਰ ਤੱਕ ਦਾ ਸਾਲਾਨਾ ਨਿਵੇਸ਼ ਕਰੇਗੀ। ਇਸ ਯੋਜਨਾ ਤਹਿਤ ਓਨਟਾਰੀਓ ਇਨ੍ਹਾਂ ਲਾਂਗ ਟਰਮ ਕੇਅਰ ਹੋਮਜ਼ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋੜੀਂਦੇ ਸਟਾਫ ਨੂੰ ਸਿੱਖਿਅਤ ਤੇ ਟਰੇਨ ਕਰਨ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕਰੇਗਾ।

ਇਸ ਤੋਂ ਇਲਾਵਾ ਫੁੱਲ ਟਾਈਮ ਇੰਪਲੌਇਮੈਂਟ ਵਿੱਚ ਵਾਧਾ ਕਰਨ ਲਈ ਲਾਂਗ ਟਰਮ ਕੇਅਰ ਇੰਪਲੌਇਅਰਜ਼ ਨਾਲ ਤਾਲਮੇਲ ਕਰਕੇ ਸਟਾਫ ਲਈ ਕੰਮ ਵਾਲੇ ਹਾਲਾਤ ਵਿੱਚ ਸੁਧਾਰ ਕਰਨ ਦੇ ਆਪਣੇ ਟੀਚੇ ਦਾ ਵੀ ਪ੍ਰੋਵਿੰਸ ਵੱਲੋਂ ਐਲਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਨਵੰਬਰ ਦੇ ਅਖੀਰ ਵਿੱਚ ਫੋਰਡ ਸਰਕਾਰ ਨੂੰ ਓਨਟਾਰੀਓ ਭਰ ਦੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਰਹਿਣ ਵਾਲੇ ਬਜ਼ੁਰਗਾਂ ਦੇ 4000 ਤੋਂ ਵੱਧ ਪਰਿਵਾਰਕ ਮੈਂਬਰਾਂ ਵੱਲੋਂ ਇੱਕ ਖੁੱਲ੍ਹਾ ਪੱਤਰ ਹਾਸਲ ਹੋਇਆ ਸੀ ਜਿਸ ਵਿੱਚ ਇਨ੍ਹਾਂ ਹੋਮਜ਼ ਦੇ ਮਿਆਰ ਨੂੰ ਸੁਧਾਰਨ ਦੀ ਮੰਗ ਕੀਤੀ ਗਈ ਸੀ।

ਪਰਿਵਾਰਾਂ ਨੇ ਇਹ ਵੀ ਆਖਿਆ ਸੀ ਕਿ ਉਹ ਚਾਹੁੰਦੇ ਹਨ ਕਿ ਬਿੱਲ-195 ਮੁਕੰਮਲ ਤੌਰ ਉੱਤੇ ਖਤਮ ਕਰ ਦਿੱਤਾ ਜਾਵੇ, ਜਿਸ ਤਹਿਤ ਲਾਂਗ ਟਰਮ ਕੇਅਰ ਹੋਮਜ਼ ਕਿਸੇ ਵੀ ਅਹੁਦੇ ਉੱਤੇ ਗੈਰ ਸਿੱਖਿਅਤ ਸਟਾਫ ਨੂੰ ਤਾਇਨਾਤ ਕਰਨ ਦੀ ਖੁੱਲ੍ਹ ਦਾ ਫਾਇਦਾ ਉਠਾਉਂਦੇ ਹਨ।

# ਫਰਾਂਸ ਦੇ ਰਾਸ਼ਟਰਪਤੀ ਮੈਕਰੌਨ ਆਏ ਕਰੋਨਾ ਪਾਜ਼ੀਟਿਵ



ਪੈਰਿਸ, 17 ਦਸੰਬਰ (ਪੋਸਟ ਬਿਊਰੋ) : ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਵੀਰਵਾਰ ਨੂੰ ਕੋਵਿਡ-19 ਪਾਜ਼ੀਟਿਵ ਪਾਏ ਗਏ। ਇੱਕ ਹਫਤੇ ਪਹਿਲਾਂ ਹੀ ਉਨ੍ਹਾਂ ਨੇ ਕਈ ਯੂਰਪੀਅਨ ਆਗੂਆਂ ਨਾਲੀ ਮੁਲਾਕਾਤ ਕੀਤੀ ਸੀ। ਫਰਾਂਸ ਤੇ ਸਪੇਨ ਦੇ ਪ੍ਰਧਾਨ ਮੰਤਰੀ ਵੱਲੋਂ ਮੈਕਰੌਨ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਖੁਦ ਨੂੰ ਆਈਸੋਲੇਟ ਕਰ ਲਿਆ ਗਿਆ ਹੈ।

ਇੱਕ ਬਿਆਨ ਵਿੱਚ ਪ੍ਰੈਜ਼ੀਡੈਂਸੀ ਨੇ ਆਖਿਆ ਕਿ ਜਿਵੇਂ ਹੀ ਪਹਿਲੇ ਲੱਛਣ ਨਜ਼ਰ ਆਏ ਤਾਂ ਮੈਕਰੌਨ ਨੇ ਆਪਣਾ ਟੈਸਟ ਕਰਵਾ ਲਿਆ ਤੇ ਖੁਦ ਨੂੰ ਸੱਤ ਦਿਨਾਂ ਲਈ ਆਈਸੋਲੇਟ ਕਰ ਲਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਮੈਕਰੌਨ ਨੂੰ ਕੀ ਲੱਛਣ ਸਨ ਜਾਂ ਉਹ ਇਸ ਲਈ ਕੀ ਇਲਾਜ ਕਰਵਾ ਰਹੇ ਹਨ। 42 ਸਾਲਾਂ ਦੇ ਰਾਸ਼ਟਰਪਤੀ ਦੂਰ ਰਹਿ ਕੇ ਵੀ ਆਪਣਾ ਕੰਮ ਕਾਜ ਜਾਰੀ ਰੱਖਣਗੇ ਤੇ ਦੂਰ ਤੋਂ ਹੀ ਸਾਰੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣਗੇ। ਮੈਕਰੌਨ ਦੀ ਪਤਨੀ 67 ਸਾਲਾ ਬ੍ਰਿਗਿਟ ਵੀ ਖੁਦ ਨੂੰ ਆਈਸੋਲੇਟ ਕਰੇਗੀ ਪਰ ਉਨ੍ਹਾਂ ਨੂੰ ਕੋਈ ਵੀ ਲੱਛਣ ਨਹੀਂ ਹੈ ਤੇ ਪੈਰਿਸ ਦੇ ਹਸਪਤਾਲ ਜਾਣ ਤੋਂ ਪਹਿਲਾਂ ਹੀ ਮੰਗਲਵਾਰ ਨੂੰ ਕਰਵਾਏ ਗਏ ਟੈਸਟ ਵਿੱਚ ਉਹ ਨੈਗੇਟਿਵ ਆ ਗਈ। ਮੈਕਰੌਨ ਨੇ ਪਿਛਲੇ ਹਫਤੇ ਦੇ ਅੰਤ ਵਿੱਚ ਯੂਰਪੀਅਨ ਯੂਨੀਅਨ ਦੀ ਸਿਖਰ ਵਾਰਤਾ ਵਿੱਚ ਹਿੱਸਾ ਲਿਆ ਸੀ, ਜਿੱਥੇ ਉਨ੍ਹਾਂ ਜਰਮਨ ਦੀ ਚਾਂਸਲਰ ਐਂਜੇਲਾ ਮਾਰਕਲ ਨਾਲ ਦੁਵੱਲੀ ਮੀਟਿੰਗ ਵੀ ਕੀਤੀ ਸੀ।

## ਅੰਦਰ ਪੜ੍ਹੋ


ਲਾਈਫ ਸਰਟੀਫਿਕੇਟ ਜਾਰੀ ਕਰਨ ਦੀ ਮਿਆਦ 28 ਫਰਵਰੀ, 2021 ਤੱਕ ਵਧੀ — ਪੰਨਾ 03




ਸੁਪਰੀਮ ਕੋਰਟ ਨੇ ਰੋਸ ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਅਧਿਕਾਰ ਮੰਨਿਆ — ਪੰਨਾ 05




# ਟੋਰੀ ਤੇ ਕ੍ਰੌਂਬੀ ਨੇ ਜੀਟੀਏ ਵਿੱਚ ਲਾਕਡਾਊਨ ਦੀ ਕੀਤੀ ਮੰਗ

ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ) : ਟੋਰਾਂਟੋ, ਪੀਲ ਤੇ ਯੌਰਕ ਰੀਜਨਜ਼ ਵਿੱਚ ਲਾਕਡਾਊਨ ਦੇ ਬਾਵਜੂਦ ਜੀਟੀਏ ਵਿੱਚ ਕੋਵਿਡ-19 ਕੇਸਾਂ ਵਿੱਚ ਹੋਣ ਵਾਲਾ ਵਾਧਾ ਰੁਕਣ ਦਾ ਨਹੀਂ ਲੈ ਰਿਹਾ। ਇਨ੍ਹਾਂ ਅੰਕੜਿਆਂ ਵਿੱਚ ਕੋਈ ਕਮੀ ਨਾ ਆਉਂਦੀ ਵੇਖ ਕੇ ਮਿਊਂਸਪਲ ਆਗੂਆਂ ਵੱਲੋਂ ਹੋਰ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਜਾ ਰਹੀ ਹੈ।





ਮਿਸੀਸਾਗਾ ਦੀ ਮੇਅਰ ਬ੍ਰੌਨੀ ਕ੍ਰੌਂਬੀ ਦਾ ਕਹਿਣਾ ਹੈ ਕਿ ਇਸ ਸਮੇਂ ਜੀਟੀਏ ਭਰ ਵਿੱਚ ਲਾਕਡਾਊਨ ਲਾਏ ਜਾਣ ਦੀ ਲੋੜ ਹੈ। ਇਸੇ ਤਰ੍ਹਾਂ ਟੋਰਾਂਟੋ ਦੇ ਮੇਅਰ ਟੋਰੀ ਦਾ ਕਹਿਣਾਂ ਹੈ ਕਿ ਉਹ ਖੁਦ ਤੇ ਗ੍ਰੇਟਰ ਟੋਰਾਂਟੋ ਹੈਮਿਲਟਨ ਏਰੀਆ (ਜੀਟੀਐਚਏ) ਦੇ ਲੀਡਰ ਸਰਦ ਰੁੱਤ ਦੀਆਂ ਛੁੱਟੀਆਂ ਨੂੰ ਲਾਕਡਾਊਨ ਵਜੋਂ ਵਰਤਣ ਲਈ ਵਿਚਾਰ ਵਟਾਂਦਰਾ ਕਰ ਰਹੇ ਹਾਂ। ਬੁੱਧਵਾਰ ਨੂੰ ਆਪਣੀ ਹਫਤਾਵਾਰੀ ਬ੍ਰੀਫਿੰਗ ਵਿੱਚ ਕ੍ਰੌਂਬੀ ਨੇ ਆਖਿਆ ਕਿ ਡਾਟਾ ਤੋਂ ਸਾਹਮਣੇ ਆਇਆ ਹੈ ਕਿ ਰੈਜ਼ੀਡੈਂਟ ਮਹਾਂਮਾਰੀ ਦੀ ਦੂਜੀ ਵੇਵ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ।ਲੋਕ ਇੱਕ ਜ਼ੋਨ ਤੋਂ ਦੂਜੀ ਜ਼ੋਨ ਵਿੱਚ ਬੜੇ ਆਰਾਮ ਨਾਲ ਜਾ ਰਹੇ ਹਨ ਤੇ ਨਾਲ ਦੇ ਘੱਟ ਪਾਬੰਦੀਆਂ ਵਾਲੇ ਜ਼ੋਨ ਵਿੱਚ ਜਾ ਕੇ ਲਾਹਾ ਲੈ ਰਹੇ ਹਨ। ਟੋਰਾਂਟੋ ਤੇ ਪੀਲ ਵਿੱਚ ਸੋਮਵਾਰ ਤੋਂ 28 ਦਿਨ ਦਾ ਲਾਕਡਾਊਨ ਮੁੱਕਣ ਜਾ ਰਿਹਾ ਹੈ। ਟੋਰੀ ਵੱਲੋਂ ਪਾਬੰਦੀਆਂ ਨੂੰ ਹੋਰ ਵਧਾਉਣ ਲਈ ਅਪੀਲ ਕੀਤੀ ਜਾ ਰਹੀ ਹੈ। ਟੋਰਾਂਟੋ ਤੇ ਪੀਲ ਵਿੱਚ 23 ਨਵੰਬਰ ਨੂੰ ਇੱਕਠਿਆਂ ਲਾਕਡਾਊਨ ਲਾਇਆ ਗਿਆ ਸੀ।

## ਸਪੈਡਿਨਾ ਐਵਨਿਊ ਉੱਤੇ ਦੋ ਗੱਡੀਆਂ ਆਪਸ ਵਿੱਚ ਟਕਰਾਈਆਂ, ਦੋ ਜ਼ਖ਼ਮੀ, ਇੱਕ ਹਿਰਾਸਤ ਵਿੱਚ



ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਸਪੈਡਿਨਾ ਐਵਨਿਊ ਉੱਤੇ ਦੋ ਕਾਰਾਂ ਵਿੱਚ ਹੋਈ ਟੱਕਰ ਤੋਂ ਬਾਅਦ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰਨ ਵਾਲੇ ਇੱਕ ਵਿਅਕਤੀ ਨੂੰ ਟੋਰਾਂਟੋ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ


...ਬਾਕੀ ਪੰਨਾ 3 'ਤੇ



Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit, LMIA / Work permit, Permanent Residency, Family Sponsorship, Nanny, Visitor Visa, Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES 416-278-4449
World Gateway Immigration Company since 2010
Get PR, if you are on
- Work permit (LMIA based)
- Open work permit
- Religious work permit
- Visitor in Canada
ZORA KAINTH Director, Member of ICCRC
Toronto: 149-2960 Drew Road, Mississauga Winnipeg: 678 McphillipsStreet, Winnipeg

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ? Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
100% Customer Satisfaction
KSG Pest Control Inc. www.ksgpestcontrol.ca ksgpestcontrol@gmail.com
Amarjeet Singh Gill

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate, Fastest Service, 24x7 Service, Secure Transaction, Special Business Account
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control: Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call: PARESH PATEL 416 938 4598

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration, Family Law, Corporate, Power of Attorney/Affidavit /Attestations, Real Estate, Business Closing, Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance, Walkie pallet, Electric Motor, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਲਾਈਫ ਸਰਟੀਫਿਕੇਟ ਜਾਰੀ ਕਰਨ ਦੀ ਮਿਆਦ 28 ਫਰਵਰੀ, 2021 ਤੱਕ ਵਧੀ

ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ) : ਕਾਊਂਸਲੇਟ ਜਨਰਲ ਆਫ ਇੰਡੀਆ,ਟੋਰਾਂਟੋ ਵੱਲੋਂ ਅਕਤੂਬਰ 2020 ਤੋਂ ਪੈਨਸ਼ਨਰਜ਼ ਨੂੰ 5000 ਲਾਈਫ ਸਰਟੀਫਿਕੇਟ. ਤੋਂ ਵੀ ਵੱਧ ਜਾਰੀ ਕੀਤੇ ਜਾ ਚੁੱਕੇ ਹਨ।

ਇਹ ਸਰਟੀਫਿਕੇਟ ਬੀ ਐਲ ਐਸ ਬਰੈਂਪਟਨ ਦੇ ਆਫਿਸ ਤੇ ਵੱਖ ਵੱਖ ਥਾਂਵਾਂ ਉੱਤੇ ਲਾਏ ਗਏ ਕਾਊਂਸਲਰ ਕੈਂਪਜ਼ ਰਾਹੀਂ ਜਾਰੀ ਕੀਤੇ ਗਏ। ਹੁਣ ਭਾਰਤ ਸਰਕਾਰ ਵੱਲੋਂ ਲਾਈਫ ਸਰਟੀਫਿਕੇਟ ਦੇਣ ਦੀ ਮਿਆਦ 28 ਫਰਵਰੀ, 2021 ਤੱਕ ਵਧਾ ਦਿੱਤੀ ਗਈ ਹੈ। ਜਿਨ੍ਹਾਂ ਕੈਨੇਡੀਅਨਾਂ ਨੂੰ ਲਾਈਫ ਸਰਟੀਫਿਕੇਟ ਚਾਹੀਦੇ ਹਨ ਉਹ ਬਿਨੈਕਾਰ ਹੇਠ ਲਿਖੇ ਮੁਤਾਬਕ ਇਹ ਹਾਸਲ ਕਰ ਸਕਦੇ ਹਨ।

ਲਾਈਫ ਸਰਟੀਫਿਕੇਟ ਅਗਾਊਂ ਐਪੁਆਇੰਟਮੈਂਟ ਰਾਹੀਂ ਵਿਅਕਤੀਗਤ ਤੌਰ ਉੱਤੇ ਕਾਊਂਸਲੇਟ ਤੋਂ ਵੀ ਹਾਸਲ ਕੀਤੇ ਜਾ ਸਕਦੇ ਹਨ। ਇਸ ਅਪੁਆਇੰਟਮੈਂਟ ਲਈ reception.toronto@mea.gov.in.ਉੱਤੇ ਅਰਜ਼ੀ ਲਿਖ ਕੇ ਦੇਣੀ ਹੋਵੇਗੀ। ਫਿਰ ਬਿਨੈਕਾਰਾਂ ਨੂੰ ਕਾਊਂਸਲੇਟ ਆਫਿਸ ਤੋਂ ਲਾਈਫ ਸਰਟੀਫਿਕੇਟ ਹਾਸਲ ਕਰਨ ਲਈ ਈਮੇਲ ਰਾਹੀਂ ਤਰੀਕ ਤੇ ਸਮਾਂ ਦੱਸ ਦਿੱਤਾ ਜਾਵੇਗਾ। ਜਿਨ੍ਹਾਂ ਦਸਤਾਵੇਜ਼ਾਂ ਦੀ ਲੋੜ ਹੋਵੇਗੀ ਉਹ ਅਪਡੇਟਿਡ ਐਪਲੀਕੇਸ਼ਨ ਫਾਰਮ (ਡੁਪਲੀਕੇਟ ਕਾਪੀ) ਵਿੱਚ ਪੂਰੀ ਤਰ੍ਹਾਂ ਭਰ ਕੇ ਪਾਸਪੋਰਟ ਦੀ ਕਾਪੀ ਨਾਲ ਦੇਣੇ ਹੋਣਗੇ।

ਬਿਨੈਕਾਰਾਂ ਨੂੰ ਇਹ ਦਸਤਾਵੇਜ਼ ਵਿਅਕਤੀਗਤ ਤੌਰ ਉੱਤੇ ਕਾਊਂਸਲੇਟ ਲਿਆਉਣੇ ਹੋਣਗੇ। ਲਾਈਫ ਸਰਟੀਫਿਕੇਟ ਮੌਕੇ ਉੱਤੇ ਹੀ ਜਾਰੀ ਕਰਨੇ ਹੋਣਗੇ। ਲਾਈਫ ਸਰਟੀਫਿਕੇਟ ਦੀ ਦਰਖੁਆਸਤ ਡਾਕ-ਕੋਰੀਅਰ ਰਾਹੀਂ ਵੀ ਕਾਊਂਸਲੇਟ ਭੇਜੀ ਜਾ ਸਕਦੀ ਹੈ। ਬਿਨੈਕਾਰ ਆਪਣੀਆਂ ਅਰਜ਼ੀਆਂ ਸੀਲਬੰਦ ਲਿਫਾਫੇ, ਚੰਗੀ ਤਰ੍ਹਾਂ ਭਰੇ ਹੋਏ ਐਪਲੀਕੇਸ਼ਨ ਫਾਰਮ (ਡੁਪਲੀਕੇਟ ਕਾਪੀ), ਪਾਸਪੋਰਟ ਦੀ ਕਾਪੀ, ਕੈਨੇਡਾ ਪੋਸਟ ਦੇ ਜਾਂ ਕਿਸੇ ਵੀ ਕੋਰੀਅਰ ਕੰਪਨੀ ਦੇ ਪ੍ਰੀਪੇਡ ਐਨਵੈਲਪ, ਜਿਸ ਉੱਤੇ ਬਿਨੈਕਾਰ ਦਾ ਪੂਰਾ ਪਤਾ ਲਿਖਿਆ ਹੋਵੇ (ਤਾਂ ਕਿ ਲੋੜ ਪੈਣ ਉੱਤੇ ਦਸਤਾਵੇਜ਼ ਸਹੀ ਸਲਾਮਤ ਮੋੜੇ ਜਾ ਸਕਣ) ਰਾਹੀਂ ਵੀ ਭੇਜ ਸਕਦੇ ਹਨ। ਡਾਕ ਰਾਹੀਂ ਭੇਜੀਆਂ ਅਰਜ਼ੀਆਂ ਲਈ ਬਿਨੈਕਾਰ ਨੂੰ ਲੋਕਲ ਵਾਟਸਐਪ ਨੰਬਰ, ਵੈਰੀਫਿਕੇਸ਼ਨ ਲਈ ਵੀਡੀਓ ਕਾਲ ਲਈ ਮੁਹੱਈਆ ਕਰਵਾਉਣ ਲਈ ਵੀ ਆਖਿਆ ਜਾਂਦਾ ਹੈ। ਲਾਈਫ ਸਰਟੀਫਿਕੇਟ ਵੀਡੀਓ ਕਾਲ ਰਾਹੀਂ ਬਿਨੈਕਾਰ ਦੀ ਵੈਰੀਫਿਕੇਸ਼ਨ ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ।

# ਟੋਰਾਂਟੋ ਵਿੱਚ ਫਰੰਟਲਾਈਨ ਵਰਕਰਜ਼ ਨੂੰ ਦਿੱਤੀ ਗਈ ਕੋਵਿਡ-19 ਦੀ ਪਹਿਲੀ ਡੋਜ਼



ਓਨਟਾਰੀਓ, 17 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਨੇ ਫਾਈਜ਼ਰ ਦੀ ਕੋਵਿਡ-19 ਵੈਕਸੀਨ ਦੀਆਂ ਪਹਿਲੀਆਂ ਡੋਜ਼ਾਂ ਸਿਟੀ ਦੇ ਪੰਜ ਫਰੰਟਲਾਈਨ ਵਰਕਰਾਂ ਨੂੰ ਦੇ ਕੇ ਇਮਿਊਨਾਈਜ਼ੇਸ਼ਨ ਮੁਹਿੰਮ ਦੀ ਸ਼ੁਰੂਆਤ ਕੀਤੀ।

ਵਾਇਰਸ ਖਿਲਾਫ ਵੈਕਸੀਨ ਦੀ ਪਹਿਲੀ ਡੋਜ਼ ਲੈਣ ਵਾਲੀ ਅਨੀਤਾ ਕੁਇਡੈਂਜਨ ਪਹਿਲੀ ਮਹਿਲਾ ਬਣੀ।

ਇਹ ਸਾਰੇ ਹੈਲਥ ਕੇਅਰ ਵਰਕਰਜ਼ 1988 ਤੋਂ ਕਾਇਮ ਟੋਰਾਂਟੋ ਦੇ ਰੇਕਾਇ ਸੈਂਟਰ ਵਿੱਚ ਕੰਮ ਕਰ ਰਹੇ ਹਨ। ਪ੍ਰੀਮੀਅਰ ਡੱਗ ਫੋਰਡ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਅੱਜ ਓਨਟਾਰੀਓ ਅਤੇ ਕੈਨੇਡਾ ਲਈ ਇਤਿਹਾਸਕ ਦਿਨ ਹੈ। ਅੱਜ ਸਾਡੇ ਫਰੰਟਲਾਈਨ ਹੈਲਥ ਹੀਰੋਜ਼ ਨੂੰ ਕੋਵਿਡ-19 ਵੈਕਸੀਨ ਦਿੱਤੀ ਜਾਣੀ ਸ਼ੁਰੂ ਹੋਈ ਹੈ। ਫੋਰਡ ਨੇ ਆਖਿਆ ਕਿ ਸਾਡੀ ਤਿੰਨ ਪੜਾਵੀ ਵੈਕਸੀਨ ਯੋਜਨਾ ਲਈ ਮੀਲ ਦਾ ਪੱਥਰ ਰੱਖਿਆ ਜਾ ਚੁੱਕਿਆ ਹੈ ਤੇ ਹੁਣ ਲੋਕਾਂ ਦੀ ਜ਼ਿੰਦਗੀ ਆਮ ਹੋਣ ਦੀ ਆਸ ਵੀ ਬੱਝੀ ਹੈ।

ਉਨ੍ਹਾਂ ਆਖਿਆ ਕਿ ਆਉਣ ਵਾਲੇ ਦਿਨਾਂ ਤੇ ਹਫਤਿਆਂ ਵਿੱਚ ਸਾਡੇ ਹਸਪਤਾਲਾਂ ਤੇ ਲਾਂਗ ਟਰਮ ਕੇਅਰ ਹੋਮਜ਼ ਵਿੱਚ 2500 ਹੈਲਥ ਕੇਅਰ ਵਰਕਰਜ਼ ਨੂੰ ਵੈਕਸੀਨੇਟ ਕੀਤਾ ਜਾਵੇਗਾ। ਹੌਲੀ ਹੌਲੀ ਹੋਰ ਸ਼ਿਪਮੈਂਟਸ ਆਉਣ ਤੋਂ ਬਾਅਦ ਬਾਕੀ ਲੋਕਾਂ ਦੀ ਵੈਕਸੀਨੇਸ਼ਨ ਵੀ ਕੀਤੀ ਜਾਵੇਗੀ। ਫਾਈਜ਼ਰ ਦੀ ਵੈਕਸੀਨ ਲਈ ਦੋ ਸ਼ੌਟਸ ਚਾਹੀਦੇ ਹਨ ਤੇ ਪ੍ਰੋਵਿੰਸ ਦਾ ਕਹਿਣਾ ਹੈ ਕਿ ਅੱਧੇ ਸ਼ੌਟਸ ਇਸ ਹਫਤੇ ਲਾਏ ਜਾਣਗੇ ਤੇ ਬਾਕੀ ਅੱਧੇ ਪਿੱਛੇ ਰੋਕ ਲਏ ਜਾਣਗੇ ਕਿਉਂਕਿ ਇਸ ਵੈਕਸੀਨ ਦੀ ਦੂਜੀ ਡੋਜ਼ ਤਿੰਨ ਹਫਤੇ ਬਾਅਦ ਦਿੱਤੀ ਜਾਵੇਗੀ।

# ਦਸੰਬਰ ਦੇ ਅੰਤ ਤੱਕ ਮੌਡਰਨਾ ਵੈਕਸੀਨ ਦੀਆਂ 168000 ਡੋਜ਼ ਹਾਸਲ ਕਰ ਲਵੇਗਾ ਕੈਨੇਡਾ

ਓਟਵਾ, 17 ਦਸੰਬਰ (ਪੋਸਟ ਬਿਊਰੋ) : ਕੈਨੇਡਾ ਵਿੱਚ ਕੋਵਿਡ-19 ਵੈਕਸੀਨ ਪਹੁੰਚ ਚੁੱਕੀ ਹੈ ਤੇ ਦੇਸ਼ ਭਰ ਵਿੱਚ ਟੀਕਾਕਰਣ ਦਾ ਕੰਮ ਵੀ ਸ਼ੁਰੂ ਹੋ ਚੁੱਕਿਆ ਹੈ ਤੇ ਅਜਿਹੇ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੇਸ਼ ਵਿੱਚ ਹੋਰ ਵੈਕਸੀਨਜ਼ ਲੈ ਕੇ ਆਉਣ ਸਬੰਧੀ ਨਵੀਂ ਡੀਲ ਦਾ ਐਲਾਨ ਕੀਤਾ ਹੈ।

ਮੰਗਲਵਾਰ ਨੂੰ ਟਰੂਡੋ ਨੇ ਆਖਿਆ ਕਿ ਕੈਨੇਡਾ ਦਸੰਬਰ ਦੇ ਅੰਤ ਤੱਕ ਮੌਡਰਨਾ ਵੱਲੋਂ ਤਿਆਰ ਕੋਵਿਡ-19 ਵੈਕਸੀਨ ਦੀਆਂ 168,000 ਡੋਜ਼ਾਂ ਹਾਸਲ ਕਰਨ ਦੇ ਕਾਫੀ ਨੇੜੇ ਪਹੁੰਚ ਚੁੱਕਿਆ ਹੈ। ਅਜੇ ਹੈਲਥ ਕੈਨੇਡਾ ਵੱਲੋਂ ਇਸ ਵੈਕਸੀਨ ਨੂੰ ਮਨਜ਼ੂਰੀ ਦਿੱਤੀ ਜਾਣੀ ਬਾਕੀ ਹੈ। ਟਰੂਡੋ ਨੇ ਆਖਿਆ ਕਿ ਫਾਈਜ਼ਰ ਵੈਕਸੀਨ ਦੀ ਸ਼ੁਰੂਆਤੀ ਖੇਪ ਹਾਸਲ ਹੋਣ ਨਾਲ ਸਾਡਾ ਇਹ ਜਜ਼ਬਾ ਹੋਰ ਪੱਕਾ ਹੋ ਗਿਆ ਹੈ ਕਿ ਜਲਦ ਤੋਂ ਜਲਦ ਕੈਨੇਡੀਅਨਾਂ ਦੀ ਇਸ



ਵਾਇਰਸ ਖਿਲਾਫ ਹਿਫਾਜ਼ਤ ਕੀਤੀ ਜਾ ਸਕੇ।

ਟਰੂਡੋ ਨੇ ਇਹ ਵੀ ਆਖਿਆ ਕਿ ਕੈਨੇਡਾ ਅਗਲੇ ਹਫਤੇ ਦੇ ਅੰਦਰ ਅੰਦਰ ਫਾਈਜ਼ਰ ਵੈਕਸੀਨ ਦੀਆਂ 200,000 ਵਾਧੂ ਡੋਜ਼ਾਂ ਵੀ ਹਾਸਲ ਕਰ ਲਵੇਗਾ। ਇਸ ਹਫਤੇ ਟੀਕਾਕਰਣ ਲਈ ਜਿੱਥੇ 14 ਸਾਈਟਸ ਰੱਖੀਆਂ ਗਈਆਂ ਹਨ ਤਾਂ ਆਉਣ ਵਾਲੇ ਸਮੇਂ ਵਿੱਚ ਕੈਨੇਡਾ 70 ਹੋਰਨਾਂ ਸਾਈਟਸ ਉੱਤੇ ਵੈਕਸੀਨੇਸ਼ਨ ਕਰਨ ਦੀ ਯੋਜਨਾ ਬਣਾ ਰਿਹਾ ਹੈ। ਫਾਈਜ਼ਰ ਦੀਆਂ ਪਹਿਲੀਆਂ 30,000 ਡੋਜ਼ਾਂ ਇਸ ਹਫਤੇ ਪਹੁੰਚ ਰਹੀਆਂ ਹਨ ਤੇ ਵੈਕਸੀਨੇਸ਼ਨ ਦਾ ਕੰਮ ਟੋਰਾਂਟੋ, ਮਾਂਟਰੀਅਲ, ਕਿਊਬਿਕ ਸਿਟੀ ਤੇ ਓਟਵਾ ਵਿੱਚ ਸ਼ੁਰੂ ਵੀ ਹੋ ਚੁੱਕਿਆ ਹੈ।

ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ ਡੀ ਏ) ਵੱਲੋਂ ਇੱਕ ਰਿਪੋਰਟ ਜਾਰੀ ਕੀਤੀ ਗਈ ਹੈ ਜਿਸ ਵਿੱਚ ਮੌਡਰਨਾ ਦੀ ਕੋਵਿਡ-19 ਵੈਕਸੀਨ ਦੀ ਪ੍ਰਭਾਵਸ਼ੀਲਤਾ ਤੇ ਸੇਫਟੀ ਦੀ ਪੁਸ਼ਟੀ ਕੀਤੀ ਗਈ ਹੈ। ਏਜੰਸੀ ਦਾ ਕਹਿਣਾ ਹੈ ਕਿ ਫੁੱਲ ਪੈਨਲ ਵੱਲੋਂ ਮੌਡਰਨਾ ਦੀ ਵੈਕਸੀਨ ਬਾਰੇ ਵੀਰਵਾਰ ਨੂੰ ਸਿਫਾਰਸ਼ਾਂ ਕੀਤੇ ਜਾਣ ਤੋਂ ਬਾਅਦ ਹੀ ਉਹ ਫਾਈਨਲ ਫੈਸਲਾ ਕਰੇਗੀ। ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਵਾਇਰਸ ਦੀ ਰੋਕਥਾਮ ਲਈ ਇਹ ਵੈਕਸੀਨ 94 ਫੀ ਸਦੀ ਪ੍ਰਭਾਵੀ ਹੈ ਤੇ 65 ਸਾਲ ਤੋਂ ਉੱਪਰ ਦੇ ਲੋਕਾਂ ਉੱਤੇ 86 ਫੀ ਸਦੀ ਅਸਰਦਾਰ ਹੈ।

ਮੌਡਰਨਾ ਦੀ ਵੈਕਸੀਨ ਉਸੇ ਤਕਨਾਲੋਜੀ ਨਾਲ ਤਿਆਰ ਕੀਤੀ ਗਈ ਹੈ ਜਿਸ ਨਾਲ ਉਹ ਪਹਿਲਾਂ ਹੀ ਫਾਈਜ਼ਰ ਵੈਕਸੀਨ ਨੂੰ ਮਨਜ਼ੂਰੀ ਦੇ ਚੁੱਕੇ ਹਨ ਤੇ ਐਫ ਡੀ ਏ ਦਾ ਕਹਿਣਾ ਹੈ ਕਿ ਇਹ ਅੰਦਾਜ਼ਨ ਓਨੀ ਹੀ ਪ੍ਰਭਾਵਸ਼ਾਲੀ ਵੀ ਹੈ। ਦੋਵਾਂ ਵੈਕਸੀਨਜ਼ ਦੀਆਂ ਦੋ ਡੋਜ਼ਾਂ ਇੱਕ ਵਿਅਕਤੀ ਨੂੰ ਦਿੱਤੀਆਂ ਜਾਣੀਆਂ ਜ਼ਰੂਰੀ ਹਨ। ਮੌਡਰਨਾ ਵੈਕਸੀਨ ਨੂੰ ਦੂਰ ਦਰਾਜ ਦੀਆਂ ਕਮਿਊਨਿਟੀਜ਼ ਤੱਕ ਸਹਿਜੇ ਲਿਜਾਇਆ ਜਾਣਾ ਤੇ ਇਸ ਦੀ ਸਾਂਭ ਸੰਭਾਲ ਸੌਖੀ ਹੈ ਜਦਕਿ ਫਾਈਜ਼ਰ ਦੀ ਵੈਕਸੀਨ ਨੂੰ -70 ਡਿਗਰੀ ਸੈਲਸੀਅਸ ਉੱਤੇ ਰੱਖਿਆ ਜਾਣਾ ਜ਼ਰੂਰੀ ਹੈ ਤੇ ਇਸ ਨੂੰ ਸਟਾਕ ਕਰਕੇ ਰੱਖਣਾ ਜਾਂ ਟਰਾਂਸਪੋਰਟ ਕਰਨਾ ਔਖਾ ਹੈ। ਹੈਲਥ ਕੈਨੇਡਾ ਐਸਟ੍ਰਾਜ਼ੈਨੇਕਾ ਤੇ ਜੌਹਨਸਨ ਐਂਡ ਜੌਹਨਸਨ ਦੀਆਂ ਵੈਕਸੀਨਜ਼ ਦਾ ਵੀ ਮੁਲਾਂਕਣ ਕਰ ਰਿਹਾ ਹੈ ਤੇ ਇਹ ਮੁਲਾਂਕਣ ਅਜੇ ਸ਼ੁਰੂਆਤੀ ਸਟੇਜ ਵਿੱਚ ਹੈ।

# ਸਪੈਡਿਨਾ ਐਵਨਿਊ ਉੱਤੇ ਦੋ ਗੱਡੀਆਂ ਆਪਸ ਵਿੱਚ ਟਕਰਾਈਆਂ, ਦੋ ਜ਼ਖ਼ਮੀ, ਇੱਕ ਹਿਰਾਸਤ ਵਿੱਚ



...ਪੰਨਾ 1 ਦਾ ਬਾਕੀ

ਦੁਪਹਿਰ ਦੇ 4:30 ਵਜੇ ਸਪੈਡਿਨਾ ਐਵਨਿਊ ਤੇ ਫਰੰਟ ਸਟਰੀਟ ਉੱਤੇ ਵਾਪਰੇ ਹਾਦਸੇ ਦੀ ਜਾਂਚ ਲਈ ਪੁਲਿਸ ਮੌਕੇ ਉੱਤੇ ਪਹੁੰਚੀ। ਦੋ ਗੱਡੀਆਂ ਉੱਤਰ ਵੱਲ ਜਾ ਰਹੀਆਂ ਸਨ ਜਦੋਂ ਉਹ ਆਪਸ ਵਿੱਚ ਟਕਰਾ ਗਈਆਂ। ਹਾਦਸੇ ਤੋਂ ਬਾਅਦ ਇੱਕ ਡਰਾਈਵਰ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਅਧਿਕਾਰੀਆਂ ਨੇ ਉਸ ਦਾ ਪਿੱਛਾ ਕਰਕੇ ਉਸ ਨੂੰ ਫੜ੍ਹ ਲਿਆ। ਇਸ ਸਮੇਂ ਉਹ ਹਿਰਾਸਤ ਵਿੱਚ ਹੈ।

ਪੁਲਿਸ ਨੇ ਆਖਿਆ ਕਿ ਅਜੇ ਤੱਕ ਇਹ ਸਪਸ਼ਟ ਨਹੀਂ ਹੋਇਆ ਕਿ ਉਹ ਭੱਜਿਆ ਕਿਉਂ?ਪੈਰਾਮੈਡਿਕਸ ਨੇ ਦੱਸਿਆ ਕਿ ਇੱਕ 20 ਸਾਲਾ ਨੌਜਵਾਨ ਤੇ ਇੱਕ ਹੋਰ ਵਿਅਕਤੀ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# 2021 ਵਿੱਚ ਵੀ ਰਿਮੋਟ ਲਰਨਿੰਗ ਜਾਰੀ ਰੱਖਣ ਦੇ ਫੋਰਡ ਸਰਕਾਰ ਨੇ ਦਿੱਤੇ ਸੰਕੇਤ

ਓਨਟਾਰੀਓ, 1702 ਦਸੰਬਰ (ਪੋਸਟ ਬਿਊਰ) : ਫੋਰਡ ਸਰਕਾਰ ਵੱਲੋਂ ਇਹ ਹਿੰਟ ਦਿੱਤਾ ਗਿਆ ਹੈ ਕਿ ਸਕੂਲਾਂ ਵਿੱਚ ਕ੍ਰਿਸਮਸ ਦੀਆਂ ਛੁੱਟੀਆਂ ਵਿੱਚ ਇਨ ਪਰਸਨ ਲਰਨਿੰਗ ਨੂੰ ਜਿਹੜੀ ਬ੍ਰੇਕ ਦਿੱਤੀ ਗਈ ਹੈ ਉਹ ਅਗਲੇ ਸਾਲ ਵੀ ਜਾਰੀ ਰਹਿ ਸਕਦੀ ਹੈ।

ਸਕੂਲ ਬੋਰਡਜ਼ ਨੂੰ ਜਾਰੀ ਕੀਤੇ ਗਏ ਮੀਮੋ ਵਿੱਚ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਭਾਵੇਂ ਸਕੂਲਾਂ ਵਿੱਚ ਕੋਵਿਡ-19 ਦਾ ਸੰਕ੍ਰਮਣ ਘੱਟ ਫੈਲ ਰਿਹਾ ਹੈ ਪਰ ਸਕੂਲਾਂ ਨੂੰ 4 ਜਨਵਰੀ ਤੋਂ ਬਾਅਦ ਵੀ ਰਿਮੋਟ ਲਰਨਿੰਗ ਜਾਰੀ ਰੱਖਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਮੀਮੋ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਅਸੀਂ ਬੋਰਡਜ਼ ਨੂੰ ਇਹ ਸਿਫਾਰਿਸ਼ ਕਰ ਰਹੇ ਹਾਂ ਕਿ ਉਹ ਵਿਦਿਆਰਥੀ ਤੇ ਸਟਾਫ ਰਿਮੋਟ ਲਰਨਿੰਗ ਲਈ ਜੋ ਮਟੀਰੀਅਲ ਘਰ ਲਿਜਾਣਾ ਚਾਹੁੰਦਾ ਹੈ ਉਹ ਲਿਜਾਣ



ਦੇਣ। ਇਸ ਸੱਭ ਉਨ੍ਹਾਂ ਨੂੰ ਛੁੱਟੀਆਂ ਦਾ ਪੀਰੀਅਡ ਸ਼ੁਰੂ ਹੋਣ ਤੋਂ ਪਹਿਲਾਂ ਕਰਨਾ ਹੋਵੇਗਾ ਤਾਂ ਕਿ ਅਸੀਂ ਕਿਸੇ ਵੀ ਤਰ੍ਹਾਂ ਦੇ ਪਰੀਪੇਖ ਲਈ ਤਿਆਰ ਰਹੀਏ।

ਲਿਚੇ ਨੇ ਇਹ ਵੀ ਆਖਿਆ ਕਿ ਸਕੂਲ ਬੋਰਡਜ਼ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਰਿਮੋਟ ਲਰਨਿੰਗ ਵਿੱਚ ਵਿਦਿਆਰਥੀ ਤੇ ਮਾਪੇ ਸਹੀ ਢੰਗ ਨਾਲ ਹਿੱਸਾ ਲੈ ਸਕਣ, ਇਸ ਲਈ ਸਾਰੇ ਤਰ੍ਹਾਂ ਦੇ ਸਰੋਤ ਵਿਦਿਆਰਥੀਆਂ ਤੇ ਪਰਿਵਾਰਾਂ ਨੂੰ ਮੁਹੱਈਆ ਕਰਵਾਉਣੇ ਚਾਹੀਦੇ ਹਨ। ਇਨ੍ਹਾਂ ਵਿੱਚ ਸਾਰੇ ਵਿਦਿਆਰਥੀਆਂ ਲਈ ਰਿਮੋਟ ਲਰਨਿੰਗ ਡਿਵਾਈਸਿਜ਼ ਵੀ ਸ਼ਾਮਲ ਹਨ।

# ਫੋਰਡ ਸਰਕਾਰ ਵੱਲੋਂ ਬੋਨਸ ਦਾ ਵਾਅਦਾ ਪੂਰਾ ਨਾ ਕੀਤੇ ਜਾਣ ਤੋਂ ਪਰਸਨਲ ਸਪੋਰਟ ਵਰਕਰਜ਼ ਪ੍ਰੇਸ਼ਾਨ

ਓਨਟਾਰੀਓ, 17 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਕੁੱਝ ਪਰਸਨਲ ਸਪੋਰਟ ਵਰਕਰਜ਼ ਅਜੇ ਵੀ ਵਾਅਦੇ ਮੁਤਾਬਕ ਬੋਨਸ ਵਜੋਂ ਘੰਟੇ ਦੇ ਤਿੰਨ ਡਾਲਰ ਹਾਸਲ ਕਰਨ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਅਨੁਸਾਰ ਇਸ ਵਾਅਦੇ ਨੂੰ ਪਹਿਲੀ ਅਕਤੂਬਰ ਤੋਂ ਹੀ ਲਾਗੂ ਹੋ ਜਾਣਾ ਚਾਹੀਦਾ ਸੀ ਪਰ ਦੋ ਮਹੀਨੇ ਦਾ ਸਮਾਂ ਬੀਤਣ ਦੇ ਬਾਵਜੂਦ ਇਸ ਬੋਨਸ ਦੀ ਕੋਈ ਵਾਈ ਧਾਈ ਨਹੀਂ ਹੈ।

ਲਾਂਗ ਟਰਮ ਕੇਅਰ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਮੰਤਰਾਲੇ ਵੱਲੋਂ ਇਸ ਸਬੰਧ ਵਿੱਚ ਰਕਮ ਪਹਿਲੀ ਦਸੰਬਰ ਨੂੰ ਲਾਂਗ ਟਰਮ ਕੇਅਰ ਹੋਮਜ਼ ਨੂੰ ਪਹੁੰਚਾ ਦਿੱਤੀ ਗਈ ਸੀ ਤੇ ਮੰਤਰਾਲੇ ਨੇ ਇੰਪਲੌਇਰਜ਼ ਤੋਂ ਇਹ ਆਸ ਵੀ ਕੀਤੀ ਸੀ ਕਿ ਯੋਗ ਵਰਕਰਜ਼ ਨੂੰ ਇਹ ਬਣਦੀ ਰਕਮ ਜਲਦ ਤੋਂ ਜਲਦ ਮੁਹੱਈਆ ਕਰਵਾਈ ਜਾਵੇ। ਪਰ ਸਾਡੇ ਧਿਆਨ




ਵਿੱਚ ਆਇਆ ਹੈ ਕਿ ਤਨਖਾਹ ਦਾ ਸਮਾਂ ਤੇ ਤਨਖਾਹ ਵੰਡਣ ਦਾ ਸਿਸਟਮ ਹਰੇਕ ਇੰਪਲੌਇਰ ਦਾ ਵੱਖਰਾ ਹੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਪ੍ਰੀਮੀਅਰ ਡੱਗ ਫੋਰਡ ਨੇ ਪਹਿਲੀ ਅਕਤੂਬਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਪਰਸਨਲ ਸਪੋਰਟ ਵਰਕਰਜ਼ ਨੂੰ ਬੋਨਸ ਵਜੋਂ ਵਾਧੂ ਤਿੰਨ ਡਾਲਰ ਪ੍ਰਤੀ ਘੰਟੇ ਦੇਣ ਦਾ ਐਲਾਨ ਕੀਤਾ ਸੀ। ਉਸ ਸਮੇਂ ਫੋਰਡ ਨੇ ਆਖਿਆ ਸੀ ਕਿ ਪ੍ਰੋਵਿੰਸ 147,000 ਵਰਕਰਜ਼ ਦੇ ਭੱਤਿਆਂ ਵਿੱਚ ਆਰਜ਼ੀ ਤੌਰ ਉੱਤੇ ਵਾਧਾ ਕਰਨ ਜਾ ਰਹੀ ਹੈ। ਇਸ ਤਹਿਤ ਹੇਠ ਲਿਖੇ ਵਰਕਰਜ਼ ਨੂੰ ਫਾਇਦਾ ਹੋਣਾ ਸੀ :

- ਇਨ ਹੋਮ ਤੇ ਕਮਿਊਨਿਟੀ ਕੇਅਰ ਵਿੱਚ ਕੰਮ ਕਰਦੇ 38000 ਯੋਗ ਵਰਕਰਜ਼ ਨੂੰ ਅੰਦਾਜ਼ਨ 3 ਡਾਲਰ ਪ੍ਰਤੀ ਘੰਟਾ ਵਾਧੂ ਦਿੱਤੇ ਜਾਣੇ ਸਨ
- ਲਾਂਗ ਟਰਮ ਕੇਅਰ ਵਿੱਚ ਕੰਮ ਕਰਦੇ 50,000 ਯੋਗ ਵਰਕਰਜ਼ ਨੂੰ 3 ਡਾਲਰ ਪ੍ਰਤੀ ਘੰਟਾ ਵਾਧੂ ਦਿੱਤੇ ਜਾਣੇ ਸਨ
- ਪਬਲਿਕ ਹਸਪਤਾਲਾਂ ਵਿੱਚ ਕੰਮ ਕਰਨ ਵਾਲੇ 12,300 ਯੋਗ ਵਰਕਰਜ਼ ਨੂੰ 2 ਡਾਲਰ ਪ੍ਰਤੀ ਘੰਟਾ ਵਾਧੂ ਦਿੱਤੇ ਜਾਣੇ ਸਨ
- ਬੱਚਿਆਂ, ਕਮਿਊਨਿਟੀ ਤੇ ਸੋਸ਼ਲ ਸਰਵਿਸਿਜ਼, ਜਿਸ ਤਹਿਤ ਰੋਜ਼ਾਨਾ ਗਤੀਵਿਧੀਆਂ ਲਈ ਨਿਜੀ ਡਾਇਰੈਕਟ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ, ਲਈ 47000 ਯੋਗ ਵਰਕਰਜ਼ ਨੂੰ 3 ਡਾਲਰ ਪ੍ਰਤੀ ਘੰਟਾ ਵਾਧੂ ਦਿੱਤੇ ਜਾਣੇ ਸਨ।

ਪਰ ਫੋਰਡ ਸਰਕਾਰ ਵੱਲੋਂ ਕੀਤਾ ਗਿਆ ਇਹ ਵਾਅਦਾ ਅਜੇ ਤੱਕ ਵਫਾ ਨਹੀਂ ਹੋਇਆ। ਹੁਣ ਪਰਸਨਲ ਸਪੋਰਟ ਵਰਕਰਜ਼ ਵੱਲੋਂ ਫੋਰਡ ਸਰਕਾਰ ਤੋਂ ਇਹ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਜਿਸ ਬੋਨਸ ਦਾ ਵਾਅਦਾ ਕੀਤਾ ਗਿਆ ਸੀ ਉਹ ਕਿੱਥੇ ਹੈ। ਇਹ ਵਰਕਰਜ਼ ਕ੍ਰਿਸਮਸ ਤੋਂ ਪਹਿਲਾਂ ਇਸ ਮਾਮਲੇ ਦਾ ਜਵਾਬ ਵੀ ਚਾਹੁੰਦੇ ਹਨ।

# ਅਗਲੀਆਂ 2 ਓਲੰਪਿਕ ਖੇਡਾਂ ਵਿੱਚ ਰੂਸ ਦੇ ਆਪਣਾ ਨਾਂ ਤੇ ਝੰਡਾ ਵਰਤਣ ਉੱਤੇ ਲੱਗੀ ਪਾਬੰਦੀ

ਲਾਅਸੇਨ, 17 ਦਸੰਬਰ (ਪੋਸਟ ਬਿਊਰੋ) : ਕੋਰਟ ਆਫ ਆਰਬਿਟ੍ਰੇਸ਼ਨ ਫੌਰ ਸਪੋਰਟਸ ਵੱਲੋਂ ਦਿੱਤੇ ਗਏ ਫੈਸਲੇ ਅਨੁਸਾਰ ਅਗਲੇ ਦੋ ਸਾਲਾਂ ਵਿੱਚ ਹੋਣ ਵਾਲੇ ਅਹਿਮ ਖੇਡ ਮੁਕਾਬਲਿਆਂ ਦੀ ਮੇਜ਼ਬਾਨੀ ਵਾਸਤੇ ਰੂਸ ਕੋਸ਼ਿਸ਼ ਨਹੀਂ ਕਰ ਸਕੇਗਾ।

ਪਰ ਰੂਸ ਦੇ ਖਿਡਾਰੀਆਂ ਨੂੰ ਅਗਲੇ ਸਾਲ ਟੋਕੀਓ ਵਿੱਚ ਹੋਣ ਵਾਲੀਆਂ ਓਲੰਪਿਕ ਖੇਡਾਂ ਤੇ 2022 ਵਿੱਚ ਬੀਜਿੰਗ ਵਿੱਚ ਹੋਣ ਵਾਲੀਆਂ ਸਰਦ ਰੁੱਤ ਦੀਆਂ ਖੇਡਾਂ, 2022 ਵਿੱਚ ਕਤਰ ਵਿੱਚ ਹੋਣ ਵਾਲੇ ਵਰਲਡ ਕੱਪ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ।ਪਰ ਇਸ ਲਈ ਸ਼ਰਤ ਇਹ ਹੈ ਕਿ ਰੂਸ ਦੇ ਖਿਡਾਰੀਆਂ ਦੇ ਡੋਪਿੰਗ ਟੈਸਟ ਪਾਜ਼ੀਟਿਵ ਨਹੀਂ ਆਉਣੇ ਚਾਹੀਦੇ।ਵਰਲਡ ਐਂਟੀ ਡੋਪਿੰਗ ਏਜੰਸੀ ਵੱਲੋਂ ਰੱਖੇ ਪ੍ਰਸਤਾਵ ਅਨੁਸਾਰ ਇਸ ਲਈ ਚਾਰ ਸਾਲ ਦੀ ਪਾਬੰਦੀ ਹੀ ਸਜ਼ਾ ਹੈ।



ਜ਼ਿਕਰਯੋਗ ਹੈ ਕਿ 2014 ਵਿੱਚ ਹੋਈਆਂ ਸੋਚੀ ਓਲੰਪਿਕਸ ਖੇਡਾਂ ਵਿੱਚ ਰੂਸੀ ਖਿਡਾਰੀਆਂ ਉੱਤੇ ਡੋਪਿੰਗ ਦੇ ਲੱਗੇ ਦੋਸ਼ਾਂ ਤੋਂ ਬਾਅਦ ਰੂਸ ਦੇ ਖਿਡਾਰੀਆਂ ਉੱਤੇ ਕੌਮਾਂਤਰੀ ਖੇਡਾਂ ਵਿੱਚ ਹਿੱਸਾ ਲੈਣ ਉੱਤੇ ਪਾਬੰਦੀ ਲਾ ਦਿੱਤੀ ਗਈ ਸੀ। ਉਸ ਸਮੇਂ ਇਹ ਪਾਇਆ ਗਿਆ ਸੀ ਕਿ ਰੂਸ ਦੇ ਸਰਕਾਰੀ ਅਧਿਕਾਰੀਆਂ ਨੇ ਮਾਸਕੋ ਦੀ ਟੈਸਟਿੰਗ ਲੈਬੌਰਟਰੀ ਦੇ ਡਾਟਾਬੇਸ ਨਾਲ ਛੇੜਛਾੜ ਕਰਕੇ ਪਿਛਲੇ ਸਾਲ ਵਾਡਾ ਜਾਂਚਕਾਰਾਂ ਨੂੰ ਗਲਤ ਰਿਕਾਰਡ ਮੁਹੱਈਆ ਕਰਵਾਇਆ ਸੀ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿਛਲੇ ਸਾਲ ਰੂਸ ਦੀ ਏਜੰਸੀ ਰੁਸਾਡਾ ਨੂੰ ਗੈਰ ਅਨੁਕੂਲ ਦੱਸਿਆ ਗਿਆ ਸੀ। ਕੋਰਟ ਆਫ ਆਰਬਿਟ੍ਰੇਸ਼ਨ ਫੌਰ ਸਪੋਰਟਸ ਦੇ ਤਿੰਨ ਜੱਜਾਂ ਵੱਲੋਂ ਵੀਰਵਾਰ ਨੂੰ ਇਸ ਫੈਸਲੇ ਨੂੰ ਬਰਕਰਾਰ ਰੱਖਿਆ ਗਿਆ ਹੈ। ਰੁਸਾਡਾ ਨੂੰ ਵਾਡਾ ਨੂੰ 1•27 ਮਿਲੀਅਨ ਡਾਲਰ ਅਦਾ ਕਰਨ ਦੇ ਹੁਕਮ ਵੀ ਦਿੱਤੇ ਗਏ ਸਨ। ਪਿਛਲੇ ਮਹੀਨੇ ਲਾਅਸੇਨ ਵਿੱਚ ਜਦੋਂ ਇਸ ਮਾਮਲੇ ਦੀ ਚਾਰ ਰੋਜ਼ਾ ਸੁਣਵਾਈ ਹੋਈ ਸੀ ਤਾਂ ਰੂਸੀ ਖਿਡਾਰੀਆਂ ਤੇ ਉਨ੍ਹਾਂ ਦੇ ਵਕੀਲਾਂ ਨੇ ਵੀ ਉਸ ਵਿੱਚ ਤੀਜੀ ਧਿਰ ਵਜੋਂ ਹਿੱਸਾ ਲਿਆ ਸੀ। ਉਨ੍ਹਾਂ ਇਹ ਤਰਕ ਦਿੱਤਾ ਸੀ ਕਿ ਖੇਡਾਂ ਵਿੱਚ ਕੰਮ ਨਾ ਕਰਨ ਵਾਲੇ ਸਰਕਾਰੀ ਅਧਿਕਾਰੀਆਂ ਵੱਲੋਂ ਕੀਤੀਆਂ ਗਲਤੀਆਂ ਲਈ ਖਿਡਾਰੀਆਂ ਨੂੰ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ।

ਇਸ ਮਾਮਲੇ ਵਿੱਚ ਰੁਸਾਡਾ ਨੂੰ ਬਹਾਲ ਕਰਨ ਲਈ ਇਹ ਸ਼ਰਤ ਰੱਖੀ ਗਈ ਸੀ ਕਿ ਦਸੰਬਰ 2018 ਤੱਕ ਵਾਡਾ ਨੂੰ ਲੈਬ ਡਾਟਾਬੇਸ ਮੁਹੱਈਆ ਕਰਵਾਇਆ ਜਾਵੇ। ਪਰ ਮਾਸਕੋ ਵਿਚਲੇ ਵਾਡਾ ਦੇ ਜਾਂਚਕਾਰਾਂ ਨੂੰ ਇਸ ਮਿਥੀ ਗਈ ਡੈੱਡਲਾਈਨ ਤੋਂ ਇੱਕ ਮਹੀਨੇ ਬਾਅਦ ਡਾਟਾ ਹਾਸਲ ਹੋਇਆ। ਡੋਪਿੰਗ ਟੈਸਟ ਦੇ ਸਬੂਤ ਤੇ ਈਮੇਲਜ਼ ਨੂੰ ਜਾਂ ਤਾਂ ਡਲੀਟ ਕਰ ਦਿੱਤਾ ਗਿਆ ਸੀ ਤੇ ਜਾਂ ਫਿਰ ਉਨ੍ਹਾਂ ਵਿੱਚ ਤਬਦੀਲੀਆਂ ਕੀਤੀਆਂ ਗਈਆਂ ਸਨ।

## ਭਾਰਤ ਬ੍ਰਿਟੇਨ ਦੇ ਕੋਲ ਖਾਲਿਸਤਾਨ ਸਮੱਰਥਨ ਦਾ ਮੁੱਦਾ ਉਠਾਏਗਾ

ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਵਿਦੇਸ਼ ਮੰਤਰੀ ਡੋਮਿਨਿਕ ਰਾਬ ਕੱਲ੍ਹ ਭਾਰਤ ਆ ਰਹੇ ਹਨ। ਉਹ ਅਗਲੇ ਦੋ ਦਿਨਾਂ ਵਿੱਚ ਵਿਦੇਸ਼ ਮੰਤਰੀ ਐਸ ਜੈਸ਼ੰਕਰ, ਪ੍ਰਕਾਸ਼ ਸਿੰਘ ਜਾਵਡੇਕਰ ਅਤੇ ਸਿੱਖਿਆ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਨਾਲ ਮਿਲਣਗੇ। ਇਸ ਗੱਲ ਦੀ ਸੰਭਾਵਨਾ ਹੈ ਕਿ ਇਨ੍ਹਾਂ ਮੀਟਿੰਗਾਂ ਵਿੱਚ ਬ੍ਰਿਟੇਨ 'ਚ ਭਾਰਤ ਵਿਰੋਧੀ ਅਨਸਰਾਂ ਦੀ ਅਗਵਾਈ ਵਿੱਚ ਖਾਲਿਸਤਾਨ ਦੀ ਹਮਾਇਤ 'ਚ ਹੁੰਦੀਆਂ ਰੈਲੀਆਂ ਦਾ ਮੁੱਦਾ ਚੁੱਕਿਆ ਜਾਵੇਗਾ।

ਵਰਨਣ ਯੋਗ ਹੈ ਕਿ ਭਾਰਤ ਇਸ ਗੱਲ ਤੋਂ ਕਾਫੀ ਚਿੰਤਤ ਹੈ ਕਿ ਬਰਤਾਨੀਆ ਵਿੱਚ ਕੁਝ ਸਿਆਸਤਦਾਨ ਜ਼ਮੀਨੀ ਹਕੀਕਤ ਨੂੰ ਸਮਝੇ ਬਿਨਾਂ ਕਿਸਾਨ ਅੰਦੋਲਨ ਤੇ ਖਾਲਿਸਤਾਨ ਬਾਰੇ ਟਿੱਪਣੀਆਂ ਕਰ ਰਹੇ ਹਨ। ਡੋਮਿਨਿਕ ਰਾਬ ਦੀ ਯਾਤਰਾ ਨੂੰ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਦੀ ਅਗਲੀ ਭਾਰਤ ਯਾਤਰਾ ਦੀਆਂ ਤਿਆਰੀਆਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਬੋਰਿਸ ਜੌਨਸਨ ਅਸਲ ਵਿੱਚ ਭਾਰਤ ਦੇ ਅਗਲੇ ਗਣਤੰਤਰ ਦਿਵਸ 'ਤੇ ਮੁੱਖ ਮਹਿਮਾਨ ਵਜੋਂ ਆਉਣ ਵਾਲੇ ਹਨ। ਭਾਰਤ ਤੇ ਬ੍ਰਿਟੇਨ ਵਿਚਾਲੇ ਕੋਰੋਨਾ ਤੋਂ ਬਾਅਦ ਦੀ ਦੁਨੀਆ 'ਚ ਸਹਿਯੋਗ ਬਾਰੇ ਚਰਚਾਵਾਂ ਦਾ ਦੌਰ ਤੇਜ਼ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬ੍ਰਿਟੇਨ ਨਾਲ ਭਾਰਤ ਦੇ ਸੰਬੰਧਾਂ ਨੂੰ ਨਵੀਂ ਦਿਸ਼ਾ ਦੇਣ ਦੀ ਜਿਹੜੀ ਕੋਸ਼ਿਸ਼ ਕੀਤੀ ਸੀ, ਉਹ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਦੇ ਬਾਹਰ ਨਿਕਲਣ ਦੇ ਅਮਲ ਦੇ ਲਟਕ ਜਾਣ ਅਤੇ ਫਿਰ ਕੋਰੋਨਾ ਦੇ ਕਾਰਨ ਮੁਕੰਮਲ ਰੂਪ ਨਹੀਂ ਲੈ ਸਕੀ ਸੀ।

# 2021 ਐਡਵਾਂਸ ਬਰੈਂਪਟਨ ਫੰਡ ਲਈ ਬਰੈਂਪਟਨ ਨੇ ਖੋਲ੍ਹੀਆਂ ਅਰਜ਼ੀਆਂ

BRAMPTON

ਬਰੈਂਪਟਨ, 17 ਦਸੰਬਰ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਵੱਲੋਂ 2021 ਐਡਵਾਂਸ ਬਰੈਂਪਟਨ ਫੰਡ (ਏ ਬੀ ਐਫ) ਲਈ ਅਰਜ਼ੀਆਂ ਸਵੀਕਾਰੇ ਜਾਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਕਾਊਂਸਲ ਵੱਲੋਂ ਅਕਤੂਬਰ 2020 ਵਿੱਚ ਇਸ ਪ੍ਰੋਗਰਾਮ ਫਰੇਮਵਰਕ ਨੂੰ ਮਨਜ਼ੂਰੀ ਦਿੱਤੀ ਗਈ ਸੀ।

ਸਿਟੀ ਦੇ 2021 ਸਾਲਾਨਾ ਆਪਰੇਟਿੰਗ ਬਜਟ ਨੂੰ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਬਰੈਂਪਟਨ ਸਥਿਤ ਗੈਰ ਮੁਨਾਫੇ ਵਾਲੀਆਂ ਤੇ ਚੈਰੀਟੇਬਲ ਆਰਗੇਨਾਈਜ਼ੇਸ਼ਨਜ਼ ਹੁਣ ਅਜਿਹੇ ਪ੍ਰੋਜੈਕਟਾਂ ਲਈ ਫੰਡ ਹਾਸਲ ਕਰਨ ਵਾਸਤੇ ਅਪਲਾਈ ਕਰ ਸਕਦੀਆਂ ਹਨ ਜਿਹੜੇ ਟਰਮ ਆਫ ਕਾਊਂਸਲ ਪ੍ਰਾਇਓਰਿਟੀ ਉੱਤੇ ਖਰੇ ਉਤਰਨ। ਬਰੈਂਪਟਨ ਸਥਿਤ ਰਜਿਸਟਰਡ ਚੈਰਿਟੀਜ਼, ਇਨਕਾਰਪੋਰੇਟਿਡ ਨੌਨ ਪ੍ਰੌਫਿਟ ਆਰਗੇਨਾਈਜ਼ੇਸ਼ਨਜ਼ ਤੇ ਅਨ-ਇਨਕਾਰਪੋਰੇਟਿਡ ਨੌਨ ਪ੍ਰੌਫਿਟ ਆਰਗੇਨਾਈਜ਼ੇਸ਼ਨਜ਼ ਇਨ੍ਹਾਂ ਫੰਡਾਂ ਲਈ ਅਪਲਾਈ ਕਰ ਸਕਦੀਆਂ ਹਨ। ਇਸ ਲਈ ਤਿੰਨ ਪ੍ਰੋਗਰਾਮ ਵੰਨਗੀਆਂ- ਐਮਰਜਿੰਗ, ਡਿਵੈਲਪਿੰਗ ਤੇ ਐਂਪਲੀਫਾਇੰਗ ਉਪਲਬਧ ਹਨ।

ਡਿਵੈਲਪਿੰਗ ਤੇ ਐਂਪਲੀਫਾਇੰਗ ਪ੍ਰੋਗਰਾਮ ਵੰਨਗੀਆਂ ਲਈ ਪ੍ਰੋਜੈਕਟਾਂ ਵਾਸਤੇ 3 ਫਰਵਰੀ, 2021 ਤੱਕ ਅਰਜ਼ੀਆਂ ਖੋਲ੍ਹ ਦਿੱਤੀਆਂ ਗਈਆਂ ਹਨ :

- ਡਿਵੈਲਪਿੰਗ ਪ੍ਰੋਜੈਕਟਸ ਅਜਿਹੀਆਂ ਆਰਗੇਨਾਈਜ਼ੇਸ਼ਨ ਦੀ ਮਦਦ ਕਰਦੇ ਹਨ ਜਿਨ੍ਹਾਂ ਨੇ ਬਰੈਂਪਟਨ ਵਿੱਚ ਇੱਕ ਵਾਰੀ ਕੋਈ ਪ੍ਰੋਜੈਕਟ ਚਲਾਇਆ ਹੋਵੇ, ਅਜਿਹੀਆਂ ਆਰਗੇਨਾਈਜ਼ੇਸ਼ਨਜ਼ 12,500 ਡਾਲਰ ਦੇ ਬਰਾਬਰ ਫੰਡ ਹਾਸਲ ਕਰਨ ਦੇ ਯੋਗ ਹੋਣਗੀਆਂ।
- ਐਂਪਲੀਫਾਇੰਗ ਪ੍ਰੋਜੈਕਟਸ ਬਰੈਂਪਟਨ ਵਿੱਚ ਪਹਿਲਾਂ ਤੋਂ ਹੀ ਕਾਇਮ ਪ੍ਰੋਜੈਕਟਾਂ ਦੀ ਮਦਦ ਕਰਨਗੇ- ਅਜਿਹੀਆਂ ਆਰਗੇਨਾਈਜ਼ੇਸ਼ਨਜ਼ 25000 ਡਾਲਰ ਦੇ ਬਰਾਬਰ ਫੰਡ ਹਾਸਲ ਕਰਨ ਯੋਗ ਹੋਣਗੀਆਂ।

ਇਸ ਸਾਲ ਐਮਰਜਿੰਗ ਪ੍ਰੋਜੈਕਟ ਵੰਨਗੀ ਨਵੀਂ ਹੈ ਤੇ ਇਹ ਬਰੈਂਪਟਨ ਵਿੱਚ ਨਵੇਂ ਤੇ ਉਭਰ ਰਹੇ ਪ੍ਰੋਜੈਕਟਾਂ ਲਈ ਮਦਦ ਕਰਦੀ ਹੈ। ਇਸ ਲਈ ਤਿਮਾਹੀ ਆਧਾਰ ਉੱਤੇ ਅਰਜ਼ੀਆਂ ਸਵੀਕਾਰੀਆਂ ਜਾਣਗੀਆਂ। ਪਹਿਲੀ ਤਿਮਾਹੀ ਲਈ ਅਰਜ਼ੀਆਂ 4 ਜਨਵਰੀ, 2021 ਨੂੰ ਜਨਵਰੀ ਤੇ ਜੂਨ 2021 ਦਰਮਿਆਨ ਚੱਲਣ ਵਾਲੇ ਪ੍ਰੋਜੈਕਟਸ ਲਈ ਸਵੀਕਾਰੀਆਂ ਜਾਣਗੀਆਂ। ਇਸ ਲਈ ਅਪਲਾਈ ਕਰਨ ਵਾਸਤੇ ਡੈੱਡਲਾਈਨ 29 ਜਨਵਰੀ, 2021 ਰਹੇਗੀ।

ਗ੍ਰਾਂਟ ਰਾਈਟਿੰਗ 101 ਉੱਤੇ ਵਰਕਸ਼ਾਪ 12 ਜਨਵਰੀ, 2021 ਦਿਨ ਮੰਗਲਵਾਰ ਸ਼ਾਮੀਂ 6:30 ਵਜੇ ਆਨਲਾਈਨ ਕਰਵਾਈ ਜਾਵੇਗੀ। ਇਹ ਉਨ੍ਹਾਂ ਦੀ ਮਦਦ ਲਈ ਹੋਵੇਗੀ ਜਿਹੜੇ ਅਪਲਾਈ ਕਰਨਗੇ। ਇਸ ਵਾਸਤੇ ਰਜਿਸਟ੍ਰੇਸ਼ਨ ਜ਼ਰੂਰੀ ਹੈ।

ਟਰਮ ਆਫ ਕਾਊਂਸਲ ਪ੍ਰਾਇਓਰਿਟੀ ਵੱਲੋਂ ਆਯੋਜਿਤ ਇਨਫਰਮੇਸ਼ਨ ਸੈਸ਼ਨਜ਼ ਹੇਠ ਲਿਖੇ ਅਨੁਸਾਰ ਆਨਲਾਈਨ ਕਰਵਾਏ ਜਾਣਗੇ :

- ਬਰੈਂਪਟਨ ਇਜ਼ ਅ ਮੋਜ਼ੇਕ : 13 ਜਨਵਰੀ, 2021 ਦਿਨ ਬੁੱਧਵਾਰ ; ਸ਼ਾਮ 6:00 ਵਜੇ
- ਬਰੈਂਪਟਨ ਇਜ਼ ਅ ਹੈਲਦੀ ਐਂਡ ਸੇਫ ਸਿਟੀ : 14 ਜਨਵਰੀ, 2021 ਦਿਨ ਵੀਰਵਾਰ ; ਸ਼ਾਮ 6:00 ਵਜੇ
- ਬਰੈਂਪਟਨ ਇਜ਼ ਅ ਗ੍ਰੀਨ ਸਿਟੀ : 18 ਜਨਵਰੀ, 2021 ਦਿਨ ਸੋਮਵਾਰ ; ਸ਼ਾਮ 6:00 ਵਜੇ

# ਅਮਰੀਕਾ ਵਿੱਚ ਇੰਟਰਨੈੱਟ ਮੀਡੀਆ ਕੰਪਨੀਆਂ ਉੱਤੇ ਯੂਜ਼ਰਜ਼ ਦਾ ਡਾਟਾ ਦੱਸਣ ਦਾ ਦਬਾਅ ਵਧਿਆ

ਵਾਸ਼ਿੰਗਟਨ, 17 ਦਸੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਇਕ ਫੈਡਰਲ ਰੈਗੂਲੇਟਰੀ ਨੇ ਅੱਜ ਫੇਸਬੁੱਕ, ਟਵਿੱਟਰ, ਐਮਾਜ਼ੋਨ, ਟਿਕਟਾਕ ਅਤੇ ਪੰਜ ਹੋਰ ਇੰਟਰਨੈੱਟ ਮੀਡੀਆ ਕੰਪਨੀਆਂ ਨੂੰ ਇਹ ਦੱਸਣ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਯੂਜ਼ਰਸ ਦਾ ਵਿਅਕਤੀਗਤ ਡਾਟਾ ਕਿਵੇਂ ਮਿਲਦਾ ਹੈ ਅਤੇ ਉਹ ਇਸ ਦੀ ਵਰਤੋਂਕਿਵੇਂ ਕਰਦੀਆਂ ਹਨ। ਕੰਪਨੀਆਂ ਨੂੰ ਇਹ ਦੱਸਣਾ ਹੋਵੇਗਾ ਕਿ ਉਨ੍ਹਾਂ ਦੇ ਏਦਾਂ ਕਰਨ ਨਾਲ ਬੱਚਿਆਂ ਅਤੇ ਵੱਡਿਆਂ ਉੱਤੇ ਕਿੱਦਾਂ ਦਾ ਫਰਕ ਪੈਂਦਾ ਹੈ।

ਵਰਨਣ ਯੋਗ ਹੈ ਕਿ ਫੈਡਰਲ ਟਰੇਡ ਕਮਿਸ਼ਨ (ਐੱਫ ਟੀ ਸੀ) ਨੇ ਟੈਕਨੀਕ ਕੰਪਨੀਆਂ ਦੇ ਖਿੱਚ ਪਾਊ ਬਿਜ਼ਨਸ ਮਾਡਲ ਨੂੰ ਵੇਖ ਕੇ ਇਹੋ ਜਿਹੀ ਕਾਰਵਾਈ ਕੀਤੀ ਹੈ। ਐੱਫ ਟੀ ਸੀ ਦੀ ਰਾਏ ਹੈ ਕਿ ਕੰਪਨੀਆਂ ਆਪਣੇ ਪਲੇਟਫਾਰਮ ਉੱਤੇ ਮੌਜੂਦ ਯੂਜ਼ਰਸ ਦੇ ਡਾਟਾ ਇਸ਼ਤਿਹਾਰ ਦੇਣ ਵਾਲਿਆਂ ਨੂੰ ਦੇਂਦੀਆਂ ਹਨ, ਜਿਸ ਨਾਲ ਉਨ੍ਹਾਂ ਦੀ ਪਹੁੰਚ ਖਪਤਕਾਰਾਂ ਦੇ ਇੱਕ ਵਿਸ਼ੇਸ਼ ਵਰਗ ਤਕ ਹੋ ਸਕੇ। ਕੰਪਨੀਆਂ ਨੂੰ 45 ਦਿਨਾਂ ਵਿੱਚ



ਇਹ ਜਾਣਕਾਰੀ ਦੇਣੀ ਹੋਵੇਗੀ। ਕੰਪਨੀਆਂ ਵੱਲੋਂਦਿੱਤੀ ਜਾਣ ਜਾਣ ਵਾਲੀ ਜਾਣਕਾਰੀ ਉੱਤੇਐੱਫ ਟੀ ਸੀ ਨੇ ਡੂੰਘਾ ਅਧਿਐਨ ਕਰਨ ਦੀ ਯੋਜਨਾ ਬਣਾਈ ਹੈ। ਜਿਨ੍ਹਾਂ ਹੋਰ ਪੰਜ ਕੰਪਨੀਆਂ ਨੂੰ ਜਾਣਕਾਰੀ ਦੇਣ ਲਈ ਕਿਹਾ ਗਿਆ ਹੈ, ਉਨ੍ਹਾਂ ਵਿਚ ਰੇਡਿਟ, ਸਨੈਪ, ਡਿਸਕਾਰਡ, ਵ੍ਹਟਸਐਪ ਅਤੇ ਗੂਗਲ ਦੀ ਮਾਲਕੀ ਵਾਲੀ ਯੂਟਿਊਬ ਵੀ ਸ਼ਾਮਲ ਹਨ। ਵ੍ਹਟਸਐਪ ਦੀ ਮਾਲਕੀ ਜਿੱਥੇ ਫੇਸਬੁੱਕ ਕੋਲ ਹੈ, ਓਥੇ ਸ਼ਾਰਟ ਵੀਡੀਓ ਸ਼ੇਅਰਿੰਗ ਐਪ ਟਿਕਟਾਕ ਦਾ ਮਾਲਕੀ ਹੱਕ ਚੀਨੀ ਕੰਪਨੀ ਬਾਈਟਡਾਂਸ ਕੋਲ ਹੈ। ਰੈਗੂਲੇਟਰ ਤੇ ਅਮਰੀਕੀ ਪਾਰਲੀਮੈਂਟ ਮੈਂਬਰਾਂ ਦਾ ਇੱਕ ਗਰੁੱਪ ਡਾਟਾ ਪਾਵਰ ਅਤੇ ਪ੍ਰਾਈਵੇਸੀਬਾਰੇ ਵੱਡੀਆਂ ਤਕਨੀਕੀ ਕੰਪਨੀਆਂ ਦੇ ਮੁਖੀਆਂ ਦੀ ਜਾਂਚ ਕਰ ਰਿਹਾ ਹੈ।

ਇਸ ਦੌਰਾਨ ਫੈਡਰਲ ਟਰੇਡ ਕਮਿਸ਼ਨ ਨੇ ਕਿਹਾ ਹੈ ਕਿ ਉਹ ਜਾਣਨਾ ਚਾਹੁੰਦਾ ਹੈ ਕਿ ਇੰਟਰਨੈੱਟ ਮੀਡੀਆ ਅਤੇ ਵੀਡੀਓ ਸਟ੍ਰੀਮਿੰਗ ਸੇਵਾਵਾਂ ਦੇਣ ਵਾਲੀਆਂ ਕੰਪਨੀਆਂ ਆਪਣੇ ਯੂਜ਼ਰਸ ਦੀ ਨਿੱਜੀ ਅਤੇ ਡਿਜੀਟਲ ਜਾਣਕਾਰੀ ਨੂੰ ਇਕੱਠਾ ਅਤੇ ਟਰੈਕ ਕਿਵੇਂ ਕਰਦੀਆਂ ਹਨ। ਕਮਿਸ਼ਨ ਨੇ ਆਪਣੇ ਆਦੇਸ਼ ਵਿਚ ਪੁੱਛਿਆ ਹੈ ਕਿ ਆਖਰ ਇਹ ਕੰਪਨੀਆਂ ਇਹ ਕਿਵੇਂ ਤੈਅ ਕਰਦੀਆਂ ਹਨ ਕਿ ਯੂਜ਼ਰਜ਼ ਨੂੰ ਕਿਹੜੇ ਇਸ਼ਤਿਹਾਰ ਜਾਂ ਹੋਰ ਸਮੱਗਰੀਆਂ ਦਿਖਾਈਆਂ ਜਾਣ। ਕੀ ਉਹ ਯੂਜ਼ਰ ਦੀਆਂ ਨਿੱਜੀ ਜਾਣਕਾਰੀਆਂ ਲਈ ਏਲਗੋਰਿਦਮ ਜਾਂ ਡਾਟਾ ਐਨਾਲਿਟਿਕਸ ਦੀ ਵਰਤੋਂ ਕਰਦੀਆਂ ਹਨ। ਉਨ੍ਹਾਂ ਵੱਲੋਂ ਅਜਿਹਾ ਕਰਨ ਨਾਲ ਬੱਚਿਆਂ ਅਤੇ ਵੱਡਿਆਂ ਉੱਤੇ ਕੀ ਪ੍ਰਭਾਵ ਪੈਂਦਾ ਹੈ। ਐੱਫ ਟੀ ਸੀ ਦੇ ਪੰਜ ਮੈਂਬਰਾਂ ਵਿੱਚੋਂ ਤਿੰਨਾਂ ਨੇ ਕਿਹਾ ਕਿ ਇਸ ਤੋਂ ਪਹਿਲੇ ਕਦੇ ਵੀ ਸਾਡੇ ਨਿੱਜੀ ਜੀਵਨ ਵਿਚ ਕਿਸੇ ਕੰਪਨੀ ਦੀ ਅਜਿਹੀ ਘੁਸਪੈਠ ਨਹੀਂਹੋ ਸਕੀ।

# 18 ਦਿਨਾਂ ਲਈ ਮੁੜ ਲਾਕਡਾਊਨ ਲਾਵੇਗਾ ਕਿਊਬਿਕ

ਮਾਂਟਰੀਅਲ, 17 ਦਸੰਬਰ (ਪੋਸਟ ਬਿਊਰੋ) : ਸਾਰੇ ਦੇਸ਼ ਵਾਂਗ ਹੀ ਕਿਊਬਿਕ ਵਾਸੀਆਂ ਨੂੰ ਵੀ ਵੈਕਸੀਨ ਦੇ ਆਉਣ ਨਾਲ ਸੋਮਵਾਰ ਨੂੰ ਵੱਡੀ ਰਾਹਤ ਮਿਲੀ ਹੋਵੇਗੀ ਪਰ ਹਾਲ ਦੀ ਘੜੀ ਉਨ੍ਹਾਂ ਨੂੰ ਨਵੇਂ ਲਾਕਡਾਊਨ ਦਾ ਸਾਹਮਣਾ ਕਰਨਾ ਹੋਵੇਗਾ।



ਕੱਲ੍ਹ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਪ੍ਰੀਮੀਅਰ ਫਰੈਂਕੋਇਸ ਲੀਗਾਲਟ ਨੇ ਐਲਾਨ ਕੀਤਾ ਕਿ ਪ੍ਰੋਵਿੰਸ ਵਿੱਚ ਗੈਰ ਜ਼ਰੂਰੀ ਕਾਰੋਬਾਰ 25 ਦਸੰਬਰ ਤੋਂ 11 ਜਨਵਰੀ ਤੱਕ ਬੰਦ ਰਹਿਣਗੇ। ਇਸ ਸਾਰੀ ਕਵਾਇਦ ਦਾ ਅਸਲ ਮਕਸਦ ਕੋਵਿਡ-19 ਦੀ ਸੈਕਿੰਡ ਵੇਵ ਨੂੰ ਰੋਕਣਾ ਹੈ। ਜਿਹੜੇ ਕਾਰੋਬਾਰ ਖੁੱਲ੍ਹੇ ਰਹਿਣਗੇ ਉਨ੍ਹਾਂ ਵਿੱਚ ਗ੍ਰੌਸਰੀ ਸਟੋਰਜ਼, ਫਾਰਮੇਸੀਜ਼, ਗੈਰਾਜ ਤੇ ਪੈੱਟ ਸਟੋਰਜ਼ ਹੋਣਗੇ।

ਲੀਗਾਲਟ ਵੱਲੋਂ ਇਸ ਲਾਕਡਾਊਨ ਨੂੰ "ਪਾਅਜ਼" ਵਜੋਂ ਬਿਆਨਿਆਂ ਗਿਆ ਤੇ ਉਨ੍ਹਾਂ ਇਹ ਵੀ ਆਖਿਆ ਕਿ ਇਹ ਛੁੱਟੀਆਂ ਤੋਂ ਬ੍ਰੇਕ ਹੋਵੇਗੀ। ਪ੍ਰੋਵਿੰਸ ਦੇ ਐਲੀਮੈਂਟਰੀ ਸਕੂਲਾਂ ਦੀ ਹਾਲੀਡੇਅ ਬ੍ਰੇਕ 11 ਜਨਵਰੀ ਤੱਕ ਵਧਾ ਦਿੱਤੀ ਗਈ ਹੈ। ਪਹਿਲਾਂ ਐਲੀਮੈਂਟਰੀ ਸਕੂਲ 4 ਜਨਵਰੀ ਨੂੰ ਖੋਲ੍ਹੇ ਜਾਣੇ ਸਨ। ਹਾਈ ਸਕੂਲ ਵੀ 17 ਦਸੰਬਰ ਤੋਂ 11 ਜਨਵਰੀ ਤੱਕ ਬੰਦ ਰਹਿਣਗੇ। ਲੀਗਾਲਟ ਨੇ ਇਹ ਵੀ ਚੇਤੇ ਕਰਵਾਇਆ ਕਿ ਬੱਚਿਆਂ ਨੂੰ ਹੋਣ ਵਾਲੀਆਂ ਵਾਧੂ ਛੁੱਟੀਆਂ ਵਿੱਚ ਉਨ੍ਹਾਂ ਨੂੰ ਰਿਮੋਟ ਲਰਨਿੰਗ ਤੇ ਹੋਮਵਰਕ ਵੀ ਕਰਨਾ ਹੋਵੇਗਾ।

ਪ੍ਰੋਵਿੰਸ ਦੇ ਡੇਅਕੇਅਰ ਖੁੱਲ੍ਹੇ ਰਹਿਣਗੇ, ਪਰ ਲੀਗਾਲਟ ਨੇ ਸਾਰੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਘਰ ਰੱਖ ਸਕਦੇ ਹਨ ਉਹ ਅਜਿਹਾ ਹੀ ਕਰਨ। ਇਸ ਤੋਂ ਇਲਾਵਾ ਪ੍ਰਾਈਵੇਟ ਤੇ ਪਬਲਿਕ ਸੈਕਟਰ ਦੇ ਲੱਗਭਗ ਸਾਰੇ ਹੀ ਆਫਿਸ ਵਰਕਰਜ਼ ਨੂੰ 17 ਦਸੰਬਰ ਤੋਂ ਸ਼ੁਰੂ ਕਰਕੇ 11 ਜਨਵਰੀ ਤੱਕ ਘਰ ਤੋਂ ਹੀ ਕੰਮ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਕੁੱਝ ਰੀਜਨਜ਼ ਨੂੰ ਛੱਡ ਕੇ ਪ੍ਰੋਵਿੰਸ ਦੇ ਲੱਗਭਗ ਸਾਰੇ ਹੀ ਰੀਜਨਜ਼ ਨੂੰ ਰੈੱਡ ਜ਼ੋਨ ਵਿੱਚ ਹੀ ਰੱਖਿਆ ਗਿਆ ਹੈ।

# ਫੋਰਟ ਯੌਰਕ ਏਰੀਆ ਦੇ ਪਾਰਕ ਵਿੱਚ ਧਮਾਕੇ ਤੋਂ ਬਾਅਦ ਲੱਗੀ ਅੱਗ

ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ) : ਫੋਰਟ ਯੌਰਕ ਏਰੀਆ ਵਿੱਚ ਇੱਕ ਪਾਰਕ ਵਿੱਚ ਸਥਿਤ ਡੇਰੇ ਵਿੱਚ ਜ਼ਬਰਦਸਤ ਅੱਗ ਲੱਗ ਜਾਣ ਕਾਰਨ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ।




ਲੇਕ ਸ਼ੋਰ ਤੇ ਫੋਰਡ ਯੌਰਕ ਬੋਲੀਵੀਆਰਡ ਉੱਤੇ ਰਾਤੀਂ 9:45 ਉੱਤੇ ਅੱਗ ਲੱਗਣ ਦੀ ਖਬਰ ਮਿਲਣ ਤੋਂ ਬਾਅਦ ਟੋਰਾਂਟੋ ਫਾਇਰ ਸਰਵਿਸ ਪਹੁੰਚੀ। ਸਥਾਨਕ ਵਾਸੀਆਂ ਨੇ ਇਸ ਇਲਾਕੇ ਵਿੱਚ ਅੱਗ ਦੀਆਂ ਉੱਚੀਆਂ ਉੱਚੀਆਂ ਲਪਟਾਂ ਉੱਠਦੀਆਂ ਵੇਖੀਆਂ। ਚਸ਼ਮਦੀਦਾਂ ਨੇ ਦੱਸਿਆ ਕਿ ਜ਼ੋਰਦਾਰ ਧਮਾਕੇ ਦੀ ਆਵਾਜ਼ ਆਉਣ ਤੋਂ ਬਾਅਦ ਅੱਗ ਦੀਆਂ ਉੱਚੀਆਂ ਲਪਟਾਂ ਉੱਠਦੀਆਂ ਵੇਖੀਆਂ ਗਈਆਂ ਤੇ ਸਾਰੇ ਪਾਸੇ ਧੂੰਆਂ ਹੀ ਧੂੰਆਂ ਫੈਲ ਗਿਆ।

ਜਲਦ ਹੀ ਫਾਇਰ ਅਮਲਾ ਅੱਗ ਉੱਤੇ ਕਾਬੂ ਪਾਉਣ ਵਿੱਚ ਸਫਲ ਹੋ ਗਿਆ ਤੇ ਕਿਸੇ ਦੇ ਵੀ ਜ਼ਖ਼ਮੀ ਹੋਣ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਅੱਗ ਲੱਗਣ ਦਾ ਕਾਰਨ ਕੀ ਸੀ।

# ਨਵੀਂ ਟੈਕਸ ਕਟੌਤੀ ਲਈ ਯੋਗ ਹੋ ਸਕਦੇ ਹਨ ਘਰ ਤੋਂ ਕੰਮ ਕਰਨ ਵਾਲੇ ਕਈ ਮਿਲੀਅਨ ਕੈਨੇਡੀਅਨ

ਓਟਵਾ, 17 ਦਸੰਬਰ (ਪੋਸਟ ਬਿਊਰੋ) : ਕੈਨੇਡਾ ਰੈਵਨਿਊ ਏਜੰਸੀ ਨੇ ਨਿਯਮਾਂ ਨੂੰ ਹੋਰ ਸੁਖਾਲਾ ਕਰਦਿਆਂ ਘਰ ਤੋਂ ਕੰਮ ਕਰਨ ਵਾਲੇ ਕਈ ਮਿਲੀਅਨ ਕੈਨੇਡੀਅਨਾਂ ਦੇ ਟੈਕਸ ਵਿੱਚ ਕਟੌਤੀ ਕੀਤੀ ਜਾਵੇਗੀ।




ਨਵੇਂ ਨਿਯਮਾਂ ਤਹਿਤ 2020 ਵਿੱਚ ਘੱਟੋ ਘੱਟ ਲਗਾਤਾਰ ਚਾਰ ਹਫਤਿਆਂ ਤੱਕ ਦੇ ਅਰਸੇ ਲਈ 50 ਫੀ ਸਦੀ ਸਮੇਂ ਵਿੱਚ ਘਰ ਤੋਂ ਕੰਮ ਕਰਨ ਵਾਲੇ ਕੈਨੇਡੀਅਨਾਂ ਨੂੰ ਇਹ ਰਿਆਇਤ ਦਿੱਤੀ ਜਾਵੇਗੀ। ਇਸ ਟੈਕਸ ਕਟੌਤੀ ਲਈ ਯੋਗ ਮੁਲਾਜ਼ਮ ਮਹਾਂਮਾਰੀ ਦੇ ਅਰਸੇ ਦੌਰਾਨ ਘਰ ਤੋਂ ਕੰਮ ਕਰਨ ਬਦਲੇ ਰੋਜ਼ਾਨਾਂ 2 ਡਾਲਰ ਦਾ ਕਲੇਮ ਕਰ ਸਕਦੇ ਹਨ, ਇਸ ਦੇ ਨਾਲ ਹੀ ਮਹਾਂਮਾਰੀ ਕਾਰਨ ਜੇ ਉਨ੍ਹਾਂ ਕਿਸੇ ਹੋਰ ਦਿਨ ਘਰ ਤੋਂ ਕੰਮ ਕੀਤਾ ਹੋਵੇ ਉਸ ਲਈ ਵੀ ਉਹ ਅਜਿਹਾ ਦਾਅਵਾ ਕਰ ਸਕਦੇ ਹਨ। ਉਨ੍ਹਾਂ ਨੂੰ ਵੱਧ ਤੋਂ ਵੱਧ 400 ਡਾਲਰ ਮਿਲ ਸਕਦੇ ਹਨ। ਉਨ੍ਹਾਂ ਦੇ ਇੰਪਲੌਇਰ ਨੂੰ ਕਿਸੇ ਵੀ ਤਰ੍ਹਾਂ ਦੇ ਵਿਸ਼ੇਸ਼ ਫਾਰਮ ਉੱਤੇ ਸਾਈਨ ਨਹੀਂ ਕਰਨੇ ਹੋਣਗੇ।

ਇੱਕੋ ਪਤੇ ਉੱਤੇ ਰਹਿਣ ਵਾਲੇ ਇੱਕ ਤੋਂ ਵੱਧ ਵਿਅਕਤੀ ਇਸ ਕਟੌਤੀ ਲਈ ਦਾਅਵਾ ਕਰ ਸਕਦੇ ਹਨ, ਬਸ਼ਰਤੇ ਉਹ ਇਸ ਦੇ ਯੋਗ ਹੋਣ। ਇਹ ਆਰਜ਼ੀ ਤੇ ਸਾਧਾਰਨ ਕਟੌਤੀ 2020 ਟੈਕਸ ਵਰ੍ਹੇ ਉੱਤੇ ਹੀ ਲਾਗੂ ਹੋਵੇਗੀ। ਕਈ ਕੈਨੇਡੀਅਨ ਵਰਕਰਜ਼ ਨੂੰ ਇਹ ਵੀ ਆਖਿਆ ਗਿਆ ਹੈ ਕਿ ਅਜੇ ਉਨ੍ਹਾਂ ਨੂੰ ਕਈ ਹੋਰ ਮਹੀਨਿਆਂ ਤੱਕ ਘਰ ਤੋਂ ਹੀ ਕੰਮ ਕਰਨਾ ਹੋਵੇਗਾ। ਸੀ ਆਰ ਏ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਚਾਹੁੰਦੇ ਹਨ ਕਿ ਘਰ ਤੋਂ ਕੰਮ ਕਰਨ ਵਾਲੇ ਕੈਨੇਡੀਅਨਾਂ ਦਾ ਅੰਕੜਾ ਭਵਿੱਖ ਵਿੱਚ ਜ਼ਿਆਦਾ ਹੋਵੇ ਤੇ ਇਹ ਮਹਾਂਮਾਰੀ ਸ਼ੁਰੂ ਹੋਣ ਤੋਂ ਪਹਿਲਾਂ ਨਾਲੋਂ ਵੀ ਜ਼ਿਆਦਾ ਹੋਵੇ ਤਾਂ ਚੰਗਾ ਹੈ। ਪਰ ਅਜੇ ਤੱਕ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਇਹ ਸਧਾਰਨ ਕਟੌਤੀ 2021 ਟੈਕਸ ਵਰ੍ਹੇ ਵਿੱਚ ਵੀ ਜਾਰੀ ਰਹੇਗੀ ਜਾਂ ਨਹੀਂ।

ਜਿਹੜੇ ਮੁਲਾਜ਼ਮ ਘਰ ਤੋਂ ਕੰਮ ਕਰਨ ਲਈ ਟੈਕਸ ਕਟੌਤੀ ਦਾ ਲਾਹਾ ਲੈਣਗੇ ਉਹ ਕੰਮ ਉੱਤੇ ਜਾਣ ਲਈ ਆਪਣੀਆਂ ਗੱਡੀਆਂ ਦੀ ਵਰਤੋਂ ਲਈ ਕਿਸੇ ਤਰ੍ਹਾਂ ਦੇ ਖਰਚੇ ਦਾ ਦਾਅਵਾ ਨਹੀਂ ਕਰ ਸਕਣਗੇ। ਜਿਨ੍ਹਾਂ ਨੇ ਘਰ ਤੋਂ ਆਫਿਸ ਦਾ ਕੰਮ ਕਰਨ ਲਈ ਵੱਡੇ ਕਲੇਮ ਕਰਨੇ ਹੋਣਗੇ ਤਾਂ ਉਨ੍ਹਾਂ ਨੂੰ ਟੈਕਸ ਕਟੌਤੀ ਲਈ ਮੌਜੂਦਾ ਮੈਥਡ ਦੀ ਹੀ ਵਰਤੋਂ ਕਰਨੀ ਹੋਵੇਗੀ। ਪਰ ਹੁਣ ਸੀ ਆਰ ਏ ਨੇ ਦੋ ਸੌਖੇ ਫਾਰਮ ( ਟੀ 2200ਐਸ ਤੇ ਟੀ 777ਐਸ)ਵੀ ਕੱਢੇ ਹਨ।

# "ਕੋਵਿਡ-19 ਟੀਕਾਕਰਨ ਦੀ ਸ਼ੁਰੂਆਤ ਨਾਲ ਕੈਨੇਡੀਅਨਾਂ 'ਚ ਉਮੀਦ ਦੀ ਕਿਰਨ ਜਾਗੀ, ਦਸੰਬਰ ਅੰਤ ਤੱਕ ਕਈ ਹਜ਼ਾਰ ਡੋਜ਼ਾਂ ਪਹੁੰਚਣਗੀਆਂ": ਸੋਨੀਆ ਸਿੱਧੂ

## "ਮਹੀਨੇ ਦੇ ਅੰਤ ਤੱਕ ਮੋਡਰਨਾ ਕੰਪਨੀ ਦੇ ਟੀਕੇ ਦੀਆਂ 168,000 ਖੁਰਾਕਾਂ ਕੈਨੇਡਾ ਵਿੱਚ ਪਹੁੰਚਣਗੀਆਂ"

ਬਰੈਂਪਟਨ : ਫਾਈਜ਼ਰ-ਬਾਇਓਐਨਟੈਕ ਕੰਪਨੀ ਵੱਲੋਂ ਬਣਾਈ ਗਈ ਕੋਵਿਡ-19 ਵੈਕਸੀਨ ਦੀ ਪਹਿਲੀ ਖੇਪ ਲੰਘੇ ਵੀਕਐਂਡ ਨੂੰ ਕੈਨੇਡਾ ਪਹੁੰਚ ਗਈ ਹੈ। ਸੋਮਵਾਰ ਨੂੰ ਓਨਟਾਰੀਓ ਤੇ ਕਿਊਬੈਕ ਵਿੱਚ ਪਹਿਲੇ ਗਰੁੱਪ ਨੂੰ ਡੋਜ਼ਾਂ ਦਿੱਤੀਆਂ ਗਈਆਂ ਅਤੇ ਦੇਸ਼ ਦੀ ਸਭ ਤੋਂ ਵੱਡੀ ਟੀਕਾਕਰਣ ਕੈਂਪੇਨ ਦੀ ਸ਼ੁਰੂਆਤ ਹੋਈ ਹੈ।


SONIA SIDHU

ਇਸ ਮੌਕੇ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ ਮਹੀਨੇ ਦੇ ਅੰਤ ਤੱਕ ਮੋਡਰਨਾ ਕੰਪਨੀ ਦੇ ਟੀਕੇ ਦੀਆਂ 168,000 ਖੁਰਾਕਾਂ ਕੈਨੇਡਾ ਵਿੱਚ ਪਹੁੰਚ ਜਾਣਗੀਆਂ ਅਤੇ ਪ੍ਰਵਾਨਗੀ ਮਿਲਣ ਤੋਂ ਬਾਅਦ ਇਨ੍ਹਾਂ ਨੂੰ 48 ਘੰਟਿਆਂ ਵਿੱਚ ਸੂਬਿਆਂ ਅਤੇ ਸ਼ਹਿਰਾਂ ਵਿੱਚ ਵੰਡ ਦਿੱਤਾ ਜਾਵੇਗਾ। ਨਾਲ ਹੀ, ਸਾਡੇ ਕੋਲ ਦੇਸ਼ ਭਰ ਵਿੱਚ ਇਨ੍ਹਾਂ ਡੋਜ਼ਾਂ ਦਾ ਪ੍ਰਬੰਧਨ ਕਰਨ ਲਈ 70 ਸਾਈਟਾਂ ਤਿਆਰ ਹੋ ਚੁੱਕੀਆਂ ਹਨ। ਦੱਸ ਦੇਈਏ ਕਿ ਇਸ ਹਫਤੇ ਦੌਰਾਨ 10 ਸੂਬਿਆਂ 'ਚ ਵੱਖੋ-ਵੱਖ 14 ਸਾਈਟਾਂ ਪਹਿਲਾਂ ਬਣਾਈਆਂ ਗਈਆਂ ਸਨ, ਜਿੰਨ੍ਹਾਂ 'ਤੇ ਕੋਵਿਡ-19 ਵੈਕਸੀਨ ਦੀਆਂ 30,000 ਮੁੱਢਲੀਆਂ ਡੋਜ਼ਾਂ ਦਿੱਤੀਆਂ ਜਾਣ ਦਾ ਪ੍ਰਬੰਧ ਪਹਿਲਾਂ ਹੀ ਕਰ ਲਿਆ ਗਿਆ ਹੈ।

ਇਸ ਪੂਰੇ ਪ੍ਰੋਗਰਾਮ ਦੀ ਨਿਗਰਾਨੀ ਅਤੇ ਪ੍ਰਬੰਧਨ ਦੀ ਜ਼ਿੰਮੇਵਾਰੀ ਤਜ਼ੁਰਬੇਕਾਰ ਅਤੇ ਉੱਘੇ ਫੌਜੀ ਅਧਿਕਾਰੀ ਮੇਜਰ ਜਨਰਲ ਡੈਨੀ ਫੋਰਟਿਨ ਨੂੰ ਸੌਂਪੀ ਗਈ ਹੈ।

ਸੋਨੀਆ ਸਿੱਧੂ ਨੇ ਦੱਸਿਆ ਕਿ ਵੈਕਸੀਨ ਦੀ ਤਰਜੀਹ ਲਾਂਗ ਟਰਮ ਕੇਅਰ ਹੋਮਜ਼ ਅਤੇ ਫਰੰਟਲਾਈਨ ਹੈਲਥ ਕੇਅਰ ਵਰਕਰਾਂ ਨੂੰ ਦਿੱਤੀ ਜਾਵੇਗੀ ਅਤੇ ਇਸ ਤੋਂ ਬਾਅਦ ਸਾਰੇ ਕੈਨੇਡੀਅਨਜ਼ ਲਈ ਇਹ ਵੈਕਸੀਨ ਉਪਲਬਧ ਹੋ ਜਾਵੇਗੀ। ਸੋਨੀਆ ਸਿੱਧੂ ਨੇ ਇਸ ਬਾਰੇ ਗੱਲ ਕਰਦਿਆਂ ਕਿਹਾ ਕਿ ਕੈਨੇਡਾ ਫੈਂਡਰਲ ਸਰਕਾਰ ਇਹ ਗੱਲ ਚੰਗੀ ਤਰ੍ਹਾਂ ਸਮਝਦੀ ਹੈ ਕਿ ਪਿਛਲੇ ਨੌਂ ਮਹੀਨੇ ਸਾਰੀ ਦੁਨੀਆ ਅਤੇ ਕੈਨੇਡੀਅਨਾਂ ਲਈ ਬਹੁਤ ਮੁਸ਼ਕਲ ਭਰੇ ਰਹੇ ਹਨ, ਖ਼ਾਸਕਰ ਲੌਂਗ ਟਰਮ ਹੋਮ ਕੇਅਰ ਅਤੇ ਫਰੰਟਲਾਈਨ ਵਰਕਰਾਂ ਲਈ।

ਪਰ, ਸਾਡੀ ਸਰਕਾਰ ਦੀ ਹਮੇਸ਼ਾ ਤੋਂ ਹੀ ਇਹ ਕੋਸ਼ਿਸ਼ ਰਹੀ ਹੈ ਕਿ ਹਰ ਕਦਮ 'ਤੇ ਕੈਨੇਡੀਅਨਾਂ ਦੀ ਮਦਦ ਲਈ ਖੜ੍ਹਿਆ ਜਾਵੇ। ਕੋਵਿਡ-19 ਦੇ ਸ਼ੁਰੂਆਤੀ ਦਿਨਾਂ ਤੋਂ ਵਿੱਤੀ ਮਦਦ ਦੇਣ ਦੀ ਗੱਲ ਹੋਵੇ ਜਾਂ ਸਭ ਤੋਂ ਜ਼ਿਆਦਾ ਕੰਪਨੀਆਂ ਨਾਲ ਕੋਵਿਡ-19 ਵੈਕਸੀਨ ਸਬੰਧੀ ਖਰੀਦ ਸਮਝੌਤੇ ਕਰਨ ਬਾਰੇ, ਫੈਂਡਰਲ ਸਰਕਾਰ ਨੇ ਕੈਨੇਡੀਅਨਜ਼ ਦੀ ਸਿਹਤ ਅਤੇ ਸੁਰੱਖਿਆ ਲਈ ਹਮੇਸ਼ਾ ਵਚਨਬੱਧਤਾ ਦਿਖਾਈ ਹੈ।

ਕੈਨੇਡਾ 'ਚ ਕੋਵਿਡ-19 ਵੈਕਸੀਨੇਸ਼ਨ ਦੀ ਸ਼ੁਰੂਆਤ ਹੋ ਚੁੱਕੀ ਹੈ, ਜਿਸ ਨਾਲ ਸਾਨੂੰ ਸਾਰਿਆਂ ਨੂੰ ਹੁਣ ਆਸ ਦੀ ਇੱਕ ਕਿਰਨ ਨਜ਼ਰ ਆਉਣ ਲੱਗੀ ਹੈ। ਸੋਨੀਆ ਸਿੱਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਾਈਜ਼ਰ ਅਤੇ ਮੋਡਰਨਾ ਤੋਂ ਇਲਾਵਾ ਐਸਟਰਾਜੈਨੇਕਾ-ਆਕਸਫੋਰਡ ਅਤੇ ਜਾਨਸਨ ਐਂਡ ਜਾਨਸਨ ਵੀ ਸੰਭਾਵੀ ਵੈਕਸੀਨ ਉਮੀਦਵਾਰਾਂ ਦੀ ਸੂਚੀ 'ਚ ਸ਼ਾਮਲ ਹਨ।

ਇਸ ਤੋਂ ਇਲਾਵਾ ਐਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ ਉਹ ਇਹ ਗੱਲ ਸਮਝਦੇ ਹਨ ਕਿ ਅਜੇ ਵੀ ਕਈਆਂ ਦੇ ਮਨ 'ਚ ਵੈਕਸੀਨ ਅਤੇ ਸੁਰੱਖਿਆ ਨੂੰ ਲੈਕੇ ਸਵਾਲ ਹਨ। ਉਹਨਾਂ ਕਿਹਾ ਕਿ ਵੈਕਸੀਨ ਨੂੰ ਪ੍ਰਵਾਨਗੀ ਮਿਲਣ ਤੋਂ ਪਹਿਲਾਂ ਸਖ਼ਤ ਟੈਸਟਿੰਗ ਪ੍ਰਕਿਰਿਆ 'ਚੋਂ ਗੁਜ਼ਰਨਾ ਪੈਂਦਾ ਹੈ, ਜਿਸ 'ਚ ਇਸਦੀ ਹਰ ਪੱਖ ਤੋਂ ਜਾਂਚ ਕੀਤੀ ਜਾਂਦੀ ਹੈ ਅਤੇ ਇਸਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਂਦਾ ਹੈ। ਇਸ ਪ੍ਰਕਿਰਿਆ ਤੋਂ ਬਾਅਦ ਹੀ ਕਿਸੇ ਵੀ ਵੈਕਸੀਨ ਨੂੰ ਹਰੀ ਝੰਡੀ ਦਿੱਤੀ ਜਾਂਦੀ ਹੈ।

ਉਹਨਾਂ ਨੇ ਬਰੈਂਪਟਨ ਸਾਊਥ ਦੇ ਵਸਨੀਕਾਂ ਅਤੇ ਕੈਨੇਡੀਅਨਾਂ ਨੂੰ ਅਪੀਲ ਕੀਤੀ ਕਿ ਇਸ ਮਹਾਂਮਾਰੀ ਦਾ ਖਤਰਾ ਪੂਰੀ ਤਰ੍ਹਾਂ ਟਲਣ ਤੱਕ ਸਾਰਿਆਂ ਨੂੰ ਸੋਸ਼ਲ ਡਿਸਟੈਂਸਿੰਗ, ਮਾਸਕ ਪਾਉਣ ਅਤੇ ਬਾਰ-ਬਾਰ ਹੱਥ ਧੋਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਅਸੀਂ ਰਲ-ਮਿਲ ਕੇ ਇਸ ਮਹਾਂਮਾਰੀ ਨੂੰ ਨਜਿੱਠ ਸਕੀਏ ।

# ਇਟੋਬੀਕੋ ਦੇ ਘਰ ਵਿਚੋਂ ਮਿਲੇ 18 ਮਿਲੀਅਨ ਡਾਲਰ ਦੇ ਡਰਗਜ਼ ਤੇ 65 ਹਥਿਆਰ, ਇੱਕ ਗ੍ਰਿਫਤਾਰ

ਟੋਰਾਂਟੋ,17 ਦਸੰਬਰ (ਪੋਸਟ ਬਿਊਰੋ) : ਇਟੋਬੀਕੋ ਦੇ ਇੱਕ ਅਪਾਰਟਮੈਂਟ ਵਿੱਚੋਂ 18 ਮਿਲੀਅਨ ਡਾਲਰ ਮੁੱਲ ਦੇ ਡਰੱਗਜ਼ ਤੇ 65 ਹਥਿਆਰ ਬਰਾਮਦ ਕਰਨ ਵਿੱਚ ਟੋਰਾਂਟੋ ਪੁਲਿਸ ਨੂੰ ਸਫਲਤਾ ਹਾਸਲ ਹੋਈ ਹੈ। ਟੋਰਾਂਟੋ ਪੁਲਿਸ ਵੱਲੋਂ ਇਸ ਨੂੰ ਆਪਣੀ ਵੱਡੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ।




ਸੁਪਰਡੈਂਟ ਡੌਮੀਨਿਕ ਸਿਨੋਪੋਲੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਹੁਣ ਤੱਕ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸਿਨੋਪੋਲੀ ਨੇ ਆਖਿਆ ਕਿ 22 ਮੇਜਰ ਕ੍ਰਾਈਮ ਯੂਨਿਟ ਦੇ ਮੈਂਬਰਾਂ ਨੂੰ ਇੱਕ ਦਿਨ ਵਿੱਚ ਐਨੀ ਵੱਡੀ ਸਫਲਤਾ ਪਹਿਲਾਂ ਕਦੇ ਹਾਸਲ ਨਹੀਂ ਹੋਈ। ਉਨ੍ਹਾਂ ਟੀਮ ਦੇ ਸਾਰੇ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਆਖਿਆ ਕਿ ਮੁਜਰਮਾਂ ਦੇ ਹੱਥੋਂ ਹਥਿਆਰ ਖੋਹ ਕੇ ਤੇ ਨਸ਼ਿਆਂ ਨੂੰ ਨੌਜਵਾਨਾਂ ਦੇ ਹੱਥ ਵਿੱਚ ਪੈਣ ਤੋਂ ਰੋਕ ਕੇ ਕਈ ਜਾਨਾਂ ਬਚਾਈਆਂ ਗਈਆਂ ਹਨ।

17 ਨਵੰਬਰ ਨੂੰ ਜਾਂਚਕਾਰਾਂ ਨੇ ਪਾਰਕ ਲਾਅਨ ਰੋਡ ਤੇ ਬੈਰੀ ਰੋਡ ਏਰੀਆ ਵਿੱਚ ਸਰਚ ਵਾਰੰਟ ਰਾਹੀਂ ਇੱਕ ਘਰ ਦੀ ਤਲਾਸ਼ੀ ਲਈ। ਇਸੇ ਘਰ ਵਿੱਚੋਂ ਜਾਂਚਕਾਰਾਂ ਨੂੰ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਤੇ ਹਥਿਆਰ ਮਿਲੇ। ਕਬਜੇ ਵਿੱਚ ਲਏ ਗਏ ਗੈਰਕਾਨੂੰਨੀ ਹਥਿਆਰਾਂ ਵਿੱਚ 57 ਹੈਂਡਗੰਨਜ਼ ਤੇ ਅੱਠ ਲਾਂਗ ਗੰਨਜ਼ ਸ਼ਾਮਲ ਹਨ। ਇਸ ਦੇ ਨਾਲ ਹੀ ਹੋਰ ਗੋਲੀ ਸਿੱਕਾ ਵੀ ਬਰਾਮਦ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇੱਥੋਂ 181 ਕਿੱਲੋ ਨਸ਼ੀਲਾ ਪਦਾਰਥ ਬਰਾਮਦ ਹੋਇਆ ਜਿਸ ਦੀ ਬਾਜ਼ਾਰੀ ਕੀਮਤ 18,000 ਡਾਲਰ ਤੋਂ ਵੀ ਵੱਧ ਹੈ।

ਪੁਲਿਸ ਨੇ ਦੱਸਿਆ ਕਿ ਇਸ ਦੌਰਾਨ ਟੋਰਾਂਟੋ ਦੇ 45 ਸਾਲਾ ਡੈਨੀਅਲ ਡੁਬਾਜ਼ਿਕ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਸ ਉੱਤੇ ਸਮਗਲਿੰਗ ਦੇ ਇਰਾਦੇ ਨਾਲ ਡਰੱਗਜ਼ ਰੱਖਣ ਲਈ 70 ਚਾਰਜਿਜ਼ ਤੇ ਹਥਿਆਰ ਰੱਖਣ ਦੇ ਚਾਰਜਿਜ਼ ਲਾਏ ਗਏ ਹਨ। ਉਸ ਨੂੰ 7 ਜਨਵਰੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਹਾਈਵੇਅ 401 'ਤੇ ਚੱਲੀ ਗੋਲੀ ਦੀ ਘਟਨਾ ਦੀ ਪੁਲਿਸ ਕਰ ਰਹੀ ਹੈ ਜਾਂਚ

ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ) : ਅਹਿਮ ਟੋਰਾਂਟੋ ਹਾਈਵੇਅ ਉੱਤੇ ਦੋ ਗੱਡੀਆਂ ਦਰਮਿਆਨ ਚੱਲੀ ਗੋਲੀ ਦੀ ਘਟਨਾ ਦੀ ਪੁਲਿਸ ਜਾਂਚ ਕਰ ਰਹੀ ਹੈ।

ਹਾਈਵੇਅ 401 ਦੇ ਪੱਛਮ ਵਾਲੇ ਪਾਸੇ ਹਾਈਵੇਅ 400 ਦੇ ਨੇੜੇ ਤੇ ਉੱਤਰ ਵਾਲੇ ਰੈਂਪ ਉੱਤੇ ਦੁਪਹਿਰੇ 2:30 ਵਜੇ ਗੋਲੀ ਚੱਲਣ ਦੀ ਰਿਪੋਰਟ ਪੁਲਿਸ ਅਧਿਕਾਰੀਆਂ ਨੂੰ ਮਿਲੀ। ਖਬਰ ਮਿਲਦੇ ਸਾਰ ਪੁਲਿਸ ਦੀਆਂ ਕਈ ਗੱਡੀਆਂ ਮੌਕੇ ਉੱਤੇ ਪਹੁੰਚ ਗਈਆਂ ਤੇ ਉਸ ਗੱਡੀ ਦੀ ਵੀ ਪਛਾਣ ਕਰ ਲਈ ਗਈ ਜਿਸ ਉੱਤੇ ਗੋਲੀ ਚਲਾਈ ਗਈ। ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈਣ ਵਾਲੀ ਟੋਰਾਂਟੋ ਪੁਲਿਸ ਨੇ ਦੱਸਿਆ ਕਿ ਗੋਲੀ ਲੱਗਣ ਕਾਰਨ ਕਾਰ ਨੂੰ ਕਾਫੀ ਨੁਕਸਾਨ ਹੋਇਆ ਪਰ ਅਜੇ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਜਿਸ ਗੱਡੀ ਵਿੱਚੋਂ ਗੋਲੀ ਚੱਲੀ ਸੀ, ਉਹ ਚਾਰ ਦਰਵਾਜ਼ਿਆਂ ਵਾਲੀ ਗ੍ਰੇਅ ਰੰਗ ਦੀ ਸੇਡਾਨ ਦੱਸੀ ਜਾਂਦੀ ਹੈ। ਉਸ ਨੂੰ ਆਖਰੀ ਵਾਰੀ ਹਾਈਵੇਅ 401 ਉੱਤੇ ਪੱਛਮ ਵੱਲ ਜਾਂਦਿਆਂ ਵੇਖਿਆ ਗਿਆ। ਹਾਈਵੇਅ 400 ਉੱਤੇ ਪੱਛਮ ਵੱਲ ਦਾ 401 ਰੈਂਪ ਤੇ ਬਲੈਕ ਕ੍ਰੀਕ ਡਰਾਈਵ ਨੂੰ ਬੰਦ ਕਰ ਦਿੱਤਾ ਗਿਆ ਹੈ। ਕੀਲ ਦੇ ਪੱਛਮ ਵੱਲ ਦੋ ਖੱਬੀਆਂ ਲੇਨਜ਼ ਵੀ ਬੰਦ ਕੀਤੀਆਂ ਗਈਆਂ ਹਨ। ਮਾਮਲੇ ਦੀ ਜਾਂਚ ਚੱਲਣ ਕਾਰਨ ਟਰੈਫਿਕ ਵਿੱਚ ਦੇਰੀ ਹੋਣ ਦੀ ਸੰਭਾਵਨਾ ਹੈ।



# ਚੀਨ ਦਾ ਪੁਲਾੜ ਜਹਾਜ਼ ਚੰਦ ਤੋਂ ਮਿੱਟੀ ਦੇ ਨਮੂਨੇ ਲੈ ਕੇ ਸਫਲਤਾ ਨਾਲ ਪਰਤ ਆਇਆ

ਬੀਜਿੰਗ, 17 ਦਸੰਬਰ, (ਪੋਸਟ ਬਿਊਰੋ)- ਚੀਨ ਦਾ ਚੰਦਰ-ਯਾਨ 'ਚਾਂਗ ਈ-5' ਚੰਦਰਮਾ ਵਾਲੀਮਿੱਟੀ ਦੇ ਨਮੂਨੇ ਲੈਣ ਪਿੱਛੋਂ ਸਫਲਤਾ ਨਾਲ ਧਰਤੀ ਉੱਤੇ ਪਰਤ ਆਇਆ ਹੈ।

ਵਰਨਣ ਯੋਗ ਹੈ ਕਿ ਚੰਦਰਮਾ ਤੋਂ 40 ਸਾਲਤੋਂ ਵੀ ਵੱਧ ਸਮੇਂ ਪਿੱਛੋਂ ਮਿੱਟੀ ਦੇ ਕੁਝ ਨਮੂਨੇ ਧਰਤੀ ਉੱਤੇ ਲਿਆਂਦੇ ਗਏ ਹਨ। ਚੀਨ ਦੀ ਕੌਮੀ ਪੁਲਾੜ ਸੰਸਥਾ (ਸੀਐੱਨਐੱਸਏ) ਅਨੁਸਾਰ 'ਚਾਂਗ ਈ-5' ਮੰਗੋਲੀਆ ਦੇ ਖ਼ੁਦ-ਮੁਖਤਿਆਰ ਖੇਤਰ ਦੇ ਸਿਜਿਵਾਂਗ ਬੈਨਰ ਵਿੱਚ ਸਥਾਨਕ ਸਮੇਂ ਅਨੁਸਾਰ ਦੇਰ ਰਾਤ ਇੱਕ ਵਜ ਕੇ 59 ਮਿੰਟ ਉਤਰਿਆ ਹੈ। ਸੀਐੱਨਐੱਸਏ ਦੇ ਮੁਖੀ ਝਾਂਗ ਕੇਜਨ ਨੇ 'ਚਾਂਗ ਈ-5' ਮੁਹਿੰਮ ਨੂੰ ਪੂਰਾਸਫਲ ਕਿਹਾ ਹੈ। ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਦੇ ਅਨੁਸਾਰ ਚੰਦਰਮਾ ਦੇ ਪੰਧ ਵਿੱਚ ਜਾਣਾ, ਉੱਥੇ ਉਤਰਨਾ ਤੇ ਨਮੂਨੇ ਵਾਪਸ ਲਿਆਉਣ ਦਾ ਚੀਨ ਦਾ ਮੌਜੂਦਾ ਤਿੰਨ-ਪੜਾਵੀ ਚੰਦਰਮਾ ਖੋਜ ਪ੍ਰੋਗਰਾਮ ਸਫਲਤਾ ਨਾਲ ਸਿਰੇ ਚੜ੍ਹ ਗਿਆ। ਇਸ ਦੀ ਸ਼ੁਰੂਆਤ ਸਾਲ 2004 ਵਿੱਚ ਹੋਈ ਸੀ। 'ਚਾਂਗ ਈ-5' ਦੇ ਚਾਰ ਵਿੱਚੋਂ ਦੋ ਮਾਡਿਊਲ ਇੱਕ ਦਸੰਬਰ ਨੂੰ ਚੰਦਰਮਾ ਦੀ ਤਹਿ ਉੱਤੇ ਪੁੱਜੇ ਸਨ ਤੇ ਉਨ੍ਹਾਂ ਨੇ ਉੱਥੇ ਖ਼ੁਦਾਈ ਕਰ ਕੇ ਕਰੀਬ ਦੋ ਕਿਲੋਗ੍ਰਾਮ ਨਮੂਨੇ ਇਕੱਠੇ ਕੀਤੇ ਸਨ। ਇਨ੍ਹਾਂ ਨਮੂਨਿਆਂ ਨੂੰ ਸੀਲਬੰਦ ਕੰਟੇਨਰ ਵਿੱਚ ਰੱਖਿਆ ਅਤੇ ਉਸ ਨੂੰ ਵਾਪਸ ਆਉਣ ਵਾਲੇ ਮਾਡਿਊਲ ਵਿੱਚ ਤਬਦੀਲ ਕੀਤਾ ਗਿਆ ਸੀ। 'ਚਾਂਗ ਈ-5' ਚੰਦਰਮਾ ਦੀ ਤਹਿ ਉੱਤੇ ਪੁੱਜਣ ਵਾਲਾ ਚੀਨ ਦਾ ਤੀਸਰਾ ਵਾਹਨ ਹੈ। ਇਹ ਚੀਨ ਦੇ ਖਾਸ ਪੁਲਾੜ ਪ੍ਰੋਗਰਾਮ ਦੀ ਕੜੀ ਦਾ ਤਾਜ਼ਾ ਮੁਹਿੰਮ ਹੈ। ਇਸ ਮੁਹਿੰਮ ਦੇ ਤਹਿਤ ਭੇਜਿਆ ਗਿਆ 'ਚਾਂਗ ਈ-4' ਚੰਦਰਮਾ ਦੇ ਦੂਰ-ਦੁਰਾਡੇ ਖੇਤਰ ਵਿੱਚ ਪੁੱਜਣ ਵਾਲਾ ਪਹਿਲਾ ਵਾਹਨ ਸੀ। ਇਸ ਤੋਂ ਪਹਿਲਾਂ ਸਾਬਕਾ ਸੋਵੀਅਤ ਰੂਸ ਵੱਲੋਂ ਭੇਜੇ ਗਏ ਰੋਬੋਟ ਵਾਲੇ ਲੂਨਾ 24 ਨਾਂਅ ਦੇ ਪੁਲਾੜ ਵਾਹਨ ਦੇ ਰਾਹੀਂ ਵਿਗਿਆਨਕਾਂ ਨੂੰ ਚੰਦਰਮਾ ਤੋਂ ਲਿਆਂਦੇ ਗਏ ਨਮੂਨੇ ਹਾਸਲ ਹੋਏ ਸਨ।



# ਕਲੀਵਲੈਂਡ ਵਿਚ ਕਿਸਾਨਾਂ ਦੇ ਹੱਕ 'ਚ ਕਾਰ ਰੈਲੀ

ਕਲੀਵਲੈਂਡ, ਦਸੰਬਰ 17: ਐਤਵਾਰ ਨੂੰ ਕਲੀਵਲੈਂਡ ਏਰੀਏ ਦੇ ਸਮੂਹ ਪੰਜਾਬੀ ਭਾਈਚਾਰੇ ਵਲੋਂ ਭਾਰਤ ਵਿਚ ਸੰਘਰਸ਼ ਕਰ ਰਹੇ ਕਿਸਾਨਾਂ ਦੇ ਹੱਕ ਵਿਚ ਇਕ ਕਾਰ ਰੈਲੀ ਦਾ ਆਯੋਜਨ ਕੀਤਾ ਗਿਆ। ਸਭ ਤੋਂ ਪਹਿਲਾਂ ਸੋਲਨ ਦੇ ਕਮਿਊਨਿਟੀ ਸੈਂਟਰ ਵਿਚ ਆਲੇ ਦੁਆਲੇ ਦਾ ਸਮੁੱਚਾ ਪੰਜਾਬੀ ਭਾਈਚਾਰਾ ਇੱਕਠਾ ਹੋਇਆ ਜਿਸ ਵਿਚ ਕੋਲੰਬਸ ਅਤੇ ਸੈਨਸਨਾਈਟੀ ਤੋਂ ਵੀ ਪੰਜਾਬੀ ਪਰਿਵਾਰ ਸ਼ਾਮਲ ਹੋਣ ਲਈ ਆਏ ਹੋਏ ਸਨ। ਇਸ ਇਕੱਠ ਵਿਚ ਵੱਡੀ ਗਿਣਤੀ ਵਿਚ ਲੋਕ ਆਪਣੇ ਪਰਿਵਾਰਾਂ, ਬੱਚਿਆਂ, ਔਰਤਾਂ ਅਤੇ ਬਜੁਰਗਾਂ ਸਮੇਤ ਹਾਜਰ ਸਨ ਜਿਹਨਾਂ ਨੇ ਕਿਸਾਨਾਂ ਦੇ ਹੱਕ ਵਿਚ ਵੱਡੇ ਵੱਡੇ ਪੋਸਟਰ, ਬੈਨਰ ਅਤੇ ਲੋਗੋ ਪਕੜੇਹੋਏ ਸਨ। ਕਾਰ ਰੈਲੀ ਦੇ ਸ਼ੁਰੂ ਵਿਚ ਪ੍ਰਬੰਧਕਾਂ ਵਲੋਂ ਇਸ ਕਾਰ ਰੈਲੀ ਦੇ ਮਨੋਰਥ ਬਾਰੇ ਦੱਸਿਆ ਗਿਆ। ਸਭ ਨੂੰ ਮਾਸਕ ਪਾ ਕੇ ਅਤੇ ਸ਼ੋਸ਼ਲ ਡਿਸਟੈਂਸ ਨੂੰ ਬਰਕਰਾਰ ਰੱਖ ਕੇ ਇਸ ਕਾਰ ਰੈਲੀ ਨੂੰ ਕਾਮਯਾਬ ਕਰਨ ਲਈ ਆਖਿਆ।



ਇਸ ਤੋਂ ਬਾਅਦ ਇਹ ਕਾਰ ਰੈਲੀ ਸੋਲਨ ਤੋਂ ਸ਼ੁਰੂ ਹੋਈ ਜੋ ਵੱਖ ਵੱਖ ਸੜਕਾਂ ਰਾਹੀਂ ਹੁੰਦੀ ਹੋਈ ਕਲੀਵਲੈਂਡ ਡਾਊਨ ਵਿਚ ਪਹੁੰਚੀ। ਸਾਰੇ ਰੂਟ ਦੌਰਾਨ ਪੰਜਾਬੀ ਨੌਜਵਾਨਾਂ ਵਲੋਂ ਕਿਸਾਨਾਂ ਦੇ ਹੱਕ ਵਿਚ ਪੋਸਟਰ ਲਹਿਰਾਏ ਗਏ ਅਤੇ ਬੈਨਰਾਂ ਰਾਹੀਂ ਆਪਣਾ ਸੁਨੇਹਾ ਸਮੁੱਚੇ ਕਲੀਵਲੈਂਡ ਵਾਸੀਆਂ ਨੂੰ ਪਹੁੰਚਾਇਆ। ਇਸ ਕਾਰ ਰੈਲੀ ਵਿਚ 500 ਤੋਂ ਜ਼ਿਆਦਾ ਕਾਰਾਂ ਸਨ। ਬਹੁਤ ਠੰਢੇ ਮੌਸਮ ਦੇ ਬਾਵਜੂਦ ਸਮੁੱਚੇ ਭਾਈਚਾਰੇ ਦੀ ਭਰਵੀਂ ਸ਼ਮੂਲੀਅਤ ਸਦਕਾ ਇਹ ਕਾਰ ਰੈਲੀ ਆਪਣਾ ਪ੍ਰਭਾਵ ਛੱਡਣ ਅਤੇ ਅਮਰੀਕਾ ਵਾਸੀਆਂ ਨੂੰ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਉਹਨਾਂ ਦੇ ਸੰਘਰਸ਼ ਬਾਰੇ ਸੁਚਾਰੂ ਸੁਨੇਹਾ ਪਹੁੰਚਾਣ ਵਿਚ ਕਾਮਯਾਬ ਰਹੀ।









# ਪਾਕਿਸਤਾਨ ਏਅਰਲਾਈਨਜ਼ ਦੇ 15 ਪਾਇਲਟਾਂ ਦੇ ਲਾਇਸੈਂਸ ਰੱਦ, 14 ਉੱਤੇ ਰੋਕ ਲੱਗੀ

## * 110 ਪਾਇਲਟਾਂ ਦੇ ਲਾਇਸੈਂਸ ਮਨਜ਼ੂਰ, 7 ਸੌ ਤੋਂ ਵੱਧ ਕੇਸ ਪੈਂਡਿੰਗ

ਇਸਲਾਮਾਬਾਦ, 17 ਦਸੰਬਰ, (ਪੋਸਟ ਬਿਊਰੋ)- ਪਾਕਿਸਤਾਨ ਇੰਟਰਨੈਸਨਲ ਏਅਰਲਾਈਨਜ਼ ਨੇ ਜਾਅਲੀ ਡਿਗਰੀਆਂ ਦੇ ਵਿਵਾਦ ਵਿਚ ਰੋਕੇ ਗਏ 141 ਪਾਇਲਟਾਂ ਵਿਚੋਂ 110 ਨੂੰ ਜਹਾਜ਼ ਉਡਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਬਾਰੇ ਪਾਕਿਸਤਾਨੀ ਮੀਡੀਆ ਦੀ ਇਕ ਖ਼ਬਰ ਵਿਚ ਅੱਜ ਮੰਗਲਵਾਰ ਦੱਸਿਆ ਗਿਆ ਕਿ ਸੀਨੀਅਰ ਵਕੀਲ ਸਲਮਾਨ ਅਕਰਮ ਰਾਜਾ ਨੇ ਪਾਕਿ-ਸਤਾਨ ਇੰਟਰਨੈਸਨਲ ਏਅਰਲਾਈਨਜ਼ (ਪੀ ਆਈ ਏ) ਵੱਲੋਂ ਕੱਲ੍ਹ ਸੋਮਵਾਰ ਸੁਪਰੀਮ ਕੋਰਟ ਨੂੰ ਪਾਇਲਟਾਂ ਬਾਰੇ ਇਹ ਸੂਚਨਾ ਦਿੱਤੀ ਹੈ। ਚੀਫ ਜਸਟਿਸ ਗੁਲਜ਼ਾਰ ਅਹਿਮਦ ਦੀ ਪ੍ਰਧਾਨਗੀ ਵਾਲੇ ਤਿੰਨ ਮੈਂਬਰੀ ਬੈਂਚ ਨੇ ਪੀ ਆਈ ਏ ਦੇ ਚੀਫ ਕਾਰਜਕਾਰੀ ਅਧਿਕਾਰੀ ਏਅਰ ਮਾਰਸ਼ਲ ਅਰਸ਼ਦ ਮਲਿਕ ਦੀ ਅਪੀਲ ਬਾਰੇ ਸੁਣਵਾਈ ਕੀਤੀ ਸੀ। ਮਲਿਕ ਨੇ ਇਹ ਅਪੀਲ ਸਿੰਧ ਹਾਈ ਕੋਰਟ ਦੇ ਹੁਕਮ ਦੇ ਖ਼ਿਲਾਫ਼ ਦਰਜ ਕੀਤੀ ਸੀ।

## ਅੱਜ ਨਾਮਾ >>

ਹੇਠੀ ਕੇਂਦਰ ਸਰਕਾਰ ਦੀ ਹੋਈ ਬਾਹਲੀ,
ਦਿੱਤੀ ਕੋਰਟ ਨੇ ਕੋਈ ਨਹੀਂ ਢਿੱਲ ਬੇਲੀ।
ਕੋਈ ਨਹੀਂ ਦਿੱਤੀ ਦਲੀਲ ਹੈ ਰਾਸ ਆਈ,
ਲਾਇਆ ਬਾਹਲਾ ਵਕੀਲਾਂ ਸੀ ਟਿੱਲ ਬੇਲੀ।
ਜਿਹੜੇ ਨਵੇਂ ਸਰਕਾਰੀ ਕਾਨੂੰਨ ਆ ਗਏ,
ਦਿੱਸਿਆ ਉਨ੍ਹਾਂ ਦਾ ਲਾਭ ਹੈ ਨਿੱਲ ਬੇਲੀ।
ਲੋਕਤੰਤਰ ਲਈ ਜ਼ਰਾ ਜਿਹੀ ਸਮਝ ਹੁੰਦੀ,
ਜਾਂਦੀ ਸੁਣ ਕੇ ਸਰਕਾਰ ਇਹ ਹਿੱਲ ਬੇਲੀ।
ਚੜ੍ਹ ਕੇ ਘੋੜੇ ਘੁਮੰਡ ਦੇ ਫਿਰਨ ਜਿਹੜੇ,
ਆਈ ਅਜੇ ਨਾ ਅਕਲ ਤਾਂ ਆਵਣੀ ਨਾ।
ਜਿਹੜੀ ਜ਼ਿਦ ਨਿਕੰਮੀ ਆ ਕਰਨ ਲੱਗੇ,
ਕਦੇ ਵੀ ਸਿਰੇ ਚੜ੍ਹਾਈ ਤਾਂ ਜਾਵਣੀ ਨਾ।

ਤੀਸ ਮਾਰ ਖਾਂ

# ਸੁਪਰੀਮ ਕੋਰਟ ਨੇ ਰੋਸ ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਅਧਿਕਾਰ ਮੰਨਿਆ

### *ਤਿੰਨ ਖੇਤੀ ਕਾਨੂੰਨਾਂ ਦੇ ਜਾਇਜ਼ ਹੋਣ ਦਾ ਫੈਸਲਾ ਅਜੇ ਨਹੀਂ



ਨਵੀਂ ਦਿੱਲੀ, 17 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਦੇਸ਼ ਦੇ ਕਿਸਾਨਾਂ ਦਾ ਪ੍ਰਦਰਸ਼ਨ ਕਰਨ ਦਾ ਅਧਿਕਾਰ ਅੱਜ ਪ੍ਰਵਾਨ ਕਰ ਲਿਆ ਹੈ, ਪਰ ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਜਾਇਜ਼ ਹੋਣ ਜਾਂ ਨਾ ਹੋਣ ਵਾਲਾ ਫੈਸਲਾ ਹਾਲ ਦੀ ਘੜੀ ਨਹੀਂ ਹੋ ਸਕਿਆ, ਇਹ ਬਾਅਦ ਵਿੱਚ ਕੀਤਾ ਜਾਵੇਗਾ।

ਦੇਸ਼ ਦੀ ਰਾਜਧਾਨੀ ਦਿੱਲੀ ਦੇ ਬਾਰਡਰਾਂ ਉੱਤੇ ਚੱਲ ਰਹੇ ਕਿਸਾਨ ਸੰਘਰਸ਼ ਦੇ ਦੌਰਾਨ ਖੇਤੀ ਕਾਨੂੰਨਾਂ ਦੇ ਬਾਰੇ ਅੱਜ ਹੋਈ ਸੁਣਵਾਈ ਮੌਕੇ ਭਾਰਤ ਦੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਇਸ ਸਮੇਂ ਕਾਨੂੰਨਾਂ ਦੇ ਜਾਇਜ਼ ਹੋਣ ਦਾ ਫੈਸਲਾ ਨਹੀਂ ਕੀਤਾ ਜਾ ਰਿਹਾ। ਕੋਰਟ ਨੇ ਕਿਹਾ ਕਿ ਸਭ ਤੋਂ ਪਹਿਲਾਂ ਤੇ ਇਕੋ ਫੈਸਲਾ ਅਸੀਂ ਕਿਸਾਨਾਂ ਵੱਲੋਂ ਚੱਲਦੇ ਵਿਰੋਧ ਪ੍ਰਦਰਸ਼ਨਾਂ ਤੇ ਆਮ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦਾਕਰਨਾ ਹੈ। ਸੰਵਿਧਾਨਕ ਪੱਖ ਤੋਂ ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀਕਾਨੂੰਨਾਂ ਦੇ ਜਾਇਜ਼ਹੋਣ ਬਾਰੇ ਅਸੀਂ ਉਡੀਕ ਕਰ ਸਕਦੇ ਹਾਂ।

ਇਸਤੋਂ ਪਹਿਲਾਂਬੁੱਧਵਾਰ ਸੁਪਰੀਮ ਕੋਰਟ ਨੇ ਸੰਕੇਤ ਦਿੱਤਾ ਸੀ ਕਿ ਉਹ ਇੱਕ ਕਮੇਟੀ ਬਣਾਈ ਜਾ ਸਕਦੀ ਹੈ, ਜਿਸ ਵਿੱਚ ਕਿਸਾਨ ਜਥੇਬੰਦੀਆਂ ਦੇ ਪ੍ਰਤੀਨਿਧ ਲਾਏ ਜਾਣਗੇ, ਤਾਂ ਜੋ ਇਸ ਅੜਿੱਕੇ ਨੂੰ ਤੋੜ ਕੇ ਕਿਸਾਨਾਂ ਦਾ ਧਰਨਾ ਖਤਮ ਕਰਵਾਇਆ ਜਾ ਸਕੇ। ਅੱਜ ਦੀ ਸੁਣਵਾਈ ਦੌਰਾਨ ਚੀਫ ਜਸਟਿਸ ਐੱਸ ਏ ਬੋਬੜੇ ਨੇ ਕਿਹਾ ਕਿ ਕਿਸਾਨਾਂ ਨੂੰ ਰੋਸ ਵਜੋਂ ਵਿਰੋਧ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ, ਪਰ ਇਹ ਕਿਵੇਂ ਹੋਵੇ, ਇਸ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਰੋਸ ਪ੍ਰਦਰਸ਼ਨ ਕਰਨ ਦੇ ਅਧਿਕਾਰ ਨੂੰ ਘਟਾ ਨਹੀਂ ਸਕਦੇ, ਸਿਰਫ ਇੱਕ ਚੀਜ਼ ਵੱਲ ਵੇਖ ਸਕਦੇ ਹਨ ਕਿ ਇਸ ਨਾਲ ਕਿਸੇ ਹੋਰ ਦੀ ਜ਼ਿੰਦਗੀ ਨੂੰ ਨੁਕਸਾਨ ਨਹੀਂ ਪਹੁੰਚਣਾ ਚਾਹੀਦਾ।

ਇਸ ਦੇ ਬਾਅਦ ਕਿਸਾਨ ਅੰਦੋਲਨ ਬਾਰੇ ਸੁਣਵਾਈ ਸੁਪਰੀਮ ਕੋਰਟ ਨੇ ਮੁਲਤਵੀ ਕਰ ਦਿੱਤੀ ਹੈ। ਅਦਾਲਤ ਵਿੱਚ ਕਿਸੇ ਵੀ ਕਿਸਾਨ ਸੰਗਠਨ ਦੀ ਗੈਰ ਹਾਜ਼ਰੀ ਕਾਰਨ ਕਮੇਟੀ ਦਾ ਫੈਸਲਾ ਨਹੀਂ ਹੋ ਸਕਿਆ। ਕੋਰਟ ਦਾ ਕਹਿਣਾ ਹੈ ਕਿ ਉਹ ਕਿਸਾਨਾਂ ਨਾਲ ਗੱਲ ਕਰਨ ਤੋਂ ਬਾਅਦ ਆਪਣਾ ਫੈਸਲਾ ਦੇਣਗੇ। ਇਸ ਤੋਂ ਇਲਾਵਾ ਕੋਰਟ ਨੇ ਕਿਹਾ ਕਿਸੁਪਰੀਮ ਕੋਰਟ ਵਿੱਚ ਸਰਦੀਆਂ ਦੀ ਛੁੱਟੀਆਂ ਹੋਣ ਕਾਰਨਇਸ ਕੇਸ ਦੀ ਲਈ ਅਗਲੀ ਸੁਣਵਾਈ ਛੁੱਟੀਆਂ ਦਾ ਬੈਂਚ ਸੁਣੇਗਾ।

ਕੇਂਦਰ ਸਰਕਾਰ ਵੱਲੋਂ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਵਿੱਚ ਕਿਹਾ ਕਿ ਰੋਸ ਪ੍ਰਦਰਸ਼ਨ ਕਰਦੇ ਲੋਕਾਂ ਵਿਚੋਂ ਕੋਈ ਵੀ ਮਾਸਕ ਨਹੀਂ ਪਹਿਨਦਾ, ਉਹ ਵੱਡੀ ਗਿਣਤੀ ਵਿੱਚ ਇਕੱਠੇ ਬੈਠਦੇ ਹਨ ਅਤੇ ਕੋਰੋਨਾ ਮਹਾਂਮਾਰੀ ਚਿੰਤਾ ਦਾ ਵਿਸ਼ਾ ਹੈ। ਉਹ ਪਿੰਡਾਂ ਨੂੰ ਜਾਣਗੇ ਤਾਂ ਉਥੇ ਕੋਰੋਨਾ ਫੈਲਾਉਣਗੇ। ਕਿਸਾਨ ਵੀ ਹੋਰ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦਾ ਉਲੰਘਣ ਨਹੀਂ ਕਰ ਸਕਦੇ। ਇਸ ਮੌਕੇ ਜਦੋਂ ਅਟਾਰਨੀ ਜਨਰਲ ਨੇ ਕਿਹਾ ਕਿ ਧਰਨਾ ਲੱਗਾ ਹੋਣ ਕਾਰਨ ਇਸ ਕੇਸ ਦੀ ਸੁਣਵਾਈ ਸ਼ਨੀਵਾਰ ਨੂੰ ਕਰ ਲਵੋ ਤਾਂ ਚੀਫ ਜਸਟਿਸ ਨੇ ਕਿਹਾ ਕਿ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਦਿੱਲੀ ਵਿੱਚ ਜਾਣਦੇਣਾ ਹੈ ਜਾਂ ਨਹੀਂ,ਜਿਸ ਦਾ ਤੁਸੀਂ ਵਿਰੋਧ ਕਰਦੇ ਹੋ,ਇਹ ਪੁਲਿਸ ਦਾ ਕੰਮ ਹੋਵੇਗਾ, ਅਦਾਲਤ ਜਾਂ ਸਰਕਾਰ ਦਾ ਨਹੀਂ। ਚੀਫ ਜਸਟਿਸ ਨੇ ਭਾਰਤੀ ਕਿਸਾਨ ਯੂਨੀਅਨ (ਭਾਨੂੰ) ਦੇ ਵਕੀਲ ਨੂੰ ਕਿਹਾ ਕਿ ਅਸੀਂ ਕਿਸਾਨਾਂ ਨੂੰ ਵਿਰੋਧ ਪ੍ਰਦਰਸ਼ਨ ਕਰਨ ਤੋਂ ਨਹੀਂ ਰੋਕ ਰਹੇ,ਤੁਸੀਂ ਵਿਰੋਧ ਕਰੋ, ਪਰ ਰੋਸ ਪ੍ਰਦਰਸ਼ਨ ਦਾ ਇੱਕ ਉਦੇਸ਼ ਹੈ, ਤੁਸੀਂ ਸਿਰਫ ਧਰਨੇ ਉੱਤੇ ਨਹੀਂ ਬੈਠ ਸਕਦੇ, ਤੁਹਾਨੂੰ ਗੱਲਬਾਤ ਲਈ ਅੱਗੇ ਆਉਣਾ ਚਾਹੀਦਾ ਹੈ, ਸਾਡੀ ਵੀ ਕਿਸਾਨਾਂ ਨਾਲ ਹਮਦਰਦੀ ਹੈ, ਅਸੀਂ ਸਿਰਫ ਸਾਂਝਾ ਹੱਲ ਚਾਹੁੰਦੇ ਹਾਂ। ਚੀਫ ਜਸਟਿਸ ਨੇ ਕਿਹਾ ਕਿ ਜੇ ਲੋਕ ਪ੍ਰਦਰਸ਼ਨ ਲਈ ਰਾਮ ਲੀਲਾ ਮੈਦਾਨ ਜਾਣਤਾਂ ਇਹ ਨਹੀਂ ਕਹਿ ਸਕਦੇ ਕਿ ਸ਼ਾਂਤੀ ਕਾਇਮਰਹੇਗੀ ਜਾਂ ਨਹੀਂ। ਸਾਲ 1989 ਵਿੱਚ ਮਹਾਰਾਸ਼ਟਰ ਦੇ ਕਿਸਾਨਾਂ ਦਾ ਇੱਕ ਪ੍ਰਦਰਸ਼ਨ ਬਾਅਦ ਵਿੱਚ ਵੱਡੇ ਪੱਧਰ ਉੱਤੇ ਫੈਲ ਗਿਆ ਸੀ, ਉਸ ਵਿੱਚ ਬਹੁਤ ਸਾਰੇ ਲੋਕ ਸਨ ਤੇ ਕੁਝ ਵੀ ਹੋ ਸਕਦਾ ਸੀ।

ਇਸ ਤੋਂ ਪਹਿਲਾਂ ਭਾਰਤੀ ਕਿਸਾਨ ਯੂਨੀਅਨ (ਭਾਨੂ) ਵੱਲੋਂ ਏਪੀ ਸਿੰਘ ਨੇ ਬਹਿਸ ਸ਼ੁਰੂਕੀਤੀ, ਜਿਸ ਦੇ ਬਾਅਦ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਪੀ. ਚਿਦੰਬਰਮ ਨੇ ਕਿਹਾ ਕਿ ਕਿਸਾਨਾਂ ਨੇ ਰਸਤਾ ਹੀਨਹੀਂ ਰੋਕਿਆ, ਦਿੱਲੀ ਪੁਲਿਸ ਨੇ ਰੋਕਿਆ ਹੈ, ਕਿਸਾਨ ਦਿੱਲੀ ਆਉਣਾ ਚਾਹੁੰਦੇ ਹਨ। ਚੀਫ ਜਸਟਿਸ ਨੇ ਕਿਹਾ ਕਿ ਅਦਾਲਤ ਏਦਾਂ ਦੀ ਭੀੜ ਨੂੰ ਕਾਬੂ ਨਹੀਂ ਕਰ ਸਕਦੀ, ਇਹ ਕੰਮ ਪੁਲਸ ਉੱਤੇ ਛੱਡ ਦੇਣਾ ਚਾਹੀਦਾ ਹੈ। ਪੀ. ਚਿਦੰਬਰਮ ਨੇ ਕਿਹਾ ਕਿ ਜੇ ਅਦਾਲਤ ਇਸ ਮਸਲੇ ਦੇ ਹੱਲ ਬਾਰੇ ਕੋਈ ਕਮੇਟੀ ਬਣਾਵੇਗੀ ਤਾਂ ਪੰਜਾਬ ਸਰਕਾਰ ਨੂੰ ਕੋਈ ਇਤਰਾਜ਼ ਨਹੀਂ। ਸੀਨੀਅਰ ਵਕੀਲ ਸਾਲਵੇ ਨੇ ਕਿਹਾ ਕਿ ਜਦੋਂ ਤੁਸੀਂ ਬਾਰਡਰ ਬੰਦ ਕਰ ਦਿੰਦੇ ਹੋ ਤਾਂ ਤੁਸੀਂ ਦਿੱਲੀ ਨੂੰ ਰੋਕ ਦੇਵੋਗੇ। ਚੀਫ ਜਸਟਿਸ ਨੇ ਪੁੱਛਿਆ ਕਿ ਕੀ ਇਹ ਸਹੀ ਹੈ ਕਿ ਜੇ ਕਿਸਾਨ ਕਿਸੇ ਰਸਤੇ ਉੱਤੇ ਬੈਠੇ ਹਨ ਤੁ ਪੂਰਾ ਸ਼ਹਿਰ ਪ੍ਰਭਾਵਤ ਹੁੰਦਾ ਹੈ? ਇਸ ਬਾਰੇਅਟਾਰਨੀ ਜਨਰਲ ਨੇ ਕਿਹਾ ਕਿ ਕਿਸਾਨਾਂ ਨੇ ਬਾਰਡਰ ਬੰਦ ਕੀਤਾ ਪਿਆ ਹੈ। ਉਨ੍ਹਾ ਕਿਹਾ ਕਿ ਟਿੱਕਰੀ ਤੇਸਿੰਘੂ ਬਾਰਡਰ ਨੂੰ ਪੂਰੀ ਤਰ੍ਹਾਂ ਰੋਕ ਦਿੱਤੇ ਗਏ ਹਨ। ਅਟਾਰਨੀ ਜਨਰਲ ਨੇ ਕਿਹਾ ਕਿ ਕੋਵਿਡ-19 ਬਾਰੇ ਮਹੱਤਵ ਪੂਰਨ ਚਿੰਤਾ ਹੈ। ਇਸ ਵਿਰੋਧ ਪ੍ਰਦਰਸ਼ਨ ਨੂੰ ਮਾਸਕ ਪਾਉਣ ਜਾਂ ਸਮਾਜਕ ਦੂਰੀ ਤੋਂ ਬਿਨਾਂ ਨਹੀਂ ਚੱਲਣ ਦਿੱਤਾ ਜਾ ਸਕਦਾ।

ਚੀਫ ਜਸਟਿਸ ਨੇ ਕਿਹਾ ਕਿ ਸਾਨੂੰ ਕੱਲ੍ਹ ਪਤਾ ਲੱਗਾ ਹੈ ਕਿ ਸਰਕਾਰ ਗੱਲਬਾਤ ਕਰਕੇ ਇਸ ਮਸਲੇ ਦਾ ਹੱਲ ਲੱਭਣ ਤੋਂ ਅਸਮਰਥ ਹੈ। ਅਟਾਰਨੀ ਜਨਰਲ ਨੇ ਕਿਹਾ ਕਿ ਇਹ ਇਸ ਲਈ ਕਿ ਕਿਸਾਨ ਸੰਗਠਨ ਅੜੇ ਹੋਏ ਹਨ। ਅਦਾਲਤ ਨੇ ਕਿਹਾ ਕਿ ਅਸੀਂ ਸੋਚ ਰਹੇ ਹਾਂ ਕਿ ਇੱਕ ਕਮੇਟੀ ਬਣਾਈ ਜਾਵੇ, ਜਿਸ ਵਿੱਚ ਨਿਰਪੱਖ ਲੋਕ ਹੋਣ ਤੇ ਇਸ ਕਮੇਟੀ ਦੇ ਲੋਕ ਆਪਣੀ ਰਿਪੋਰਟ ਦੇਣ, ਪਰ ਇਹ ਯਾਦ ਰੱਖੋ ਕਿ ਪੁਲਿਸ ਨੂੰ ਹਿੰਸਾ ਨਹੀਂ ਕਰਨੀ ਚਾਹੀਦੀ।

ਦੂਸਰੇ ਪਾਸੇਦਿੱਲੀ ਹਾਈ ਕੋਰਟ ਨੇ ਵਿਰੋਧ ਪ੍ਰਦਰਸ਼ਨ ਤੋਂ ਕਿਸਾਨਾਂ ਨੂੰ ਹਟਾਉਣ ਲਈ ਪੇਸ਼ ਹੋਈ ਪਟੀਸ਼ਨ ਦੀ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਹੈ। ਕੋਰਟ ਨੇ ਕਿਹਾ ਕਿ ਅਸੀਂ ਕੇਂਦਰ ਸਰਕਾਰ ਨਹੀਂ, ਅਸੀਂ ਇਸ ਪਟੀਸ਼ਨ ਉੱਤੇ ਸੁਣਵਾਈ ਨਹੀਂ ਕਰਾਂਗੇ। ਦਿੱਲੀ ਹਾਈ ਕੋਰਟ ਨੇ ਸੁਣਵਾਈ ਕਰਨ ਤੋਂ ਇਹ ਕਹਿ ਕੇ ਇਨਕਾਰ ਕੀਤਾ ਕਿ ਸੁਪਰੀਮ ਕੋਰਟ ਇਸ ਕੇਸ ਨੂੰ ਗੰਭੀਰਤਾ ਨਾਲ ਦੇਖ ਰਹੀ ਹੈ, ਇਸ ਲਈ ਇਸਉੱਤੇ ਸੁਣਵਾਈ ਦਾ ਕੋਈ ਆਧਾਰਹੀ ਨਹੀਂ ਹੈ।

# ਬੀਬੀ ਜਗੀਰ ਕੌਰ ਦੇ ਖਿਲਾਫ ਕਿਸਾਨ ਜਥੇਬੰਦੀਆਂ ਭੜਕੀਆਂ

### * ਅਕਾਲ ਤਖਤ ਦੇ ਜਥੇਦਾਰ ਤੋਂ ਬੀਬੀ ਵਿਰੁੱਧ ਕਾਰਵਾਈ ਦੀ ਮੰਗ



ਨਵੀਂ ਦਿੱਲੀ, 17 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਬਾਰਡਰ ਉੱਤੇ ਸੰਘਰਸ਼ ਕਰਦੀਆਂ ਕਿਸਾਨ ਜਥੇਬੰਦੀਆਂ ਨੇ ਅੱਜ ਸਾਂਝੀ ਪ੍ਰੈੱਸ ਕਾਨਫਰੰਸ ਕਰਦਿਆਂ ਕਿਹਾ ਕਿ ਬੀਬੀ ਜਗੀਰ ਕੌਰ ਨੇ ਸੰਘਰਸ਼ ਕਰਦੇ ਕਿਸਾਨਾਂ ਬਾਰੇ ਜਿੱਦਾਂ ਦਾ ਬਿਆਨ ਦਿੱਤਾ ਹੈ, ਉਹ ਨਿੰਦਾ ਕਰਨ ਯੋਗ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਬੀਬੀ ਜਗੀਰ ਕੌਰ ਉੱਤੇ ਕਾਰਵਾਈ ਕਰਨ।

ਵਰਣਨ ਯੋਗ ਹੈ ਕਿ ਅੱਜ ਇੱਕ ਵੈੱਬ ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ ਬੀਬੀ ਜਗੀਰ ਕੌਰ ਨੇ ਕਿਹਾ ਸੀ ਕਿ ਕਿਸਾਨਾਂ ਦੇ ਸੰਘਰਸ਼ ਲਈ ਅਕਾਲੀ ਦਲ ਆਪ ਅੱਗੇ ਇਸ ਲਈ ਨਹੀਂ ਆਇਆ ਕਿ ਸਿਆਸਤ ਕਰਨ ਦਾ ਦੋਸ਼ ਨਾ ਲੱਗੇ ਅਤੇ ਇਨ੍ਹਾਂ ਜਥੇਬੰਦੀਆਂ ਨੂੰ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਅੱਗੇ ਕੀਤਾ ਹੈ, ਜਿਨ੍ਹਾਂ ਲਈ ਲੰਗਰ ਸਮੇਤ ਹਰ ਤਰ੍ਹਾਂ ਦੀ ਮਦਦ ਲਗਾਤਾਰ ਭੇਜੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਜਗੀਰ ਕੌਰ ਨੇ ਇੱਕ ਧਾਰਮਿਕ ਸੰਸਥਾ ਦੇ ਪ੍ਰਧਾਨ ਹੁੰਦੇ ਹੋਏ ਅਸਲੋਂ ਕੋਰਾ ਝੂਠ ਬੋਲਿਆ ਹੈ, ਜਿਸ ਨਾਲ ਸਮਾਜ ਵਿੱਚ ਗਲਤ ਪ੍ਰਭਾਵ ਗਿਆ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਬੀਬੀ ਜਗੀਰ ਕੌਰ ਦੇ ਇਸ ਤਰ੍ਹਾਂ ਦੇ ਬਿਆਨ ਨੂੰ ਬਰਦਾਸ਼ਤ ਨਹੀਂ ਕਰਨਗੀਆਂ।ਉਨ੍ਹਾਂ ਕਿਹਾ ਕਿ ਬੀਬੀ ਜਗੀਰ ਕੌਰ ਸਿੱਖਾਂ ਦੀ ਉੱਚ ਸੰਸਥਾ ਦੇ ਮੁਖੀ ਹਨ, ਉਨ੍ਹਾਂ ਵੱਲੋਂ ਬੋਲਿਆ ਗਿਆ ਝੂਠ ਬਹੁਤ ਹੀ ਨਿੰਦਣਯੋਗ ਹੈ, ਜਿਸ ਵਿਰੁੱਧ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ।

ਇਸ ਦੌਰਾਨ ਅੱਜ ਕਿਸਾਨ ਜਥੇਬੰਦੀਆਂ ਨੇ ਦਿੱਲੀ ਬਾਰਡਰ ਉੱਤੇ ਸਟੇਜ ਨਹੀਂ ਚਲਾਈ। ਉਨ੍ਹਾਂ ਦੱਸਿਆ ਕਿ ਸੰਤ ਰਾਮ ਸਿੰਘ, ਜਿਨ੍ਹਾਂ ਨੇ ਕਿਸਾਨਾਂ ਲਈ ਬੁੱਧਵਾਰ ਨੂੰ ਜਾਨ ਦੇ ਦਿੱਤੀ ਸੀ, ਦੀ ਯਾਦ ਵਿੱਚ ਸਾਰਾ ਦਿਨ ਕੀਰਤਨ ਕੀਤਾ ਗਿਆ ਹੈ।ਕਿਸਾਨ ਆਗੂਆਂ ਨੇ ਦੱਸਿਆ ਕਿ ਖੇਤੀ ਬਿਲਾਂ ਦੀ ਹਮਾਇਤ ਕਰਦੀਆਂ ਤੇ ਇਸ ਬਾਰੇ ਕੇਂਦਰੀ ਖੇਤੀਬਾੜੀ ਮੰਤਰੀ ਨੂੰ ਮਿਲਣ ਵਾਲੀਆਂ ਜਥੇਬੰਦੀਆਂ ਅਸਲ ਵਿੱਚ ਕਿਸਾਨ ਜਥੇਬੰਦੀਆਂ ਨਹੀਂਹਨ, ਇਨ੍ਹਾਂ ਜਥੇਬੰਦੀਆਂ ਦਾ ਕੰਮ ਤਾਂ ਸੰਘਰਸ਼ ਨੂੰ ਠੇਸ ਲਾਉਣਾ ਹੈ।ਉਨ੍ਹਾਂ ਕਿਹਾ ਕਿ ਮੱਧ ਪ੍ਰਦੇਸ਼ ਅਤੇ ਹੋਰ ਰਾਜਾਂ ਤੋਂ ਆ ਰਹੇ ਕਿਸਾਨਾਂ ਨੂੰ ਰੋਕਿਆ ਜਾ ਰਿਹਾ ਹੈ ਅਤੇ ਏਦਾਂ ਦੀ ਕਾਰਵਾਈ ਜੇ ਸਰਕਾਰ ਨੇ ਬੰਦ ਨਾ ਕੀਤੀ ਤਾਂ ਅਸੀਂ ਜਵਾਬ ਦਿਆਂਗੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਵਕੀਲਾਂ ਦਾ ਇੱਕ ਪੈਨੱਲ ਬਣਾਇਆ ਗਿਆ ਹੈ, ਜਿਸ ਵਿੱਚ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ, ਐੱਚ ਐੱਸ ਫੂਲਕਾ, ਦੁਸ਼ਯੰਤ ਦਵੇ ਅਤੇ ਕੋਲਿਨ ਗੋਂਸਾਲਵੇਜ਼ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਾਡੇ ਵੱਲੋਂ ਇਹ ਚਾਰੇ ਵਕੀਲ ਤੈਅ ਕਰਨਗੇ ਕਿ ਸਰਕਾਰ ਵੱਲੋਂ ਬਣਾਈ ਜਾ ਰਹੀ ਕਿਸੇ ਕਮੇਟੀ ਦਾ ਹਿੱਸਾ ਬਣਨਾ ਹੈ ਜਾਂ ਨਹੀਂ।

# ਕੇਂਦਰੀ ਖੇਤੀ ਮੰਤਰੀ ਦੀ ਕਿਸਾਨਾਂ ਨੂੰ ਚਿੱਠੀ, ਐੱਮ ਐੱਸ ਪੀ ਜਾਰੀ ਰਹੇਗੀ



ਨਵੀਂ ਦਿੱਲੀ, 17 ਦਸੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਦਿੱਲੀ ਬਾਰਡਰ ਉੱਤੇ ਚੱਲ ਰਹੇ ਸੰਘਰਸ਼ ਦੌਰਾਨ ਆਮਕਿਸਾਨਾਂ ਨੂੰ ਪੱਤਰ ਲਿਖ ਕੇ ਖੇਤੀਬਾੜੀ ਸੁਧਾਰ ਕਾਨੂੰਨਾਂ ਦੇ ਲਾਭ ਦੱਸੇ ਅਤੇ ਅੰਦੋਲਨ ਦੇ ਬਹਾਨੇ ਕਿਸਾਨਾਂ ਵਿੱਚ ਕੁਝ ਲੋਕਾਂ ਵੱਲੋਂ ਭੰਬਲਭੂਸਾ ਫੈਲਾਉਣ ਦੀ ਗੱਲ ਆਖੀ ਹੈ।

ਖੇਤੀਬਾੜੀ ਮੰਤਰੀ ਨੇ ਕਿਸਾਨਾਂ ਦੇ ਨਾਂਅ ਇਸ ਪੱਤਰ ਵਿੱਚ ਲਿਖਿਆ ਹੈ ਕਿ ਉਹ ਖ਼ੁਦ ਵੀਕਿਸਾਨ ਹਨ ਤੇ ਖੇਤੀ ਦੀਆਂ ਚੁਣੌਤੀਆਂ ਨੂੰ ਸਮਝਦੇ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਪਿਛਲੇ ਛੇ ਸਾਲਾਂ ਤੋਂ ਕਿਸਾਨਾਂ ਦੇ ਸ਼ਕਤੀਕਰਨ ਲਈ ਉਪਰਾਲੇ ਕਰ ਰਹੀ ਹੈ। ਖੇਤੀ ਮੰਤਰੀ ਨੇ ਲਿਖਿਆ ਹੈ ਕਿ ਕਿਸਾਨੀ ਫਸਲਾਂ ਦੀ ਘੱਟੋ ਘੱਟ ਸਹਾਇਕ ਕੀਮਤ (ਐੱਮਐੱਸਪੀ) ਜਾਰੀ ਹੈ ਅਤੇ ਭਵਿੱਖ ਵਿੱਚ ਵੀ ਕਿਸਾਨ ਨੂੰ ਮਿਲਦੀ ਰਹੇਗੀ। ਮੰਤਰੀ ਤੋਮਰ ਨੇ ਪੱਤਰ ਵਿੱਚ ਲਿਖਿਆ ਕਿ ਦੇਸ਼ ਦੇ ਕਈ ਹਿੱਸਿਆਂ ਵਿੱਚ ਖੇਤੀਬਾੜੀ ਸੁਧਾਰ ਕਾਨੂੰਨਾਂ ਦਾ ਕਈ ਕਿਸਾਨ ਸੰਸਥਾਵਾਂ ਨੇ ਸਵਾਗਤ ਕੀਤਾ ਹੈ ਤੇ ਕਈ ਲੋਕ ਕਾਨੂੰਨ ਦਾ ਲਾਭ ਲੈ ਰਹੇ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਕਾਨੂੰਨਾਂ ਵਿਰੁੱਧ ਕੁਝ ਕਿਸਾਨ ਸੰਗਠਨਾਂ ਕਾਰਨ ਭੰਬਲਭੂਸਾ ਪੈਦਾ ਹੋ ਗਿਆ ਹੈ, ਪਰ ਖੇਤੀਬਾੜੀ ਮੰਤਰੀ ਹੋਣ ਦੇ ਨਾਤੇਉਨ੍ਹਾਂ ਦਾ ਫਰਜ਼ ਹੈ ਕਿ ਕਿਸਾਨਾਂ ਦੇ ਸ਼ੰਕੇ ਦੂਰ ਕਰਨ। ਉਨ੍ਹਾ ਨੇ ਕਿਹਾ ਕਿ ਨਵੇਂ ਕਾਨੂੰਨ ਲਾਗੂ ਹੋਣ ਪਿੱਛੋਂ ਇਸ ਵਾਰ ਐੱਮ ਐੱਸਪੀ ਉੱਤੇ ਸਰਕਾਰੀ ਖਰੀਦ ਕਰਨ ਦੇ ਪਿਛਲੇ ਸਾਰੇ ਰਿਕਾਰਡ ਟੁੱਟ ਗਏ ਹਨ, ਫਿਰ ਵੀ ਕੁਝ ਲੋਕ ਝੂਠ ਬੋਲ ਰਹੇ ਹਨ ਕਿ ਐੱਮ ਐੱਸਪੀ ਬੰਦ ਕਰ ਦਿੱਤੀ ਜਾਵੇਗੀ।

# ਭਾਜਪਾ ਐੱਮ ਪੀਜ਼ ਵੱਲੋਂ ਕਿਸਾਨ ਅੰਦੋਲਨ ਲਈ ਪਾਕਿਸਤਾਨ ਅਤੇ ਚੀਨ ਦੀ ਫੰਡਿੰਗ ਦਾ ਦੋਸ਼

ਨਵੀਂ ਦਿੱਲੀ, 17 ਦਸੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ ਚੱਲਦੇ ਪਏਕਿਸਾਨ ਸੰਘਰਸ਼ ਬਾਰੇ ਭਾਰਤੀ ਜਨਤਾ ਪਾਰਟੀ ਦੇ ਦੋ ਪਾਰਲੀਮੈਂਟ ਮੈਂਬਰਾਂ ਨੇ ਬਹੁਤ ਸਖਤ ਭਾਸ਼ਾ ਵਰਤੀ ਹੈ।

ਭਾਜਪਾ ਦੇ ਉੱਤਰ ਪ੍ਰਦੇਸ਼ ਦੇ ਜਨਰਲ ਸਕੱਤਰ ਤੇ ਕਨੌਜ ਤੋਂ ਪਾਰਲੀਮੈਂਟ ਮੈਂਬਰ ਸੁਬ੍ਰਤ ਪਾਠਕ ਨੇ ਕਿਹਾ ਹੈ ਕਿ ਇਹ ਅੰਦੋਲਨ ਕਿਸਾਨ ਵਿਰੋਧੀ, ਹਿੰਦੂ ਵਿਰੋਧੀ ਅਤੇ ਮੋਦੀ ਵਿਰੋਧੀ ਹੈ। ਸੁਬ੍ਰਤ ਪਾਠਕ ਨੇ ਕਿਸਾਨ ਅੰਦੋਲਨ ਦੇਵਿਰੁੱਧ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਹ ਇਸ ਦੇ ਜਵਾਬ ਵਿੱਚ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਅੰਦੋਲਨ ਖੜ੍ਹਾ ਕਰਨਗੇ। ਉਨ੍ਹਾਂ ਨੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਬਾਰੇ ਕਿਹਾ ਕਿ ਕੁਝ ਅਰਾਜਕਤਾਵਾਦੀ ਤੱਤ ਜਾਣ-ਬੁੱਝ ਕੇ ਕਿਸਾਨ ਅੰਦੋਲਨ ਨੂੰ ਫੈਲਾ ਰਹੇ ਹਨ ਤੇ ਅਖਿਲੇਸ਼ ਯਾਦਵ ਵੀ ਇਸ ਨੂੰ ਹਵਾ ਦੇ ਰਹੇ ਹਨ, ਜਿਸ ਕਾਰਨ ਅੱਜ ਕਨੌਜ ਸਮੇਤ ਸਮੁੱਚੇ ਉੱਤਰ ਪ੍ਰਦੇਸ਼ ਵਿੱਚ ਕਿਤੇ ਵੀ ਕੋਈ ਵਸੂਲੀ ਨਹੀਂ ਹੋ ਰਹੀ।

ਦੂਸਰੇ ਪਾਸੇ ਗੋਰਖਪੁਰ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਰਵੀ ਕਿਸ਼ਨ ਨੇ ਕਿਸਾਨ ਅੰਦੋਲਨ ਬਾਰੇ ਕਿਹਾ ਕਿ ਇਸ ਅੰਦੋਲਨ ਲਈ ਪਾਕਿਸਤਾਨ, ਚੀਨ ਤੇ ਕੈਨੇਡਾ ਤੋਂ ਫ਼ੰਡਿੰਗ ਹੋ ਰਹੀ ਹੈ। ਰਵੀ ਕਿਸ਼ਨ ਨੇ ਦੋਸ਼ ਲਾਇਆ ਕਿ ਅੰਦੋਲਨ ਵਿੱਚ ਖ਼ਾਲਿਸਤਾਨ ਦੇ ਨਾਅਰੇ ਲੱਗਦੇ ਹਨ ਅਤੇ ਅੰਦੋਲਨ ਦੇ ਦੌਰਾਨਕੋਰੋਨਾ ਫੈਲਾਇਆ ਜਾ ਰਿਹਾ ਹੈ, ਕਿਉਂਕਿ ਅੰਦੋਲਨ ਕਰਨ ਵਾਲੇ ਲੋਕ ਮਾਸਕ ਨਹੀਂ ਲਾ ਰਹੇ ਅਤੇ ਨਾ ਕੋਈ ਸਮਾਜਕ ਦੂਰੀ ਦੀ ਪਾਲਣਾ ਕਰਦਾ ਹੈ। ਭਾਜਪਾ ਐੱਮ ਪੀ ਨੇ ਕਿਹਾ ਕਿ ਇਹ ਮਾਮਲਾ ਸੁਪਰੀਮ ਕੋਰਟਜਾ ਚੁੱਕਾ ਹੈ ਤੇ ਗੱਲਬਾਤ ਨਾਲ ਹੀ ਇਸ ਮਸਲੇ ਦਾ ਕੋਈ ਹੱਲ ਨਿੱਕਲੇਗਾ। ਉਨ੍ਹਾਂ ਕਿਹਾ ਮੈਂ ਵੀ ਕਿਸਾਨ ਦਾ ਪੁੱਤਰ ਹਾਂ, ਮੇਰੀ ਮਾਂ ਨਾਲ ਮੇਰੀ ਗੱਲਬਾਤ ਹੋਈ ਹੈ ਅਤੇ ਮੇਰੀ ਮਾਂ ਨੇ ਇਹ ਦੱਸਿਆ ਹੈ ਕਿ ਇਸ ਕਾਨੂੰਨ ਨਾਲ ਕਿਸਾਨਾਂ ਨੂੰ ਕੋਈ ਨੁਕਸਾਨ ਨਹੀਂ ਹੋਣ ਵਾਲਾ।

# ਕੇਜਰੀਵਾਲ ਨੇ ਅਸੈਂਬਲੀ ਵਿੱਚ ਖੇਤੀ ਕਾਨੂੰਨਾਂ ਦੀ ਕਾਪੀ ਪਾੜ ਕੇ ਕਿਹਾ: 'ਹੋਰ ਕਿੰਨੀਆਂ ਜਾਨਾਂ ਲਵੋਗੇ'



ਨਵੀਂ ਦਿੱਲੀ, 17 ਦਸੰਬਰ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅੱਜ ਦਿੱਲੀ ਬਾਰਡਰ ਉੱਤੇ ਧਰਨੇ ਲਾਈਬੈਠੇ ਕਿਸਾਨਾਂ ਦੇ ਹੱਕ ਵਿੱਚ ਇੱਕ ਵਾਰ ਫਿਰ ਖੁੱਲ੍ਹ ਕੇ ਬੋਲੇ ਤੇ ਮੋਦੀ ਸਰਕਾਰ ਵੱਲ ਨਿਸ਼ਾਨੇ ਸਾਧੇ। ਉਨ੍ਹਾ ਨੇ ਖੇਤੀ ਕਾਨੂੰਨਾਂ ਦੀ ਕਾਪੀ ਪਾੜ ਦਿੱਤੀ ਤੇ ਕਿਹਾ ਕਿ ਦਿੱਲੀ ਅੰਦੋਲਨ ਵਿੱਚ20 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ, ਮੈਂ ਕੇਂਦਰ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂਹੋਰ ਕਿੰਨੀਆਂ ਜਾਨਾਂ ਤੁਸੀਂ ਲਵੋਗੇ।

ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਧਾਨ ਸਭਾ ਨੂੰ ਸੰਬੋਧਨ ਕਰਦੇ ਵਕਤ ਬੁੱਧਵਾਰ ਨੂੰ ਖੁਦਕੁਸ਼ੀ ਕਰ ਗਏ ਸੰਤ ਰਾਮ ਸਿੰਘ ਦਾ ਜ਼ਿਕਰ ਕਰ ਕੇ ਕਿਹਾ ਕਿ ਉਨ੍ਹਾਂ ਨੇ ਕਿਸਾਨਾਂ ਦਾ ਦੁੱਖ ਦੇਖਿਆ। ਜਦੋਂ ਕਿਸਾਨਾਂ ਦਾ ਦਰਦ ਉਨ੍ਹਾਂ ਲਈ ਬਰਦਾਸ਼ਤ ਤੋਂ ਬਾਹਰ ਹੋ ਗਿਆ ਤਾਂ ਉਨ੍ਹਾਂ ਨੇ ਜਾਨ ਦੇ ਦਿੱਤੀ। ਕੇਜਰੀਵਾਲ ਨੇ ਪੁੱਛਿਆ ਕਿ ਕੋਰੋਨਾ ਵਾਇਰਸ ਵਾਲੇ ਸਮੇਂ ਵਿੱਚ ਕੇਂਦਰਸਰਕਾਰ ਖੇਤੀ ਆਰਡੀਨੈਂਸ ਕਿਉਂ ਚੁੱਕ ਲਿਆਈ, ਸਰਕਾਰ ਦੀ ਕੀ ਮਜ਼ਬੂਰੀ ਸੀ ਕਿ ਇਸ ਦੌਰ ਵਿੱਚ ਹੀ ਆਰਡੀਨੈਂਸ ਲਿਆ ਕੇ ਬਿੱਲ ਪਾਸ ਕਰਨਾ ਪਿਆ। ਉਨ੍ਹਾ ਕਿਹਾ ਕਿ ਪਹਿਲੀ ਵਾਰ ਰਾਜ ਸਭਾ ਨੇਬਿਨਾਂ ਵੋਟਿੰਗ ਦੇ ਤਿੰਨੇ ਕਾਨੂੰਨ ਪਾਸ ਕੀਤੇ ਸਨ। ਕੇਜਰੀਵਾਲ ਨੇ ਮੰਗ ਕੀਤੀ ਕਿ ਸਰਕਾਰ ਕਾਲੇ ਕਾਨੂੰਨ ਵਾਪਸ ਲਵੇ, ਕਿਉਂਕਿ ਇਹ ਕਿਸਾਨਾਂ ਦੇ ਲਈ ਨਹੀਂ, ਭਾਜਪਾ ਪਾਰਟੀ ਦੀ ਚੋਣ ਫੰਡਿੰਗ ਲਈ ਬਣਾਏ ਹਨ।'ਜੈ ਜਵਾਨ, ਜੈ ਕਿਸਾਨ' ਦੇ ਨਾਅਰੇ ਗੂੰਜਣ ਦੇ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਇਹ ਬੜਾ ਖ਼ਤਰਨਾਕ ਕਾਨੂੰਨ ਹੈ। ਇਸ ਨਾਲ ਕਿਸਾਨਾਂ ਦੀ ਕਿਸਾਨੀ ਖੋਹੀ ਜਾ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਮੈਨੂੰ ਇਹ ਕਾਨੂੰਨਾਂ ਨੂੰ ਪਾੜਨ ਵਿੱਚ ਦਰਦ ਹੋ ਰਿਹਾ ਹੈ, ਪਰ ਦੇਸ਼ ਦਾ ਕਿਸਾਨ ਸੜਕਾਂ ਉੱਤੇ ਸੌਂ ਰਿਹਾ ਹੈ, ਜਿਸ ਦੀ ਮੈਨੂੰ ਵੱਧ ਤਕਲੀਫ਼ ਹੈ, ਇਸ ਲਈ ਮੈਂ ਇਨ੍ਹਾਂ ਖੇਤੀ ਕਾਨੂੰਨਾਂ ਦੀ ਕਾਪੀ ਨੂੰ ਪਾੜਿਆ ਹੈ।












# ਸੰਪਾਦਕੀ

## ਬਿੱਲ ਸੀ 7– ਖ਼ੁਦ ਮਰਨ ਅਤੇ ਮਾਰਨ ਦੀ ਸ਼ਨਾਖ਼ਤ ਦਾ ਮੁੱਦਾ

ਬੀਤੇ ਵੀਰਵਾਰ ਹਾਊਸ ਆਫ਼ ਕਾਮਨਜ਼ ਵਿੱਚ ਬਿੱਲ ਸੀ 7 ਨੂੰ 207 ਦੇ ਮੁਕਾਬਲੇ 212 ਵੋਟਾਂ ਨਾਲ ਪਾਸ ਕਰ ਦਿੱਤਾ ਗਿਆ ਸੀ ਜਿਸ ਤਹਿਤ ਡਾਕਟਰੀ ਸਹਾਇਤਾ ਨਾਲ ਕਿਸੇ ਮਨੁੱਖ ਨੂੰ ਮਰਨ ਦੀ ਇਜ਼ਾਜਤ ਦੇਣ ਲਈ ਵਧੇਰੇ ਖੁੱਲਾਂ ਦੇਣਾ ਸ਼ਾਮਲ ਕੀਤਾ ਗਿਆ ਹੈ। ਜਿੱਥੇ ਲਿਬਰਲ, ਐਨ ਡੀ ਪੀ ਅਤੇ ਬਲਾਕ ਕਿਊਬਕੋਆ ਨੇ ਇਸਦੇ ਹੱਕ ਵਿੱਚ ਵੋਟਾਂ ਪਾਈਆਂ, ਉੱਥੇ ਕੰਜ਼ਰਵੇਟਿਵ ਵਿਰੁੱਧ ਭੁਗਤੇ। ਚਾਰ ਲਿਬਰਲ ਐਮ ਪੀਆਂ ਨੇ ਵੀ ਇਸਦੇ ਹੱਕ ਵਿੱਚ ਵੋਟ ਨਹੀਂ ਸੀ ਪਾਈ। ਦੋ ਲਿਬਰਲਾਂ ਨੇ ਵਿਰੋਧ ਵਿੱਚ ਅਤੇ ਦੋ ਨੇ ਵੋਟ ਪ੍ਰਕਿਰਿਆ ਵਿੱਚ ਭਾਗ ਲੈਣ ਤੋਂ ਗੁਰੇਜ਼ ਕੀਤਾ ਸੀ। ਬਰੈਂਪਟਨ ਮਿਸੀਸਾਗਾ ਇਲਾਕੇ ਦੇ ਲਿਬਰਲ ਐਮ ਪੀ ਕਿਸ ਪਾਸੇ ਭੁਗਤੇ, ਇਸ ਬਾਰੇ ਸੋਚਣ ਦੀ ਲੋੜ ਨਹੀਂ ਕਿਉਂਕਿ ਬਿੱਲ ਦੇ ਹੱਕ ਵਿੱਚ ਵੋਟ ਪਾਉਣ ਵੇਲੇ ਸ਼ਾਇਦ ਉਹਨਾਂ ਨੇ ਖੁਦ ਵੀ ਬਹੁਤਾ ਸੋਚਿਆ ਨਹੀਂ ਹੋਣਾ। 'ਜੋ ਡਾਹਢੇ ਨੂੰ ਭਾਵੇ –ਮੇਰਾ ਦਿਲ ਉਹੀਓ ਚਾਹਵੇ' ਦੀ ਪਹੁੰਚ ਵਿੱਚ ਜ਼ਿਰੱਹ ਅਤੇ ਸੋਚ ਵਿਚਾਰ ਲਈ ਥਾਂ ਕਿਵੇਂ ਹੋ ਸਕਦੀ ਹੈ।

ਖੈਰ ਇਸ ਬਿੱਲ ਨੂੰ ਲੈ ਕੇ ਅਸਲੀ ਰੋਚਕ ਸਥਿਤੀ ਸੀਨੇਟ ਵਿੱਚ ਹੋ ਗਈ ਹੈ ਜਿੱਥੇ ਕਈ ਸੀਨੇਟਰ ਬਿੱਲ ਨੂੰ ਜਲਦੀ ਪਾਸ ਕਰਨ ਦੇ ਹੱਕ ਵਿੱਚ ਨਹੀਂ ਹਨ। ਉਹ ਬਿੱਲ ਦੇ ਚੰਗੇ ਮਾੜੇ ਪਹਿਲੂਆਂ ਉੱਤੇ ਸੋਚ ਵਿਚਾਰ ਕਰਨ ਲਈ ਵਧੇਰੇ ਸਮਾਂ ਮੁਕੱਰਰ ਕਰਨ ਲਈ ਆਖ ਰਹੇ ਹਨ। ਇਸ ਸੰਭਾਵਨਾ ਨੂੰ ਹੁਣ ਸਰਕਾਰ ਵੀ ਕਬੂਲ ਕਰ ਚੁੱਕੀ ਹੈ ਕਿ ਸੀਨੇਟ ਵਿੱਚ ਹੋਣ ਵਾਲੀ ਚਰਚਾ ਤੋਂ ਬਾਅਦ ਬਿੱਲ ਵਿੱਚ ਕੁੱਝ ਸੋਧਾਂ ਕਰਨੀਆਂ ਲਾਜ਼ਮੀ ਹੋ ਸਕਦੀਆਂ ਹਨ ਅਤੇ ਇਹ ਵੀ ਹੋ ਸਕਦਾ ਹੈ ਕਿ ਕੁੱਝ ਤੱਥਾਂ ਕਾਰਣ ਬਿੱਲ ਅਸੰਵਿਧਾਨਕ ਕਰਾਰ ਹੋ ਜਾਵੇ। ਗੱਲ ਰੋਚਕ ਇਸ ਲਈ ਹੈ ਕਿ ਬਿੱਲ ਨੂੰ ਅਸੰਵਿਧਾਨਕ ਕਰਾਰ ਦੇਣ ਵਾਲਿਆਂ ਦੇ ਆਪੋ ਆਪਣੇ ਤਰਕ ਹਨ। ਇੱਕ ਗਰੁੱਪ ਇਸ ਲਈ ਚਿੰਤਤ ਹੈ ਕਿ ਬਿੱਲ ਵਿੱਚ ਮਰਨ ਦੀ ਇਜ਼ਾਜਤ ਦੇਣ ਵਿੱਚ ਖੁੱਲਾਂ ਲੋੜੋਂ ਵੱਧ ਦੇ ਦਿੱਤੀਆਂ ਗਈਆਂ ਹਨ ਜਦੋਂ ਕਿ ਦੂਜੇ ਪਾਸੇ ਤਰਕ ਹੈ ਕਿ ਵਧੇਰੇ ਖੁੱਲਾਂ ਦੇਣ ਦੀ ਲੋੜ ਸੀ। ਹਾਊਸ ਆਫ ਕਾਮਨਜ਼ ਵਿੱਚ ਤਾਂ ਸਰਕਾਰ ਆਪਣੇ ਐਮ ਪੀਆਂ ਦੀ ਨਕੇਲ ਨੂੰ ਲੋੜ ਮੁਤਾਬਕ ਘੁਮਾ ਸਕਦੀ ਸੀ ਪਰ ਉਸਦੇ ਉਲਟ ਕਈ ਸੀਨੇਟਰ ਖੁੱਲੇ ਮਜ਼ਾਜ ਵਾਲੇ ਅੱਥਰੇ ਘੋੜੇ ਸਾਬਤ ਹੋ ਸਕਦੇ ਹਨ।

ਜਿੱਥੇ ਤੱਕ ਆਮ ਕੈਨੇਡੀਅਨ ਦਾ ਸੁਆਲ ਹੈ, ਉਹ ਇਸ ਬਿੱਲ ਦੇ ਅਧਿਕਾਰ ਖੇਤਰ ਨੂੰ ਮੋਕਲਾ ਬਣਾਉਣ ਦੇ ਹੱਕ ਵਿੱਚ ਨਹੀਂ ਹਨ। ਨਵੰਬਰ ਵਿੱਚ Angus Reid ਵੱਲੋਂ ਕੀਤੇ ਗਏ ਇੱਕ ਸਰਵੇਖਣ 69 % ਕੈਨੇਡੀਅਨਾਂ ਦਾ ਮੰਨਣਾ ਸੀ ਕਿ ਮਰਨ ਦੇ ਹੱਕ ਨੂੰ ਮੋਕਲਾ ਕਰਨ ਦਾ ਅਰਥ ਨਾਜ਼ੁਕ ਸਥਿਤੀ ਦਾ ਸਾਹਮਣਾ ਕਰਨ ਵਾਲੇ ਲੋਕਾਂ ਨੂੰ ਜਾਣ ਬੁੱਝ ਕੇ ਮੌਤ ਦੇ ਮੂੰਹ ਵਿੱਚ ਧਕੱਣ ਬਰਾਬਰ ਹੋਵੇਗਾ। ਬੇਸ਼ੱਕ 77% ਕੈਨੇਡੀਅਨ ਅਤੀਅੰਤ ਕਠਿਨ ਸਿਹਤ ਸਥਿਤੀ ਵਿੱਚ ਮਰਨ ਦੀ ਇਜ਼ਾਜਤ ਦਿੱਤੇ ਜਾਣ ਦੇ ਹੱਕ ਵਿੱਚ ਹਨ ਪਰ ਇਸ ਹੱਕ ਦੀ ਗਲਤ ਦੁਰਵਰਤੋਂ ਹੋਣ ਦੀ ਸੰਭਾਵਨਾ ਨੂੰ ਲੈ ਕੇ ਚਿੰਤਤ ਹਨ।

ਬਿੱਲ ਦਾ ਸੱਭ ਤੋਂ ਚਰਚਿਤ ਹਿੱਸਾ ਕੈਨੇਡਾ ਦੇ ਕ੍ਰਿਮੀਨਲ ਕੋਡ ਦੇ ਸੈਕਸ਼ਨ 24.1 ਨੂੰ ਹਟਾਉਣ ਬਾਰੇ ਰਿਹਾ ਹੈ। ਇਸ ਸੈਕਸ਼ਨ ਤਹਿਤ ਹੁਣ ਤੱਕ ਇਹ ਲਾਜ਼ਮੀ ਹੈ ਕਿ ਕਿਸੇ ਵਿਅਕਤੀ ਨੂੰ ਡਾਕਟਰੀ ਸਹਾਇਤਾ ਨਾਲ ਮਰਨ ਦੀ ਇਜ਼ਾਜਤ ਦੇਣ ਤੋਂ ਪਹਿਲਾਂ ਸਿਹਤ ਮਾਹਰ ਅੰਦਾਜ਼ਾ ਲਾਉਣ ਕਿ ਸਬੰਧਿਤ ਵਿਅਕਤੀ ਦੀ ਮੌਤ ਨਜ਼ਦੀਕ ਹੀ ਹੈ। ਸਤੰਬਰ 2019 ਵਿੱਚ ਕਿਊਬਿੱਕ ਸੁਪਰੀਮ ਕੋਰਟ ਨੇ ਸੈਕਸ਼ਨ 24.1 ਨੂੰ ਅਸੰਵਿਧਾਨਕ ਕਰਾਰ ਦੇ ਦਿੱਤਾ ਸੀ ਜਿਸਤੋਂ ਬਾਅਦ ਦੋ ਕਿਸਮ ਦੀਆਂ ਮੱਦਾਂ ਪਾਈਆਂ ਗਈਆਂ ਹਨ। ਇੱਕ ਪਹੁੰਚ ਉਹਨਾਂ ਲੋਕਾਂ ਲਈ ਹੈ ਜੋ ਹਾਲੇ ਮਰਨ ਕਿਨਾਰੇ ਨਹੀਂ ਹਨ ਅਤੇ ਇੱਕ ਉਹਨਾਂ ਵਾਸਤੇ ਹੈ ਜੋ ਮੌਤ ਦੇ ਬਹੁਤ ਨਜ਼ਦੀਕ ਹਨ। ਬਿੱਲ ਵਿੱਚ ਇਹ ਵੀ ਦਰਜ਼ ਹੈ ਕਿ ਸਿਰਫ਼ ਮਾਨਸਿਕ ਰੋਗਾਂ ਤੋਂ ਪੀੜਤਾਂ ਨੂੰ ਮਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਕਈ ਕਾਨੂੰਨ ਮਾਹਰਾਂ ਦਾ ਖਿਆਲ ਹੈ ਕਿ ਅਜਿਹਾ ਕਰਨਾ ਮਾਨਸਿਕ ਰੋਗੀਆਂ ਦੇ ਚਾਰਟਰ ਤਹਿਤ ਅਧਿਕਾਰਾਂ ਦੀ ਉਲੰਘਣਾ ਹੋਵੇਗੀ ਜਿਸ ਕਾਰਣ ਬਿੱਲ ਦੀ ਸੰਵਿਧਾਨਕਤਾ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ।

ਅਪੰਗਤਾ (Disability) ਨਾਲ ਜੁੜੇ ਕਾਨੂੰਨਾਂ ਬਾਰੇ ਮਾਹਰਤਾ ਰੱਖਣ ਵਾਲੀ ਸੰਸਥਾ ARCH Disability Law Centre ਦਾ ਸੁਝਾਅ ਹੈ ਕਿ ਬਿੱਲ ਨੂੰ ਪਾਸ ਕੀਤੇ ਜਾਣ ਤੋਂ ਪਹਿਲਾਂ ਇਸਨੂੰ ਸੁਪਰੀਮ ਕੋਰਟ ਤੋਂ ਇਹ ਰਾਏ ਲੈਣ ਲਈ ਭੇਜ ਦਿੱਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਦੀ ਰਾਏ ਤੋਂ ਪਤਾ ਲੱਗ ਜਾਵੇਗਾ ਕਿ ਪਾਸ ਹੋਣ ਦੀ ਸੂਰਤ ਵਿੱਚ ਬਿੱਲ ਅਸੰਵਿਧਾਨਕ ਕਰਾਰ ਤਾਂ ਨਹੀਂ ਹੋ ਜਾਵੇਗਾ। ARCH ਅਨੁਸਾਰ ਜਦੋਂ ਸਮਲਿੰਗੀ ਵਿਆਹਾਂ ਦੀ ਇਜ਼ਾਜਤ ਦੇਣ ਲਈ ਕਾਨੂੰਨ ਬਣਿਆ ਸੀ ਤਾਂ ਉਸ ਬਿੱਲ ਨੂੰ ਵੀ ਸੁਪਰੀਮ ਕੋਰਟ ਦੀ ਰਾਏ ਲਈ ਭੇਜਿਆ ਸੀ ਅਤੇ ਸਰਕਾਰ ਨੂੰ ਹੁਣ ਵੀ ਕਾਹਲ ਦੀ ਥਾਂ ਸਹੀ ਪਹੁੰਚ ਅਪਨਾਉਣੀ ਚਾਹੀਦੀ ਹੈ।

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਮਹੀਨਾਵਾਰ ਜ਼ੂਮ-ਮੀਟਿੰਗ 20 ਦਸੰਬਰ ਨੂੰ

### ਸਰੀ (ਬੀ.ਸੀ.) ਤੋਂ ਸਾਧੂ ਬਿਨਿੰਗ ਕੈਨੇਡਾ ਵਿਚ ਪੰਜਾਬੀ ਭਾਸ਼ਾ ਦੇ ਇਤਿਹਾਸ, ਅਜੋਕੀ ਸਥਿਤੀ ਤੇ ਭਵਿੱਖ ਬਾਰੇ ਵਿਚਾਰ ਪੇਸ਼ ਕਰਨਗੇ, ਕਵੀ-ਦਰਬਾਰ ਵੀ ਹੋਵੇਗਾ

ਬਰੈਂਪਟਨ, (ਡਾ.ਝੰਡ) -ਕਰੋਨਾ ਦੇ ਚੱਲ ਰਹੇ ਪ੍ਰਕੋਪ ਕਾਰਨ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਪਿਛਲੇ ਕੁਝ ਮਹੀਨਿਆਂ ਤੋਂ ਕੀਤੀਆਂ ਜਾ ਰਹੀਆਂ ਮਹੀਨਾਵਾਰ ਜ਼ੂਮ-ਮੀਟਿੰਗਾਂ ਦੇ ਸਿਲਸਿਲੇ ਨੂੰ ਅੱਗੇ ਵਧਾਉਂਦਿਆਂ ਹੋਇਆਂ ਇਸ ਮਹੀਨੇ ਦੀ ਜ਼ੂਮ-ਮੀਟਿੰਗ 20 ਦਸੰਬਰ ਐਤਵਾਰ ਨੂੰ ਬਾਅਦ ਦੁਪਹਿਰ 2.00 ਵਜੇ ਆਯੋਜਿਤ ਕੀਤੀ ਜਾ ਰਹੀ ਹੈ। ਇਸ ਮੀਟਿੰਗ ਵਿਚ ਸਰੀ (ਬੀ.ਸੀ.) ਤੋਂ ਡਾ. ਸਾਧੂ ਬਿਨਿੰਗ 'ਕੈਨੇਡਾ ਵਿਚ ਪੰਜਾਬੀ ਭਾਸ਼ਾ (ਇਤਿਹਾਸ, ਅਜੋਕੀ ਸਥਿਤੀ ਤੇ ਭਵਿੱਖ)' ਵਿਸ਼ੇ 'ਤੇ ਮੁੱਖ-ਬੁਲਾਰੇ ਹੋਣਗੇ। ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਹੇਠ ਲਿਖੇ ਲਿੰਕ ਉੱਪਰ ਕਲਿੱਕ ਕੀਤਾ ਜਾ ਸਕਦਾ ਹੈ:

https://us02web.zoom.us/j/2192386311?pwd=bFNnZ2hEVTdONzVMckl0eGYrM0FPQT09

If the above link does not work, please use the following:

Meeting ID: 219 238 6311

Passcode: 460280

ਇੱਥੇ ਇਹ ਜ਼ਿਕਰਯੋਗ ਹੈ ਕਿ ਡਾ. ਸਾਧੂ ਬਿਨਿੰਗ ਆਪਣੇ ਸਾਥੀਆਂ ਦੇ ਨਾਲ 'ਪਲੀ' (ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ) ਨਾਮੀ ਸੰਸਥਾ ਰਾਹੀਂ ਕੈਨੇਡਾ ਦੇ ਵੈਨਕੂਵਰ ਸੂਬੇ ਵਿਚ ਪੰਜਾਬੀ ਨੂੰ ਕੈਨੇਡਾ ਵਿਚ ਬੋਲੀ ਜਾਣ ਵਾਲੀ ਦੂਸਰੀ ਭਾਸ਼ਾ ਵਜੋਂ ਮਾਣਮੱਤਾ ਸਥਾਨ ਦਿਵਾਉਣ ਵਿਚ ਕਾਮਯਾਬ ਹੋਏ ਹਨ ਅਤੇ ਉਨ੍ਹਾਂ ਦੇ ਇਸ ਉੱਦਮ ਸਦਕਾ ਸਾਡੀ ਮਾਤ-ਭਾਸ਼ਾ ਪੰਜਾਬੀ ਹੁਣ ਵੈਨਕੂਵਰ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਾਈ ਜਾ ਰਹੀ ਹੈ। ਹਾਜ਼ਰ ਮੈਂਬਰਾਂ ਤੇ ਮਹਿਮਾਨਾਂ ਵੱਲੋਂ ਵੀ ਇਸ ਜ਼ੂਮ-ਮੀਟਿੰਗ ਵਿਚ ਵਿਚਾਰ ਪੇਸ਼ ਕੀਤੇ ਜਾਣਗੇ ਅਤੇ ਕਵੀ-ਦਰਬਾਰ ਵੀ ਹੋਵੇਗਾ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਮਲੂਕ ਸਿੰਘ ਕਾਹਲੋਂ ਨੂੰ 905-497-1216, ਤਲਵਿੰਦਰ ਸਿੰਘ ਮੰਡ ਨੂੰ 416-904-3500 ਜਾਂ ਸੁਖਦੇਵ ਸਿੰਘ ਝੰਡ ਨੂੰ 647-567-9128 'ਤੇ ਫ਼ੋਨ ਕੀਤਾ ਜਾ ਸਕਦਾ ਹੈ।

## ਚੀਨ ਵਾਂਗ ਬਿਹਾਰ ਦੇ ਰਾਜਗੀਰ 'ਚ 'ਗਲਾਸ ਸਕਾਈਵਾਕ ਬ੍ਰਿਜ'ਬਣਿਆ

ਰਾਜਗੀਰ, 17 ਦਸੰਬਰ (ਪੋਸਟ ਬਿਊਰੋ)- ਬਿਹਾਰ ਦੇ ਰਾਜਗੀਰ ਨੂੰ ਸੈਲਾਨੀਆਂ ਦਾ ਮਨ ਪਸੰਦ ਸੈਰ-ਸਟਾਪਾ ਸਥਾਨ ਮੰਨਿਆ ਜਾਂਦਾ ਹੈ। ਇੱਥੇ ਦੇਸ਼-ਵਿਦੇਸ਼ ਤੋਂ ਲੋਕ ਘੁੰਮਣ ਆਉਂਦੇ ਹਨ। ਭਗਵਾਨ ਬੁੱਧ ਦੀ ਵਿਰਾਸਤ ਤੇ ਭਾਰਤੀ ਇਤਿਹਾਸ ਨੂੰ ਆਪਣੇ 'ਚ ਸਮੇਟੀ ਬੈਠਾ ਇਹ ਸ਼ਹਿਰ ਪੂਰੇ ਸੂਬੇ 'ਚ ਆਕਰਸ਼ਨ ਦਾ ਕੇਂਦਰ ਹੈ। ਇਸੇ ਸ਼ਹਿਰ ਵਿੱਚ ਚੀਨ ਵਾਂਗ ਸੈਲਾਨੀਆਂ ਲਈ ਬਣਾਇਆ ਗਿਆ ਗਲਾਸ ਬ੍ਰਿਜ ਲੋਕਾਂ ਦਾ ਮੰਨ ਮੋਹ ਰਿਹਾ ਹੈ।

ਵਰਨਣ ਯੋਗ ਹੈ ਕਿ ਇਹ ਦੇਸ਼ ਦਾ ਦੂਸਰਾ ਗਲਾਸ ਸਕਾਈਵਾਕ ਬ੍ਰਿਜ ਹੈ, ਜੋ ਬਿਹਾਰ 'ਚ ਨੇਚਰ ਐਡਵੈਂਚਰ ਨੂੰ ਉਤਸਾਹਤਕਰੇਗਾ। ਸੂਤਰਾਂ ਮੁਤਾਬਕ ਪੂਰਬ ਉਤਰ ਭਾਰਤ 'ਚ ਇਹ ਪਹਿਲਾਂ ਗਲਾਸ ਬ੍ਰਿਜ ਹੈ ਜਿਸ ਨੂੰ ਸੈਲਾਨੀਆਂ ਲਈ ਬਿਹਾਰ ਸਰਕਾਰ ਨੇ ਤਿਆਰ ਕਰਾਇਆ ਹੈ। ਇਸ ਦਾ ਮੁੱਖ ਮਕਸਦ ਪੂਰੇ ਰਾਜਗੀਰ ਖੇਤਰ 'ਚ ਸੈਰ ਸਪਾਟੇ ਨੂੰ ਵਧਾਉਣਾ ਹੈ। ਇਸ ਬ੍ਰਿਜ ਨੂੰ ਚੀਨ ਦੇ ਹਾਂਗਝੋਊ ਪ੍ਰਾਂਤ 'ਚ ਬਣੇ 120 ਮੀਟਰ ਉਚੇ ਕੱਚ ਦੇ ਪੁਲ ਦੀ ਤਰਜ 'ਤੇ ਬਣਾਇਆ ਗਿਆ ਹੈ। ਇਸ ਪੁਲ 'ਤੇ ਤੁਰਦੇ ਹੋਏ ਤੁਸੀਂ ਆਪਣੇ ਕਦਮਾਂ ਹੇਠਾਂ ਦੀ ਧਰਤੀ ਨੂੰ ਵੀ ਆਸਾਨੀ ਨਾਲ ਦੇਖ ਸਕੋਗੇ।

# ਸੱਠ ਇੰਡੋ-ਕੈਨੇਡੀਅਨ ਜੱਥੇਬੰਦੀਆਂ ਵੱਲੋਂ ਭਾਰਤ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੀ ਭਰਪੂਰ ਸ਼ਲਾਘਾ

ਕੈਨੇਡਾ ਦੇ ਸਾਹਿਤਕਾਰਾਂ, ਕਲਾਕਾਰਾਂ, ਰੰਗਕਰਮੀਆਂ, ਖਿਡਾਰੀਆਂ, ਨਸਲਵਾਦ-ਵਿਰੋਧੀ ਕਾਰਕੁੰਨਾਂ, ਤਰਕਸ਼ੀਲਾਂ, ਮਜ਼ਦੂਰਾਂ, ਸਮਾਜ-ਸੇਵੀਆਂ ਅਤੇ ਔਰਤਾਂ ਦੀਆਂ ਸੱਠ ਜੱਥੇਬੰਦੀਆਂ ਵੱਲੋਂ ਅੱਜ ਪ੍ਰੈੱਸ ਦੇ ਨਾਮ ਇਹ ਸਾਂਝਾ ਬਿਆਨ ਜਾਰੀ ਕਰਦਿਆਂ ਭਾਰਤੀ ਕਿਸਾਨ ਅੰਦੋਲਨ ਦੀ ਡਟਵੀਂ ਹਮਾਇਤ ਦਾ ਐਲਾਨ ਕੀਤਾ ਗਿਆ ਹੈ।

ਦੂਜੀ ਸੰਸਾਰ ਜੰਗ ਸਮੇਂ ਸੁਭਾਸ਼ ਚੰਦਰ ਬੋਸ ਵੱਲੋਂ ਦਿੱਤੇ ਗਏ 'ਦਿੱਲੀ ਚੱਲੋ'ਦੇ ਨਾਹਰੇ ਦੀ ਸਪਿਰਟ ਨੂੰ ਸੁਰਜੀਤ ਕਰਦਿਆਂ, ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ ਵੱਲੋਂ, ਤਿੰਨ ਕਿਸਾਨ ਵਿਰੋਧੀ ਬਿਲਾਂ ਦੇ ਖ਼ਿਲਾਫ਼ ਜੱਦੋ-ਜਹਿਦ ਨੂੰ ਸਿਖਰਲਾ ਮੋੜ ਦਿੰਦਿਆਂ, 25 ਨਵੰਬਰ 2020 ਨੂੰ 'ਦਿੱਲੀ ਚੱਲੋ' ਦਾ ਐਲਾਨ ਕੀਤਾ ਗਿਆ ਸੀ। ਪੰਜਾਬ ਦੀਆਂ 32 ਕਿਸਾਨ ਜੱਥੇਬੰਦੀਆਂ ਦੀ ਅਗਵਾਈ ਹੇਠ, ਲੱਖਾਂ ਦੀ ਤਾਦਾਦ ਵਿੱਚ ਨੌਜਵਾਨਾਂ, ਬਜ਼ੁਰਗਾਂ, ਔਰਤਾਂ ਦੇ ਕਾਫ਼ਲੇ 25 ਨਵੰਬਰ ਤੋਂ ਦਿੱਲੀ ਪਹੁੰਚਣੇ ਸ਼ੁਰੂ ਹੋ ਗਏ ਹਨ। ਪੰਜਾਬ ਦੇ ਕਿਸਾਨਾਂ ਦੇ ਇਹਨਾਂ ਕਾਫ਼ਲਿਆਂ ਨੂੰ ਹੁਣ ਤੱਕ ਹਰਿਆਣਾ, ਉੱਤਰ ਪ੍ਰਦੇਸ, ਰਾਜਸਥਾਨ, ਬਿਹਾਰ, ਮੱਧ ਪ੍ਰਦੇਸ, ਉੜੀਸਾ,ਮਹਾਂਰਾਸ਼ਟਰ, ਕੇਰਲਾ, ਨਾਗਾਲੈਂਡ, ਕਰਨਾਟਕ, ਗੁਜਰਾਤ, ਝਾਰਖੰਡ ਅਤੇ ਉੱਤਰਾਖੰਡਦੀਆਂ ਅਨੇਕਾਂ ਕਿਸਾਨ ਜੱਥੇਬੰਦੀਆਂ ਦੀ ਗਹਿਗੱਡਵੀਂ ਸ਼ਮੂਲੀਅਤ ਹਾਸਲ ਹੋ ਚੁੱਕੀ ਹੈ।

ਭਾਰਤ ਦੇ 28 ਦੇ 28 ਸੂਬਿਆਂ ਵਿੱਚੋਂ ਲੱਖਾਂ ਦੀ ਗਿਣਤੀ ਵਿੱਚ ਕਿਸਾਨ-ਕਾਫ਼ਲੇ, ਰਾਹਬੰਦੀ ਦੀਆਂ ਸਾਰੀਆਂ ਮੁਸ਼ਕਲਾਂ ਨੂੰ ਚੀਰਦੇ ਹੋਏ ਦਿੱਲੀ ਪਹੁੰਚ ਚੁੱਕੇ ਹਨ, ਅਤੇ ਆਏ ਦਿਨ ਪਹੁੰਚ ਰਹੇ ਹਨ। ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ ਦੀ ਅਗਵਾਈ ਹੇਠ ਸ਼ੁਰੂ ਹੋਏ ਇਸ ਅੰਦੋਲਨ ਨੂੰ ਸੰਸਾਰ ਭਰ ਦੀਆਂ ਮਜ਼ਦੂਰ ਜੱਥੇਬੰਦੀਆਂ, ਅਧਿਆਪਕ ਜੱਥੇਬੰਦੀਆਂ, ਵਿਦਿਆਰਥੀ ਜੱਥੇਬੰਦੀਆਂ, ਔਰਤ ਜੱਥੇਬੰਦੀਆਂ, ਤਰਕਸ਼ੀਲ ਜੱਥੇਬੰਦੀਆਂ, ਸਾਹਿਤਕ-ਸੱਭਿਆਚਾਰਕ ਸਭਾਵਾਂ, ਨਾਟ-ਮੰਡਲੀਆਂ, ਪੱਤਰਕਾਰਾਂ, ਬੁੱਧੀਜੀਵੀਆਂ, ਗੀਤਕਾਰਾਂ, ਗਾਇਕਾਂ, ਵਿੱਦਿਆਵੇਤਾਵਾਂ, ਪ੍ਰੋਫ਼ੈਸਰਾਂ, ਡਾਕਟਰਾਂ, ਨਰਸਾਂ, ਵਕੀਲਾਂ, ਖਿਡਾਰੀਆਂ, ਵਿਗਿਆਨੀਆਂ, ਰਿਸਰਚ ਸਕਾਲਰਾਂ, ਕਰਮਚਾਰੀਆਂ, ਦੁਕਾਨਦਾਰਾਂ, ਛੋਟੇ ਵਪਾਰੀਆਂ, ਢਾਬਿਆਂ, ਟ੍ਰੇਡ ਯੂਨੀਅਨਾਂ, ਟੈਕਸੀ ਅਤੇ ਆਟੋ ਯੂਨੀਅਨਾਂ, ਟ੍ਰਾਂਸਪੋਰਟ ਯੂਨੀਅਨਾਂ, ਜਮਹੂਰੀ ਅਧਿਕਾਰ ਸੰਸਥਾਵਾਂ ਅਤੇ ਸਮਾਜ-ਸੇਵਕ ਸੰਸਥਾਵਾਂ ਵੱਲੋਂ ਭਰਵੀਂ ਹਮਾਇਤ ਦੇਣ ਦੇ ਐਲਾਨ ਜਾਰੀ ਹੋ ਚੁੱਕੇ ਹਨ ਤੇ ਹੋ ਰਹੇ ਹਨ।

ਪੰਜਾਬ ਦੀ ਨੌਜਵਾਨੀ ਨੇ ਇਹ ਦਰਸਾ ਦਿੱਤਾ ਹੈ ਕਿ ਉਹਨਾਂ ਵਿੱਚ ਗ਼ਦਰ ਲਹਿਰ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ-ਰਾਜਗੁਰੂ-ਸੁਖਦੇਵ, ਸ਼ਹੀਦ ਊਧਮ ਸਿੰਘ ਸੁਨਾਮ ਉਰਫ਼ ਮੁਹੰਮਦ ਸਿੰਘ ਆਜ਼ਾਦ ਦੀ ਸਪਿਰਟ ਜਿਊਂਦੀ ਜਾਗਦੀ ਹੈ। ਭਾਰਤ ਦੇ ਕੋਨੇ ਕੋਨੇ ਵਿੱਚੋਂ ਗੂੰਜਣ ਲੱਗੇ 'ਕਿਸਾਨ-ਮਜ਼ਦੂਰ ਏਕਤਾ: ਜ਼ਿੰਦਾਬਾਦ' ਦੇ ਨਾਹਰਿਆਂ ਵਿੱਚੋਂ ਪੂਰੇ ਦੇ ਪੂਰੇ ਭਾਰਤ ਦੀ ਜਗਦੀ ਤੇ ਮਘਦੀ ਸ਼ਮੂਲੀਅਤ ਨਜ਼ਰ ਆ ਰਹੀ ਹੈ। ਭਾਰਤੀ ਕਿਸਾਨ ਅੰਦੋਲਨਵਿੱਚ ਔਰਤਾਂ ਦੀ ਭਰਵੀਂ ਸ਼ਮੂਲੀਅਤ 'ਖੇਤਾਂ ਦੇ ਪੁੱਤ' ਕਿਸਾਨਾਂ ਨੂੰ 'ਧਰਤੀ ਮਾਂ' ਵਾਂਗ ਅਸ਼ੀਰਵਾਦ ਦੇ ਰਹੀ ਹੈ।

ਇਸ ਸਾਂਝੇ ਬਿਆਨ ਰਾਹੀਂ ਅਸੀਂ ਭਾਰਤ ਸਰਕਾਰ ਵੱਲੋਂ ਕਿਸਾਨਾਂ ਉੱਪਰ ਜਬਰੀ ਠੋਸੇ ਗਏ ਸਾਰੇ ਖੇਤੀ ਕਾਨੂੰਨਾਂ ਦੀ ਪੁਰ-ਜ਼ੋਰ ਨਿਖੇਧੀ ਕਰਦੇ ਹੋਏ ਬਿਨਾਂ-ਸ਼ਰਤ ਇਹਨਾਂ ਸਾਰੇ ਕਿਸਾਨ-ਵਿਰੋਧੀ ਕਾਨੂੰਨਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦੇ ਹਾਂ।

1. ਨਿੰਦਣਯੋਗ ਗੱਲਾਂ

* ਭਾਰਤ ਸਰਕਾਰ ਵੱਲੋਂ ਆਪਣੀ ਬਹੁ-ਸੰਮਤੀ ਹੋਣ ਦੇ ਹੈਂਕੜਬਾਜ ਵਤੀਰੇ ਦੀ, ਅਤੇ ਸਮੱਸਿਆ ਦੇ ਹੱਲ ਨੂੰ ਲਮਕਾਉਣ ਦੀ ਟਾਲ਼-ਮਟੋਲ਼ ਵਾਲ਼ੀ ਢੁੱਚਰਬਾਜ਼ ਨੀਤੀ ਦੀ ਪੁਰ-ਜ਼ੋਰ ਨਿੰਦਾ ਕਰਦੇ ਹਾਂ।
* ਭਾਰਤ ਸਰਕਾਰ ਵੱਲੋਂ ਕਿਸਾਨਾਂ ਉੱਤੇ, ਰਾਹਬੰਦੀ ਦੀਆਂ ਸਾਰੀਆਂ ਅੜਚਨਾਂ (ਲਾਠੀ-ਚਾਰਜ, ਅੱਥਰੂ ਗੈਸ ਦੇ ਗੋਲ਼ੇ, ਕੰਡਿਆਲ਼ੀਆਂ ਵਾੜਾਂ, ਪੱਥਰੀਲੇ ਬੈਰੀਕੇਡ, ਪਾਣੀ ਤੋਪਾਂ, ਟੈਂਟ ਉਖਾੜਨੇ, ਸੜਕਾਂ ਪੱਟਣੀਆਂ) ਠੋਸਣ ਦੀ ਪੁਰ-ਜ਼ੋਰ ਨਿਖੇਧੀ ਕਰਦੇ ਹਾਂ।
* ਭਾਰਤ ਸਰਕਾਰ ਦੇ ਕੰਟਰੋਲ ਵਿੱਚ ਚੱਲ ਰਹੇ 'ਗੋਦੀ ਮੀਡੀਆ' ਵੱਲੋਂ ਕਿਸਾਨ ਅੰਦੋਲਨ ਦੀ ਗ਼ਲਤ ਤਸਵੀਰਕਸ਼ੀ ਕਰਨ ਦਾ ਵਿਰੋਧ ਕਰਦੇ ਹਾਂ।
* ਪੰਜਾਬ ਵਿਚਲੀਆਂ ਤਿੰਨੇ ਸਿਆਸੀ ਪਾਰਟੀਆਂ ਵੱਲੋਂ ਕਿਸਾਨਾਂ ਦੀ ਹਮਾਇਤ ਵਿੱਚ, ਠੋਸ ਐਲਾਨ ਨਾ ਕਰ ਕੇ ਸਿਰਫ਼ ਡੰਗ-ਟਪਾਊ ਬਿਆਨਬਾਜ਼ੀ ਦੀ ਨਿਖੇਧੀ ਕਰਦੇ ਹਾਂ।
* ਕਿਸਾਨਮੋਰਚੇ ਨੂੰ ਫਿਰਕੂ ਤੇ ਭੜਕਾਊ ਪੁੱਠ ਦੇਣ ਵਾਲੀਆਂ ਸਾਰੀਆਂ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਦੀ ਨਿੰਦਾ ਕਰਦੇ ਹਾਂ।

2. ਸ਼ਲਾਘਾਯੋਗ ਗੱਲਾਂ

* ਕਿਸਾਨ ਜੱਥੇਬੰਦੀਆਂ ਵੱਲੋਂ ਭਾਰਤੀ ਕਿਸਾਨ ਅੰਦੋਲਨ ਨੂੰ ਨਿਹਾਇਤ ਸ਼ਾਂਤਮਈ ਅਤੇ ਨਿਹਾਇਤ ਹੀ ਅਨੁਸ਼ਾ-ਸਨ-ਬੱਧ ਤਰੀਕੇ ਨਾਲ਼ ਚਲਾਉਣ ਦੀ ਪੁਰ-ਜ਼ੋਰ ਸ਼ਲਾਘਾ ਕਰਦੇ ਹਾਂ।
* ਕਿਸਾਨ ਜੱਥੇਬੰਦੀਆਂ ਵੱਲੋਂ, ਭਾਰਤੀ ਕਿਸਾਨ ਅੰਦੋਲਨ ਨੂੰ ਮੌਕਾਪ੍ਰਸਤ ਰਾਜਨੀਤਕ ਪਾਰਟੀਆਂ; ਧਾਰਮਿਕ ਅਤੇ ਫਿਰਕੂ ਰੁਝਾਨਾਂ ਤੋਂ ਨਿਰਲੇਪ ਰੱਖ ਕੇ, ਇਸ ਅੰਦੋਲਨ ਨੂੰ ਲੋਕ-ਏਕਤਾ ਦਾ ਪ੍ਰਤੀਕ ਬਣਾ ਕੇ ਚਲਾਉਣ ਦੀ ਭਰਪੂਰ ਪ੍ਰਸ਼ੰਸਾ ਕਰਦੇ ਹਾਂ।
* ਕਿਸਾਨ-ਮਜ਼ਦੂਰ ਭਾਈਚਾਰੇ ਦੀਆਂ, ਅੰਦੋਲਨਕਾਰੀਆਂ ਲਈ ਅਤੇ ਲੋੜਵੰਦ ਸਰਕਾਰੀ ਅਮਲੇ-ਫੈਲੇ ਵਾਸਤੇ ਦਿਲ-ਖੋਲ੍ਹਵੇਂ ਲੰਗਰ ਲਾਉਣ ਦੀਆਂ ਨਿਰ-ਵਿਤਕਰਾ ਸੇਵਾਵਾਂ, ਦੀ ਭਰਪੂਰ ਪ੍ਰਸ਼ੰਸਾ ਕਰਦੇ ਹਾਂ।
* ਅੰਤਰ-ਰਾਸ਼ਟਰੀ ਸੰਸਥਾਵਾਂ ਅਤੇ ਪਰਵਾਸੀ ਭਾਰਤੀਆਂ ਵੱਲੋਂ ਮੈਡੀਕਲ ਸਹਾਇਤਾ, ਰੋਸ ਮੁਜ਼ਾਹਰੇ, ਅਤੇ ਮੀਡੀਆ ਰਿਪੋਰਟਾਂ ਰਾਹੀਂ ਕਿਸਾਨ ਸੰਘਰਸ਼ ਦੀ ਹਮਾਇਤ ਦੀ ਭਰਪੂਰਪ੍ਰਸ਼ੰਸਾ ਕਰਦੇ ਹਾਂ।
* ਆਗੂ ਜੱਥੇਬੰਦੀਆਂ ਦੁਆਰਾ, ਸਰਕਾਰੀ ਏਜੰਸੀਆਂ ਵੱਲੋਂ ਘੁਸਪੈਠ ਕਰਕੇ ਅੰਦੋਲਨ ਨੂੰ ਗ਼ਲਤ ਦਿਸ਼ਾ ਵਿੱਚ ਭਟਕਾਉਣ ਤੋਂ ਮੁਕਤ ਰੱਖਣ ਦੀ ਭਰਪੂਰ ਸ਼ਲਾਘਾ ਕਰਦੇ ਹਾਂ।
* ਆਗੂ ਜੱਥੇਬੰਦੀਆਂ ਦੇਜਾਣੀਆਂ-ਪਛਾਣੀਆਂ ਸਰਕਾਰੂ ਚਾਲਾਂ ਤੋਂ ਚੁਕੰਨੇ ਰਹਿਣ ਦੀ ਰਣਨੀਤੀ ਦੀਭਰਪੂਰ ਸ਼ਲਾਘਾ ਕਰਦੇ ਹਾਂ:

ਹੈਂਕੜਬਾਜ ਹਕੂਮਤ 'ਪਾੜੋ ਤੇ ਰਾਜ ਕਰੋ' ਦੀ ਸਿੱਕੇਬੰਦ ਰਾਜਨੀਤੀ ਦੀ ਬੇਰਹਿਮ ਵਰਤੋਂ ਕਰ ਸਕਦੀ ਹੈ;ਕਿਸੇ ਨਾ ਕਿਸੇ ਬਹਾਨੇ ਅੰਦੋਲਨਕਾਰੀਆਂ ਉੱਤੇ ਅੱਤਵਾਦੀ, ਵੱਖਵਾਦੀ, ਫਿਰਕੂ, ਮਾਓਵਾਦੀ, ਨਕਸਲਵਾਦੀ, ਅਤੇ ਦੇਸ਼-ਧ੍ਰੋਹੀ ਹੋਣ ਦੇ ਇਲਜ਼ਾਮ ਲਾ ਕੇ ਕਿਸੇ ਵੀ ਸੂਬੇ (ਵਿਸ਼ੇਸ਼ ਤੌਰ 'ਤੇ ਪੰਜਾਬ) ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਸਕਦੀ ਹੈ; ਦੇਸ਼ ਨੂੰ ਸੈਨਾ ਜਾਂ ਸੁਰੱਖਿਆ ਬਲਾਂ ਦੇ ਹਵਾਲੇ ਕਰ ਸਕਦੀ ਹੈ; ਘੇਰਾਬੰਦੀ ਕਰਕੇ ਅੰਦੋਲਨਕਾਰੀਆਂ ਦਾ ਘਾਣ ਕਰ ਸਕਦੀ ਹੈ; ਕਿਸਾਨਾਂ ਦੇ ਚਰਿੱਤਰ ਨੂੰ ਬਦਨਾਮ ਕਰਨ ਦੀਆਂ ਸਾਜ਼ਸ਼ਾਂ ਰਚ ਸਕਦੀ ਹੈ; ਝੂਠੇ ਕੇਸ ਮੜ੍ਹ ਸਕਦੀ ਹੈ।

* ਕਿਸਾਨ-ਮਜ਼ਦੂਰ ਏਕਤਾ ਦੇ ਸੰਘਰਸ਼ ਦੀ ਹਮਾਇਤ ਵਿੱਚ, ਭਾਰਤ ਸਰਕਾਰ ਨੂੰ ਰੋਸ ਵਜੋਂ, ਆਪਣੇ ਤਗਮੇ ਅਤੇ ਮਾਣ-ਸਨਮਾਨ ਵਾਪਸ ਕਰਨ ਵਾਲ਼ੇ (ਨੇਤਾਵਾਂ ਅਤੇ ਰਾਜਸੀ ਪ੍ਰਸ਼ਾਸਨ ਨਾਲ ਜੁੜੇ ਲੋਕਾਂ ਨੂੰ ਛੱਡਕੇ), ਅਤੇ ਅਹਿਮ ਸਰਕਾਰੀ ਨੌਕਰੀਆਂ ਤੋਂ ਅਸਤੀਫ਼ੇ ਦੇਣ ਵਾਲ਼ੇਲੋਕਾਂ ਦੀ ਭਰਪੂਰ ਸ਼ਲਾਘਾ ਕਰਦੇ ਹਾਂ।
* ਸਾਰੀਆਂ ਕਿਸਾਨ ਜੱਥੇਬੰਦੀਆਂ, ਉਹਨਾਂ ਦੇ ਮੋਢੇ ਨਾਲ਼ ਮੋਢਾ ਡਾਹ ਕੇ ਡਟੀਆਂ ਹੋਈਆਂ ਹੋਰ ਜੱਥੇਬੰਦੀਆਂ ਤੇ ਯੂਨੀਅਨਾਂ, ਅਤੇ ਇਹਨਾਂ ਦੀ ਹਮਾਇਤ 'ਚ ਨਿੱਤਰੇ ਜਨ-ਸਧਾਰਨ ਦੀ ਭਰਪੂਰ ਉਪਮਾ ਕਰਦੇ ਹਾਂ।
* ਅਸੀਂ ਆਗੂ ਜੱਥੇਬੰਦੀਆਂ ਦੁਆਰਾ ਕਿਸਾਨਾਂ ਦੇ ਇਸ ਵਿਆਪਕ ਰੋਹ ਨੂੰ ਇੱਕ ਅਨੁਸ਼ਾਸਨ-ਬੱਧ ਭਾਰਤੀ ਜਨ ਅੰਦੋਲਨਵਿੱਚ ਤਬਦੀਲ ਕਰਕੇ ਆਪਣੇ ਅੰਦੋਲਨ ਨੂੰ ਜਿੱਤ ਦੀ ਮੰਜ਼ਲ ਤੱਕ ਪਹੁੰਚਾਉਣ ਦੇ ਨਿਰੰਤਰ, ਅਡੋਲ ਅਤੇ ਅਣਥੱਕ ਯਤਨਾਂ ਦੀ ਭਰਪੂਰ ਸ਼ਲਾਘਾ ਕਰਦੇ ਹਾਂ।

ਭਾਰਤੀ ਕਿਸਾਨ ਅੰਦੋਲਨ: ਜ਼ਿੰਦਾਬਾਦ!
ਕਿਸਾਨ-ਮਜ਼ਦੂਰ ਏਕਤਾ: ਜ਼ਿੰਦਾਬਾਦ!
ਜਨ ਅੰਦੋਲਨ: ਜ਼ਿੰਦਾਬਾਦ! ਜੈ ਜਨਤਾ, ਜੈ ਸੰਘਰਸ਼!

ਵੱਲੋਂ:
1. ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ
2. ਪੰਜਾਬੀ ਸਾਹਿਤਕ ਅਤੇ ਸੱਭਿਆਚਾਰਕ ਵਿਚਾਰ ਮੰਚ, ਸਰ੍ਹੀ
3. ਵਤਨੋਂ ਦੂਰ ਆਰਟ ਫਾਊਂਡੇਸ਼ਨ, ਸਰ੍ਹੀ
4. ਸ਼ਬਦ-ਲੋਕ, ਸਰ੍ਹੀ
5. ਸ਼ਹੀਦ ਊਧਮ ਸਿੰਘ ਹੈਲਪਿੰਗ ਹੈਂਡ ਫਾਊਂਡੇਸ਼ਨ, ਸਰ੍ਹੀ
6. ਤਰਕਸ਼ੀਲ ਸੱਭਿਆਚਾਰਕ ਸੁਸਾਇਟੀ ਆਫ਼ ਕੈਨੇਡਾ
7. ਗਲੋਬਲ ਪੰਜਾਬ ਫਾਊਂਡੇਸ਼ਨ, ਵੈਨਕੂਵਰ ਚੈਪਟਰ
8. ਈਸਟ ਇੰਡੀਅਨ ਡੀਫੈਂਸ ਕਮੇਟੀ
9. ਪੰਜਾਬ ਸਪੋਰਟਸ ਕਲੱਬ, ਕੈਮਲੂਪਸ
10. ਕੈਮਲੂਪਸ ਫਰੈਂਡਜ਼ ਕਲੱਬ, ਕੈਮਲੂਪਸ
11. ਇੰਡੀਆ ਕਿਸਾਨ:ਇਕ, ਕੈਮਲੂਪਸ
12. ਪ੍ਰੋਗਰੈਸਿਵ ਆਰਟਸ ਕਲੱਬ, ਸਰ੍ਹੀ
13. ਵਤਨ (ਔਨਲਾਈਨ ਪੰਜਾਬੀ ਮੈਗਜ਼ੀਨ)
14. ਵੈਨਕੂਵਰ ਵਿਚਾਰ ਮੰਚ
15. ਦਿਸ਼ਾ (ਕੈਨੇਡੀਅਨ ਪੰਜਾਬੀ ਔਰਤਾਂ ਦੀ ਜੱਥੇਬੰਦੀ)
16. ਦ ਲਿਟ੍ਰੇਰੀ ਰਿਫ਼ਲੈਕਸ਼ਨਜ਼, ਟੋਰਾਂਟੋ
17. ਮਮਤਾਫਾਊਂਡੇਸ਼ਨ ਆਫ਼ ਕੈਨੇਡਾ, ਸਰ੍ਹੀ
18. ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ
19. ਸਿੱਖ ਵਿਰਸਾ ਇੰਟਰਨੈਸ਼ਨਲ (ਮਾਸਿਕ), ਕੈਲਗਰੀ
20. ਕੈਲਗਰੀ ਬੱਸ ਅਪਰੇਟਰਜ਼ ਸੁਸਾਇਟੀ, ਕੈਲਗਰੀ
21. ਅਰਪਨ ਲਿਖਾਰੀ ਸਭਾ, ਕੈਲਗਰੀ
22. ਲੋਕ ਵਿਰਸਾ ਕਲਚਰਲ ਐਸੋਸੀਏਸ਼ਨ ਆਫ਼ ਬੀ ਸੀ, ਐਬਟਸਫੋਰਡ
23. ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਆਫ਼ ਅਲਬਰਟਾ, ਐਡਮੰਟਨ
24. ਮੇਪਲ ਲੀਫ਼ ਰਾਈਟਰਜ਼ ਫਾਊਂਡੇਸ਼ਨ ਆਫ਼ ਐਡਮੰਟਨ
25. ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮੰਟਨ
26. ਪੰਜਾਬੀ ਹੈਰੀਟੇਜ਼ ਥੀਏਟਰ ਸੁਸਾਇਟੀ ਆਫ਼ ਅਲਬਰਟਾ, ਐਡਮੰਟਨ
27. ਪੰਜਾਬੀ ਕਲਚਰਲ ਐਸੋਸੀਏਸ਼ਨ, ਐਡਮੰਟਨ
28. ਕਹਾਣੀ ਵਿਚਾਰ ਮੰਚ, ਟੋਰਾਂਟੋ
29. ਪੰਜਾਬੀ ਕਲਮਾਂ ਦਾ ਕਾਫ਼ਲਾ, ਟੋਰਾਂਟੋ
30. ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਆਫ਼ਉਂਟਾਰੀਓ, ਟੋਰਾਂਟੋ
31. ਕੈਨੇਡੀਅਨ ਪੰਜਾਬੀ ਸਾਹਿਤ ਸਭਾ, ਟੋਰਾਂਟੋ
32. ਰੇਡੀਓ ਧਮਾਲ, ਵਿਨੀਪੈੱਗ
33. ਗੁਰਸ਼ਰਨ ਸਿੰਘ ਮੈਮੋਰੀਅਲ ਲੈਕਚਰ ਕਮੇਟੀ, ਵੈਨਕੂਵਰ
34. ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ
35. ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ), ਸਰ੍ਹੀ
36. ਇੰਡੋ-ਕੈਨੇਡੀਅਨ ਪ੍ਰੋਗਰੈਸਿਵ ਮੰਚ, ਐਬਟਸਫੋਰਡ
37. ਪੰਜਾਬੀ ਸਾਹਿਤ ਸਭਾ ਅਤੇ ਕਲਚਰਲ ਸੁਸਾਇਟੀ ਆਫ਼ ਕੈਲਗਰੀ
38. ਪੰਜਾਬੀ ਲਿਖਾਰੀ ਸਭਾ, ਕੈਲਗਰੀ
39. ਪੰਜਾਬੀਸ਼ਬਦ-ਸਾਂਝ, ਕੈਲਗਰੀ
40. ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ, ਕੈਲਗਰੀ
41. ਕੈਲਗਰੀਵੂਮੇਨ ਕਲਚਰਲ ਐਸੋਸੀਏਸ਼ਨ, ਕੈਲਗਰੀ
42. ਪੰਜਾਬੀ ਅਖ਼ਬਾਰ, ਕੈਲਗਰੀ
43. ਪ੍ਰੋਗਰੈਸਿਵ ਕਲਾ ਮੰਚ, ਕੈਲਗਰੀ
44. ਪੰਜਾਬੀ ਸਾਹਿਤਕ ਅਤੇ ਸੱਭਿਆਚਾਰਕ ਸਭਾ, ਵਿਨੀਪੈੱਗ
45. ਡੈਮੋਕਰੇਸੀ, ਇਕੁਆਲਿਟੀ ਐਂਡ ਸੈਕੂਲਰਿਜਮ ਇਨ ਸਾਊਥ ਏਸ਼ੀਆ, ਵਿਨੀਪੈੱਗ
46. ਸਾਹਿਤ ਵਿਚਾਰ ਮੰਚ, ਵਿਨੀਪੈੱਗ
47. ਨਵ-ਸਵੇਰ (ਮਾਸਿਕ), ਵਿਨੀਪੈੱਗ
48. ਵਾਇਸ ਆਫ਼ ਇੰਡੀਆ ਮੀਡੀਆ ਗਰੁੱਪ, ਵਿਨੀਪੈੱਗ
49. ਪੰਜਾਬੀ ਆਰਸੀ ਰਾਈਟਰਜ਼ ਕਲੱਬ ਇੰਟਰਨੈਸ਼ਨਲ, ਸਰ੍ਹੀ
50. ਰੇਡੀਓ ਆਵਾਜ਼, ਵਿਨੀਪੈੱਗ
51. ਸਰੋਕਾਰਾਂ ਦੀ ਆਵਾਜ਼ (ਮਾਸਿਕ), ਟੋਰਾਂਟੋ52.ਪੀਪਲਜ਼' ਅਲਟਰਨੇਟ ਮੀਡੀਆ, ਕੈਨੇਡਾ
53. ਕਲਮੀ ਪ੍ਰਵਾਜ਼ ਮੰਚ, ਸਰ੍ਹੀ
54. ਪ੍ਰੋਗਰੈਸਿਵ ਨਾਰੀ ਕਲਚਰਲ ਐਸੋਸੀਏਸ਼ਨ, ਸਰ੍ਹੀ
55. ਕੈਲਗਰੀ ਸਕੂਲ ਆਫ਼ ਡਰਾਮਾ ਐਂਡ ਆਰਟਸ, ਕੈਲਗਰੀ
56. ਇੰਡੋ-ਕੈਨੇਡੀਅਨ ਕਮਿਓਨਿਟੀ ਐਸੋਸੀਏਸ਼ਨ, ਕੈਲਗਰੀ
57.ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ, ਟੋਰਾਂਟੋ
58. ਨੌਰਥ ਐਮੇਰਿਕਨ ਤਰਕਸ਼ੀਲ ਸੁਸਾਇਟੀ ਉਂਟਾਰੀਓ, ਬਰੈਂਪਟਨ
59.ਇੰਡੋ-ਕੈਨੇਡੀਅਨ ਐਸੋਸੀਏਸ਼ਨ ਆਫ਼ ਇੰਮੀਗਰੈਂਟ ਸੀਨੀਅਰਜ਼, ਕੈਲਗਰੀ
60. ਕੈਨੇਡੀਅਨ ਐਸੋਸੀਏਸ਼ਨ ਫ਼ਾਰ ਹਿਊਮਨ ਰਾਈਟਸ, ਸਰ੍ਹੀ

## ਮਮਤਾ ਬੈਨਰਜੀ ਨੇ ਕਿਹਾ : ਓਵੈਸੀ ਨੂੰ ਪੈਸੇ ਦੀ ਤਾਕਤ ਨਾਲ ਬੰਗਾਲ ਲਿਆ ਰਹੀ ਏ ਭਾਜਪਾ

ਜਲਪਾਈਗੁੜੀ, 17 ਦਸੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ਼ ਲਾਇਆ ਹੈ ਕਿ ਭਾਜਪਾ ਪੈਸੇ ਦੀ ਤਾਕਤ ਨਾਲ ਅਸਦੁਦੀਨ ਓਵੈਸੀ ਦੀ ਪਾਰਟੀ ਇੰਡੀਆ ਮਜਲਿਸ-ਏ-ਇੱਤੇਹਾਦੁਲ ਮੁਸਿਲਮੀਨ (ਏ ਆਈ ਐਮ ਆਈ ਐਮ) ਨੂੰ ਪੱਛਮੀ ਬੰਗਾਲ ਵਿੱਚ ਲਿਆਉਣ ਲੱਗੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਭਾਜਪਾ ਫਿਰਕੂ ਧਰੁਵੀਕਰਨ ਕਰਨਾ ਚਾਹੁੰਦੀ ਹੈ ਅਤੇ ਹਿੰਦੂ-ਮੁਸਲਿਮ ਵੋਟਾਂ ਆਪਸ ਵਿੱਚ ਵੰਡਣਾ ਚਾਹੁੰਦੀ ਹੈ।

ਮਮਤਾ ਨੇ ਜਲਪਾਈਗੁੜੀ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੁਸਲਿਮ ਵੋਟਾਂ ਵੰਡਣ ਦੇ ਉਦੇਸ਼ ਨਾਲ ਹੈਦਰਾਬਾਦ ਦੀ ਇੱਕ ਪਾਰਟੀ ਨੂੰ ਇੱਥੇ ਲਿਆਉਣ ਖਾਤਰ ਭਾਜਪਾ ਕਰੋੜਾਂ ਰੁਪਏ ਖਰਚ ਕਰ ਰਹੀ ਹੈ। ਯੋਜਨਾ ਹੈ ਕਿ ਹਿੰਦੂ ਵੋਟਾਂ ਭਾਜਪਾ ਵੱਲ ਚਲੀਆਂ ਜਾਣਗੀਆਂ ਤੇ ਮੁਸਲਿਮ ਵੋਟਾਂ ਹੈਦਰਾਬਾਦ ਦੀ ਇਸ ਪਾਰਟੀ ਨੂੰ ਮਿਲ ਜਾਣਗੀਆਂ। ਉਨ੍ਹਾਂ ਕਿਹਾ ਕਿ ਪਿੱਛੇਜਿਹੇ ਬਿਹਾਰ ਚੋਣਾਂ ਵਿੱਚ ਵੀ ਉਨ੍ਹਾਂ ਇਹੀ ਕੀਤਾ ਸੀ। ਇਹ ਪਾਰਟੀ ਭਾਜਪਾ ਦੀ ਬੀ-ਟੀਮ ਹੈ।

ਓਧਰ ਕੂਚਬਿਹਾਰ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਮਮਤਾ ਬੈਨਰਜੀ ਨੇ ਦੋਸ਼ ਲਾਇਆ ਕਿ ਭਾਜਪਾ ਤ੍ਰਿਣਮੂਲ ਕਾਂਗਰਸ ਵਿੱਚ ਫੁੱਟ ਪਾਉਣ ਤੇ ਉਸ ਦੇ ਨੇਤਾਵਾਂ ਨੂੰ ਆਪਣੇ ਵਿੱਚ ਆਉਣ ਲਈ ਮਜ਼ਬੂਰ ਕਰਨ ਲਈ ਪੈਸਿਆਂ ਦੇ ਥੈਲਿਆਂ ਦੇ ਨਾਲ ਜੇਲ੍ਹ ਦਾ ਡਰ ਦਿਖਾ ਰਹੀ ਹੈ। ਉਨ੍ਹਾਂ ਕਿਹਾ ਕਿ ਆਰ ਐਸ ਐਸ ਦਾ ਹਿੰਦੂ ਧਰਮ ਸਾਨੂੰ ਮਨਜ਼ੂਰ ਨਹੀਂ। ਉਨ੍ਹਾਂ ਪਾਰਟੀ ਦਾ ਸਾਥ ਛੱਡਣ ਵਾਲਿਆਂ ਨੂੰ ਮੌਕਾਪ੍ਰਸਤ ਦੱਸ ਕੇ ਕਿਹਾ ਕਿ ਭਾਜਪਾ ਨੇਤਾਵਾਂ ਦਾ ਸਾਹਸ ਦੇਖੋ ਕਿ ਸਾਡੀ ਪਾਰਟੀ ਦੇ ਸੂਬਾ ਪ੍ਰਧਾਨ ਸੁਬਰਤ ਬਖਸ਼ੀ ਨੂੰ ਭਗਵਾ ਪਾਰਟੀ ਵਿੱਚ ਸ਼ਾਮਲ ਹੋਣ ਲਈ ਕਹਿੰਦੇ ਹਨ। ਪਾਰਟੀ ਨਾਲ ਲੰਬੇ ਸਮੇਂ ਤੋਂ ਜੁੜੇ ਨੇਤਾ ਹੀ ਸਾਡੇ ਲਈ ਅਸਲੀ ਖਜ਼ਾਨਾ ਹਨ। ਅਸੀਂ ਲੜਾਂਗੇ ਅਤੇ ਵਿਧਾਨ ਸਭਾ ਵਿੱਚ ਉਨ੍ਹਾਂ ਨੂੰ ਹਰਾਵਾਂਗੇ।


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ



647-998-7500 ਬਲਵਿੰਦਰ

Visions of Punjab





VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh



416.670.3173 | 905.799.7333
27 Edvac Dr, Brampton, ON L6S 5X8

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

# ਭਾਰਤ ਵਲੋਂ ਟਰੂਡੋ ਦੀ ਅਲੋਚਨਾ -ਸਿਰਫ਼ ਵੋਟਾਂ ਲਈ ਬਾਅਨਬਾਜੀ ਕਰਾਰ

ਸੁਰਜੀਤ ਸਿੰਘ ਫਲੋਰਾ







ਕਿਸਾਨਾਂ ਵਲੋਂ ਆਪਣੇ ਹੱਕਾਂ ਲਈ ਜੋ ਭਾਰਤੀ ਮੋਦੀ ਸਰਕਾਰ ਦੇ ਵਿਰੋਧ ਵਿਚ ਮੁਹਿਮ ਚਲਾਈ ਹੈ, ਉਸ ਨੂੰ ਇਕੱਲੇ ਭਾਰਤ ਵਿਚ ਹੀ ਨਹੀਂ ਬੱਲਕੇ ਜਿਥੇ ਵੀ ਪੰਜਾਬੀ ਬੈਠਾ ਹੈ ਆਪਣੀ ਜਨਮ ਭੂਮੀ ਦੀ ਰੱਖਿਆਂ ਲਈ ਡੱਟ ਚੁਕਿਆਂ ਹੈ। ਉਹ ਇਗਲੈਂਡ ਹੋਵੇ ਜਾਂ ਫਰਾਂਸ, ਅਮਰੀਕਾ ਹੋਵੇ ਜਾਂ ਕੈਨੇਡਾ, ਸਭ ਵਲੋਂ ਹਰ ਆਏ ਦਿਨ ਮੋਦੀ ਸਰਕਾਰ ਦੇ ਖਿਲਾਫ਼ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਕੱਲ੍ਹ ਐਤਵਾਰ ਨੂੰ ਬਰੈਂਪਟਨ ਵਿਚ ਸ਼ਾਪਰਸ ਵਰਲਡ ਮਾਲ ਤੇ ਫੂਡ ਬੇਸਕ ਭਾਂਵ ਸਟੀਲਜ਼ ਅਤੇ ਮੇਨ ਸਟਰੀਟ ਤੇ ਰੈਲੀ ਕੀਤੀ ਗਈ। ਜਿਥੇ ਭਾਰਤੀ ਜਨਮ ਭੂਮੀ ਦੇ ਹੀ ਆਪਣੀ ਮਿੱਟੀ ਦਾ ਕਰਜ਼ ਅਦਾ ਕਰਨ ਲਈ ਇਕੱਠੇ ਹੋਏ ਸਗੋਂ ਕੈਨੇਡੀਅਨ ਜਨਮੇ ਬੱਚੇ ਵੀ ਅੱਗੇ ਆ ਕੇ ਆਪਣੇ ਮੋਦੀ ਸਰਕਾਰ ਪ੍ਰਤੀ ਹਾਵ ਭਾਂਵ ਪੂਰਦੇ ਨਜ਼ਰ ਆਏ।

ਜਿਥੇ ਵੱਖ ਵੱਖ ਦੇਸ਼ਾਂ ਵਲੋਂ ਮੋਦੀ ਸਰਕਾਰ ਦੀ ਅਲੋਚਨਾਂ ਕੀਤੀ ਜਾਂ ਰਹੀ ਹੈ ਉਥੈ ਕੈਨੇਡੀਅਨ ਲਿਬਰਲ ਟਰੂਡੋ ਸਰਕਾਰ ਤੇ ਉਸ ਦੇ ਮੈਂਬਰਾਂ ਵਲੋਂ ਵੀ ਬੇਖੌਫ਼ ਕਿਸਾਨਾਂ ਦਾ ਸਾਥ ਦੇਣ ਹਿੱਤ ਅਵਾਜ਼ ਬੁਲੰਦ ਕੀਤੀ ਹੈ।

ਫਿਰ ਭਾਰਤ ਵਿਚ ਕੁਝ ਸੇਵਾਮੁਕਤ ਡਿਪਲੋਮੈਟਾਂ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਲੋਚਨਾਂ ਕਰਦਿਆਂ ਇੱਕ "ਖੁੱਲਾ ਪੱਤਰ" ਲਿਖਿਆ, ਉਨ੍ਹਾਂ ਦੇ ਮੰਤਰੀ ਮੰਡਲ ਦੇ ਹੋਰ ਮੰਤਰੀ ਭਾਰਤ ਵਿੱਚ ਕਿਸਾਨਾਂ ਦੁਆਰਾ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨ ਤੇ ਚਿੰਤਾ ਜ਼ਾਹਰ ਕਰਨ ਲਈ। ਉਹਨਾਂ ਲਿਖਿਆ ਹੈ ਕਿ ਭਾਰਤ ਦੇ ਕਿਸਾਨਾਂ ਦੇ ਚੱਲ ਰਹੇ ਪ੍ਰਦਸ਼ਨ ਬਾਰੇ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਦੇ ਬਿਆਨ ਨੂੰ ਭਾਰਤੀ ਸਫੀਰਾਂ ਦੇ ਸਮੂਹ ਨੇ ਬੇਲੋੜਾ, ਜਮੀਨੀ ਸਚਾਈਆਂ ਤੋਂ ਦੂਰ ਅਤੇ ਕੇਵਲ ਬਲਦੀ ਅੱਗ ਵਿਚ ਘਿਉ ਪਾਉਣ ਦੇ ਬਾਰਬਰ ਗਰਦਾਨਿਆਂ ਹੈ। ਇਹਨਾਂ ਸਫ਼ੀਰਾਂ ਨੇ ਇਹ ਵੀ ਕਿਹਾ ਹੈ ਕਿ ਟਰੂਡੋ ਦੀ ਬਿਆਨਬਾਜੀ ਅਤੇ ਕੈਨੇਡਾ ਦੇ ਸਮਰਥਨ ਨਾਲ ਭਾਰਤ ਦੇ ਪ੍ਰਦਰਸ਼ਨਕਾਰੀਆਂ ਨੂੰ ਹੋਰ ਹੌਸਲਾਂ ਮਿ-ਲਆ ਹੈ ਜਿਸ ਨਾਲ ਉਹ ਹੋਰ ਵੀ ਸਰਗਰਮ ਹੋ ਗਏ ਹਨ।

ਉਹਨਾਂ ਇਹ ਵੀ ਲਿਖਿਆਂ ਹੈ ਕਿ ਕੈਨੇਡਾ ਦੀਆਂ ਕਈ ਸਿਆਸੀ ਪਾਰਟੀਆਂ ਅਤੇ ਲੀਡਰਾਂ ਵਲੋਂ ਵੋਟ ਬੈਂਕ ਦੀ ਲਾਲਸਾ ਹੇਠ ਰਾਜਨੀਤੀ ਕਰਨ ਕਰਕੇ ਕੀਤੇ ਪ੍ਰਚਾਰ ਨਾਲ ਦੋਨੋਂ ਤਰਫਾਂ ਤੋਂ ਸਿਆਸੀ ਸਮੀਕਰਨਾਂ ਦਰਮਿਆਨ ਤਣਾਅ ਹੋਰ ਵੱਧ ਚੁਕਾ ਹੈ। ਉਹਨਾਂ ਅੱਗੇ ਇਹ ਵੀ ਲਿਖਿਆ ਹੈ ਕਿ ਵੱਖਵਾਦੀਆਂ ਅਤੇ ਹਿੰਸਕ ਖਾਲਿਸਤਾਨੀ ਤੱਤਾਂ ਵਲੋਂ ਕੈਨੇਡਾ ਦੀ ਸੁਰੱਖਿਅਤ ਧਰਤੀ ਤੋਂ ਭਾਰਤ ਵਿਰੋਧੀ ਸਰਗਰਮੀਆਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਭਾਰਤ ਸਫ਼ੀਰਾਂ ਦੇ ਸਮੂਹ ਵਿਚ ਸਾਵਕਾ ਸਫੀਰ ਵਿਸਨੂੰ ਪ੍ਰਕਾਸ਼, ਅਜੇ ਸਵਰੂਪ, ਜੀ ਐਸ ਆਈਤਰ ਅਤੇ ਐਸ ਕੇ ਮਾਥੂਰ ਦੇ ਨਾਂ ਸ਼ਾਮਿਲ ਹਨ।

ਸਮੂਹ ਵਲੋਂ ਅੱਗੇ ਪੱਤਰ ਵਿਚ ਇਹ ਵੀ ਲਿਖਿਆਂ ਹੈ ਕਿ ਲਿਬਰਲ ਪਾਰਟੀ ਦੇ ਕੁਝ ਲੋਕਾ ਨੂੰ ਖੁਸ਼ ਕਰਨ ਲਈ ਭਾਰਤ ਦੇ ਅਦਰੂਨੀ ਮਾਮਲਿਆਂ ਵਿਚ ਟਰੂਡੋ ਸਰਕਾਰ ਸਿੱਧੀ ਦਖਲ ਅੰਦਾਜ਼ੀ ਕਰ ਰਹੀ ਹੈ ਜੋ ਮੁਢੋ ਹੀ ਅਵਸਵੀਕਾਰਨ ਯੋਗ ਹੈ ਤੇ ਇਸ ਦੇ ਸਿੱਟੇ ਦੋਨੋਂ ਦੇਸ਼ਾਂ ਦੇ ਸਬੰਧਾਂ ਨੂੰ ਧੁੰਦਲੇ ਕਰੇਗਾ। ਉਹਨਾਂ ਇਹ ਵੀ ਕਿਹਾ ਕਿ ਖਾਲਿਸਤਾਨੀ ਪੱਖੀ ਤੱਤਾਂ ਦੀਆਂ ਸਰਗਰਮੀਆਂ ਤੇ ਚਿੰਤਾ ਪ੍ਰਗਟ ਕਰਦਿਆਂ ਬਿਆਨ ਵਿਚ ਕਿਹਾ ਗਿਆ ਹੈ ਕਿ ਉਨਾਂ ਵਲੋਂ ਕੈਨੇਡਾ ਦੀ ਜਵਾਨਾਂ ਨੂੰ ਵੀ ਕੱਟੜ ਬਣਾਇਆਂ ਜਾ ਰਿਹਾ ਹੈ, ਜਿਸ ਦੇ ਲੰਮੇ ਅਰਸੇ ਤੱਕ ਗੰਭੀਰ ਸਿੱਟੇ ਨਿਕਲਣਗੇ ਅਤੇ ਕਾਹਲੀ ਨਾਲ ਲਏ ਸਿਆਸੀ ਲਾਂਭ ਲਈ ਫੈਂਸਲੇ ਪੁੱਠੇ ਪੈ ਸਕਦੇ ਹਨ। ਉਹਨਾਂ ਅੰਤ ਵਿਚ ਇਹ ਵੀ ਲਿਖਿਆਂ ਹੈ ਕਿ ਪਰਦੇ ਦੇ ਪਿਛੇ ਖਾਲਿਸਤਾਨੀਆਂ ਅਤੇ ਪਾਕਿਸਤਾਨੀਆਂ ਦੇ ਕੂਟਨੀਤਕ ਅਹੁਦਿਆਂ ਵਿਚਾਲੇ ਸਹਿਯੋਗ ਵੀ ਚੱਲ ਰਿਹਾ ਹੈ।

ਪਰ ਜੇਕਰ ਅਸੀਂ ਕੁਝ ਸਾਲ ਪਹਿਲਾਂ ਦੀ ਗੱਲ ਕਰਦੇ ਹਾਂ ਤਾਂ ਉਹ ਲਿਬਰਲ ਟਰੂਡੋ ਸਰਕਾਰ ਹੀ ਸੀ ਜਿਸ ਨੇ ਕੈਨੇਡਾ ਦੇ ਸਿੱਖਾਂ ਨੂੰ ਅੱਤਵਾਦੀ ਟੈਰਰੈਸਟ ਕੈਨੇਡਾ ਦੀ ਸਕਿਊਟਰੀ ਦਾ ਮੁਲਾਕਣ ਕਰਦੇ ਹੋਏ ਲਿਖਿਆਂ ਸੀ ਤੇ ਹੁਣ ਉਹ ਹੀ ਟਰੂਡੋ ਸਰਕਾਰ ਸਿੱਖਾਂ ਨਾਲ ਖੜ੍ਹੀ ਹੋ ਰਹੀ ਹੈ, ਜੋ ਇਕ ਵੋਟਰਾਂ ਨੂੰ ਭਰਮਾਉਣ ਤੋਂ ਵੱਧ ਹੋਰ ਕੁਝ ਵੀ ਨਹੀਂ ਸਿਰਫ਼ ਇਕ ਚਾਲ ਹੈ, ਕਿਉਂਕਿ ਟਰੂਡੋ ਨੂੰ ਆਪਣੀ ਘੱਟ ਗਿਣਤੀ ਲਗੜੀ ਸਰਕਾਰ ਨੂੰ ਬਹੁ-ਗਿਣਤੀ ਮਜੋਰਟੀ ਵਿਚ ਬਦਲਣਾ ਹੈ।

# ਦਿੱਲੀ ਦੀਆਂ ਹੱਦਾਂ ’ਤੇ ਚੱਲ ਰਹੇ ਅਜੋਕੇ ਕਿਸਾਨੀ ਸੰਘਰਸ਼ ਦੀ ਵਿਲੱਖਣਤਾ

ਡਾ. ਸੁਖਦੇਵ ਸਿੰਘ ਝੰਡ
ਫੋਨ: 647-567-9128

ਪੰਜਾਬ ਵਿਚ ਪਿਛਲੇ ਤਿੰਨ ਮਹੀਨੇ ਪਹਿਲਾਂ ਸ਼ੁਰੂ ਹੋਇਆ ਕਿਸਾਨੀ ਅੰਦੋਲਨ ਹੁਣ ਤੀਸਰੇ ਮਹੀਨੇ ਦੇ ਅੰਤ ਵੱਲ ਵੱਧ ਰਿਹਾ ਹੈ। ਅੰਦੋਲਨ ਦੇ ਆਰੰਭ ਵਿਚ ਕਿਸਾਨਾਂ ਵੱਲੋਂ ਪਹਿਲਾਂ ਰੇਲ-ਪਟੜੀਆਂ ਉੱਪਰ ਬੈਠ ਕੇ ਰੇਲਾਂ ਰੋਕ ਕੇ ਆਪਣਾ ਰੋਸ ਪ੍ਰਗਟ ਕੀਤਾ ਗਿਆ। ਇਸ ਦੇ ਨਾਲ ਹੀ ਅੰਬਾਨੀਆਂ-ਅਡਾਨੀਆਂ ਦੀ ‘ਰਿਲਾਇੰਸ ਕੰਪਨੀ’ ਦੇ ਪੈਟਰੋਲ-ਪੰਪਾਂ ਅਤੇ ਵੱਡੇ-ਵੱਡੇ ਸਟੋਰਾਂ ਤੇ ਟੌਲ-ਪਲਾਜ਼ਿਆਂ ਦੇ ਅੱਗੇ ਧਰਨੇ ਦਿੱਤੇ ਗਏ। ਫਿਰ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਦੇ ਘਰਾਂ ਦੇ ਅੱਗੇ ਰੋਸ-ਮੁਜ਼ਾਹਰੇ ਕੀਤੇ ਗਏ ਅਤੇ ਉਨ੍ਹਾਂ ਦੇ ਘੇਰਾਓ ਕੀਤੇ ਗਏ। ਪੰਜਾਬ ਦੇ ਥਰਮਲ-ਪਲਾਂਟਾਂ ਵਿਚ ਵਿਚ ਕੋਇਲੇ ਦੀ ਘਾਟ ਹੋ ਜਾਣ ਕਾਰਨ ਬਿਜਲੀ ਦੀ ਕਮੀ ਪੈਦਾ ਹੋ ਗਈ ਜਿਸ ਨੂੰ ਮੁੱਖ ਰੱਖਦਿਆਂ ਹੋਇਆਂ ਅਤੇ ਹਾੜ੍ਹੀ ਬੀਜਣ ਲਈ ਡੀਏਪੀ ਤੇ ਯੂਰੀਆ ਖਾਦ ਪੰਜਾਬ ਵਿਚ ਲਿਆਉਣ ਲਈ ਕਿਸਾਨਾਂ ਨੇ ਸੂਬੇ ਵਿਚ ਮਾਲ-ਗੱਡੀਆਂ ਨੂੰ ਚੱਲਣ ਦੀ ਆਗਿਆ ਦੇ ਦਿੱਤੀ ਅਤੇ ਮੁਸਾਫ਼ਰ-ਗੱਡੀਆਂ ਨੂੰ ਇਸ ਛੋਟ ਤੋਂ ਲਾਂਭੇ ਰੱਖਿਆ। ਪਰ ਕੇਂਦਰ ਸਰਕਾਰ ਨੇ ਦੋਵੇਂ ਕਿਸਮ ਦੀਆਂ ਗੱਡੀਆਂ ਨੂੰ ਚਲਾਉਣ ਦੀ ਆਪਣੀ ਅੜੀ ਪੁਗਾਈ ਜਿਸ ਨੂੰ ਪੰਜਾਬ ਦੇ ਵੱਡੇ ਹਿੱਤਾਂ ਨੂੰ ਮੁੱਖਦਿਆਂ ਹੋਇਆਂ ਕਿਸਾਨਾਂ ਵੱਲੋਂ ਮੰਨ ਲਿਆ ਗਿਆ ਅਤੇ ਪੰਜਾਬ ਵਿਚ ਮੁਸਾਫ਼ਰ-ਗੱਡੀਆਂ ਵੀ ਚੱਲ ਪਈਆਂ। ਇਸ ਦੇ ਨਾਲ ਹੀ ਕਿਸਾਨਾਂ ਵੱਲੋਂ 5 ਨਵੰਬਰ ਨੂੰ ਦੇਸ਼-ਵਿਆਪੀ ‘ਭਾਰਤ-ਬੰਦ’ ਅਤੇ 26 ਤੇ 27 ਨਵੰਬਰ ਨੂੰ ‘ਦਿੱਲੀ-ਚੱਲੋ’ ਦੀ ‘ਕਾਲ’ ਦਿੱਤੀ ਗਈ। ਉਹ ਲੱਖਾਂ ਦੀ ਗਿਣਤੀ ਵਿਚ ਆਪਣੇ ਟਰੈਕਟਰਾਂ-ਟਰਾਲੀਆਂ ਨੂੰ ਚੱਲਦੇ-ਫਿਰਦੇ ਆਰਜ਼ੀ ਘਰਾਂ ਵਿਚ ਬਦਲ ਕੇ ਪੰਜ-ਛੇ ਮਹੀਨਿਆਂ ਦਾ ਰਾਸ਼ਨ ਲੈ ਕੇ ਇਕ-ਦੋ ਦਿਨ ਪਹਿਲਾਂ ਹੀ 24/25 ਨਵੰਬਰ ਨੂੰ ਦਿੱਲੀ ਵੱਲ ਚੱਲ ਪਏ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਰਾਹ ਵਿਚ ਕਈ ਰੁਕਾਵਟਾਂ ਤੇ ਮੁਸ਼ਕਲਾਂ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ ਅਤੇ ਉਹ ਇਹ ਵੀ ਜਾਣਦੇ ਸਨ ਕਿ ਉਨ੍ਹਾਂ ਨੂੰ ਦਿੱਲੀ ਕਈ ਹਫ਼ਤੇ ਜਾਂ ਮਹੀਨੇ ਰਹਿਣਾ ਪੈ ਸਕਦਾ ਹੈ।

ਦਿੱਲੀ ਵੱਲ ਜਾਂਦਿਆਂ ਸੰਭੂ, ਡੱਬਵਾਲੀ, ਖ਼ਨੌਰੀ, ਗੂਹਲਾ/ਚੀਕਾ ਤੇ ਹੋਰ ਬਾਰਡਰਾਂ ‘ਤੇ ਹਰਿਆਣੇ ਦੇ ਮੁੱਖ-ਮੰਤਰੀ ਮਨੋਹਰ ਲਾਲ ਖੱਟੜ ਦੀ ਬੀਜੇਪੀ ਸਰਕਾਰ ਵੱਲੋਂ ਖੜੀਆਂ ਕੀਤੀ ਗਈਆਂ ਰੋਕਾਂ ਤੇ ਭਾਰੀਆਂ ਰੁਕਾਵਟਾਂ ਨੂੰ ਪਾਰ ਕਰਦੇ ਹੋਏ ਹੁਣ ਉਹ ਦਿੱਲੀ ਦੇ ਸਿੰਘੂ, ਕੁੰਡਲੀ, ਟਿੱਕਰੀ ਤੇ ਬਹਾਦਰਗੜ੍ਹ ਬਾਰਡਰਾਂ ‘ਤੇ 30-35 ਕਿਲੋਮੀਟਰ ਲੰਮੇਂ ਕਾਫ਼ਲਿਆਂ ਦੇ ਰੂਪ ਵਿਚ ਡੇਰੇ ਜਮਾਈ ਬੈਠੇ ਹਨ। ਹਰਿਆਣੇ ਦੇ ਬਾਰਡਰ ਪਾਰ ਕਰਨ ਸਮੇਂ ਹਰਿਆਣੇ ਦੇ ਕਿਸਾਨ-ਭਰਾਵਾਂ ਨੇ ਬੜੀ ਦਲੇਰੀ, ਬਹਾਦਰੀ ਤੇ ਜੁੱਅਰਤ ਵਿਖਾਉਂਦਿਆਂ ਹੋਇਆਂ ਪੰਜਾਬੀ ਕਿਸਾਨਾਂ ਦੀ ਮਦਦ ਕੀਤੀ। ਉਹ ਆਪਣੇ ਘਰਾਂ ਤੋਂ ਕਰਾਹੇ, ਕਹੀਆਂ, ਭਾਰੇ ਸੰਗਲ ਤੇ ਵੱਡੇ ਹਥੌੜੇ (ਵਦਾਨ) ਲੈ ਕੇ ਪਹੁੰਚ ਗਏ ਅਤੇ ਸਾਰਿਆਂ ਨੇ ਮਿਲ ਕੇ ਹੱਲੇ ਬੋਲਦਿਆਂ ਹੋਇਆਂ ਇਹ ਰੋਕਾਂ/ਰੁਕਾਵਟਾਂ ਦੂਰ ਕੀਤੀਆਂ। ਉਹ ਹੁਣ ਪੰਜਾਬ ਦੇ ਕਿਸਾਨਾਂ ਨਾਲ ਦਿੱਲੀ ਜਾਣ ਵਾਲੇ ਹਾਈਵੇਜ਼ ‘ਤੇ ਧਰਨਿਆਂ ਉੱਪਰ ਬੈਠੇ ਹੋਏ ਹਨ। ਹਰਿਆਣੇ ਤੋਂ ਲੰਗਰ, ਦੁੱਧ, ਦਹੀਂ, ਲੱਸੀ, ਫ਼ਲ, ਸਬਜ਼ੀਆਂ ਤੇ ਹੋਰ ਸਾਜ਼ੋ-ਸਮਾਨ ਲਗਾਤਾਰ ਵੱਡੀ ਮਾਤਰਾ ਵਿਚ ਆ ਰਿਹਾ ਹੈ। ਓਧਰੋਂ ਉੱਤਰ-ਪ੍ਰਦੇਸ਼ ਵਾਲੇ ਪਾਸੇ ਲੱਗਦੇ ਗਾਜ਼ੀਪੁਰ ਅਤੇ ਜੈਪੁਰ ਵਾਲੇ ਪਾਸੇ ਲੱਗਦੇ ਬਾਰਡਰਾਂ ਉੱਪਰ ਯੂ.ਪੀ. ਅਤੇ ਰਾਜਸਥਾਨ ਦੇ ਕਿਸਾਨ ਵੀ ਧਰਨਿਆਂ ‘ਤੇ ਬੈਠ ਗਏ ਹਨ। ਇਸ ਤਰ੍ਹਾਂ ਪੰਜਾਬ, ਹਰਿਆਣਾ, ਉੱਤਰ-ਪ੍ਰਦੇਸ਼, ਮੱਧ-ਪ੍ਰਦੇਸ਼, ਰਾਜਸਥਾਨ ਅਤੇ ਹੋਰ ਕਈ ਸੂਬਿਆਂ ਤੋਂ ਆਏ ਕਿਸਾਨਾਂ ਵੱਲੋਂ ਦਿੱਲੀ ਨੂੰ ਆਉਣ ਵਾਲੇ ਪੰਜਾਂ ਮੁੱਖ-ਹਾਈਵੇਜ਼ ਨੂੰ ਘੇਰ ਲਿਆ ਗਿਆ ਹੈ ਅਤੇ ਉਨ੍ਹਾਂ ਨੇ ਕੇਂਦਰ ਸਰਕਾਰ ਦੇ ਨੱਕ ਵਿਚ ਦਮ ਕਰ ਛੱਡਿਆ ਹੈ। ਪਰ ਕੇਂਦਰ ਸਰਕਾਰ ਪੰਜ-ਛੇ ਗੇੜਾਂ ਵਿਚ ਹੋਈ ਗੱਲਬਾਤ ਦੌਰਾਨ ਬੇਸ਼ਕ ਇਨ੍ਹਾਂ ਤਿੰਨ ਖੇਤੀਬਾੜੀ ਕਾਨੂੰਨਾਂ ਵਿਚ ਬਹੁਤ ਸਾਰੀਆਂ ਸੋਧਾਂ ਕਰਨ ਲਈ ਤਾਂ ਮੰਨ ਗਈ ਹੈ ਪਰ ਉਹ ਇਨ੍ਹਾਂ ਨੂੰ ਵਾਪਸ ਲੈਣ ਲਈ ਹਾਮੀ ਨਹੀਂ ਭਰ ਰਹੀ, ਜਦਕਿ ਕਿਸਾਨ-ਆਗੂ ਇਨ੍ਹਾਂ ਨੂੰ ਵਾਪਸ ਲੈਣ ਤੋਂ ਬਿਨਾਂ ਪਿੱਛੇ ਹੱਟਣ ਵਾਲੇ ਨਹੀਂ ਜਾਪਦੇ।

ਇਸ ਕਿਸਾਨ ਅੰਦੋਲਨ ਵਿਚ ਬਹੁਤ ਸਾਰੀਆਂ ਵਿਲੱਖਣ ਗੱਲਾਂ ਵੇਖਣ ਵਿਚ ਆਈਆਂ ਹਨ ਜਿਨ੍ਹਾਂ ਦਾ ਜ਼ਿਕਰ ਕਰਨਾ ਇਸ ਆਰਟੀਕਲ ਦਾ ਮੁੱਖ ਵਿਸ਼ਾ ਹੈ ਅਤੇ ਉਹ ਇਸ ਪ੍ਰਕਾਰ ਹਨ:

- ਇਸ ਅੰਦੋਲਨ ਦੀ ਸੱਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਿਚ ਪੰਜਾਬ ਤੇ ਹਰਿਆਣੇ ਦੇ ਕਿਸਾਨ ‘ਵੱਡੇ-ਭਾਈ ਤੇ ‘ਛੋਟੇ-ਭਾਈ’ ਦੇ ਤੌਰ ‘ਤੇ ਵਿਚਰ ਰਹੇ ਹਨ ਅਤੇ ਉਨ੍ਹਾਂ ਦੇ ਨਾਲ ਉੱਤਰ-ਪ੍ਰਦੇਸ਼, ਮੱਧ-ਪ੍ਰਦੇਸ਼, ਰਾਜਸਥਾਨ ਤੇ ਹੋਰ ਕਈ ਸੂਬਿਆਂ ਦੇ ਕਿਸਾਨ ਵੀ ਆ ਬੈਠੇ ਹਨ। ਇਨ੍ਹਾਂ ਤੋਂ ਇਲਾਵਾ ਮਹਾਂਰਾਸ਼ਟਰ, ਕਰਨਾਟਕ, ਕੈਰਲਾ, ਬੰਗਾਲ ਤੇ ਹੋਰ ਸੂਬਿਆਂ ਦੇ ਕਿਸਾਨ ਆਪੋ-ਆਪਣੇ ਸੂਬਿਆਂ ਵਿਚ ਧਰਨੇ ਦੇ ਰਹੇ ਹਨ ਅਤੇ ਮੁਜ਼ਾਹਰੇ ਕਰ ਰਹੇ ਹਨ। ਇਸ ਤਰ੍ਹਾਂ ਇਹ ਕਿਸਾਨ ਅੰਦੋਲਨ ਹੁਣ ਦੇਸ਼-ਵਿਆਪੀ ਬਣ ਗਿਆ ਹੈ। ਇਸ ਵਿਚ ਕਿਸਾਨਾਂ ਦੇ ਨਾਲ ਆੜ੍ਹਤੀਏ, ਪੱਲੇਦਾਰ, ਛੋਟੇ ਦੁਕਾਨਦ-ਾਰ, ਮਜ਼ਦੂਰ, ਰੇੜ੍ਹੀ-ਫੜ੍ਹੀ ਵਾਲੇ ਅਤੇ ਹੋਰ ਲੱਗਭੱਗ ਸਾਰੇ ਹੀ ਵਰਗਾਂ ਦੇ ਲੋਕ ਸ਼ਾਮਲ ਹਨ। ਇੱਥੇ ਧਰਮ, ਨਸਲ ਤੇ ਜ਼ਾਤ-ਬਰਾਦਰੀ ਦਾ ਕੋਈ ਭੇਦ-ਭਾਵ ਨਜ਼ਰ ਨਹੀਂ ਆ ਰਿਹਾ।
- ਆਪਣੀ ਕਿਸਮ ਕਿਸਾਨਾਂ ਦਾ ਇਹ ਅੰਦੋਲਨ ਸੰਸਾਰ-ਭਰ ਦਾ ਸੱਭ ਤੋਂ ਵੱਡਾ ਅੰਦੋਲਨ ਹੈ ਅਤੇ ਇਹ ਕਿਸੇ ਵੀ ਕਿਸਮ ਦੀ ਰਾਜਸੀ-ਰੰਗਤ ਤੋਂ ਕੋਹਾਂ ਦੂਰ ਪੂਰਨ ਸ਼ਾਂਤਮਈ ਢੰਗ ਨਾਲ ਚੱਲ ਰਿਹਾ ਹੈ। ਪਿਛਲੇ ਤਿੰਨ ਮਹੀਨਿਆਂ ਤੋਂ ਕੋਈ ਵੀ ਮਾੜੀ ਘਟਨਾ ਵੇਖਣ-ਸੁਣਨ ਨੂੰ ਨਹੀਂ ਮਿਲੀ। ਇਸ ਦੇ ਲਈ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨ ਪਾਲ, ਬੂਟਾ ਸਿੰਘ ਬੁਰਜਵਾਲ, ਰੁਲਦਾ ਸਿੰਘ ਮਾਣਸਾ, ਆਦਿ ਲੀਡਰਾਂ ਦੀ ਅਗਵਾਈ ਹੇਠ ਕਿਸਾਨ ਲੀਡਰਸ਼ਿਪ ਦੀ ਸੂਝ ਅਤੇ ਲੋਕਾਂ ਦੀ ਸਿਆਣਪ ਦੀ ਦਾਤ ਦੇਣੀ ਬਣਦੀ ਹੈ।
- ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਜਰਮਨੀ, ਸਪੇਨ ਆਦਿ ਬਹੁਤ ਸਾਰੇ ਦੇਸ਼ਾਂ ਤੋਂ ਲੋਕਾਂ ਵੱਲੋਂ ਵੱਖ-ਵੱਖ ਥਾਵਾਂ ‘ਤੇ ਕਾਰ-ਰੈਲੀਆਂ ਕੱਢ ਕੇ ਅਤੇ ਸੜਕਾਂ ਦੇ ਦੋਹੀਂ ਪਾਸੀਂ ਵੱਡੇ-ਵੱਡੇ ਬੈਨਰ ਤੇ ਪੋਸਟਰ ਫੜ੍ਹ ਕੇ ਸਾਰਾ-ਸਾਰਾ ਦਿਨ ਖਲੋ ਕੇ ਭਾਰਤੀ ਕਿਸਾਨਾਂ ਨਾਲ ਇਕਜੁੱਟਤਾ ਵਿਖਾ ਕੇ ਉਨ੍ਹਾਂ ਦੇ ਇਸ ਅੰਦੋਲਨ ਦੀ ਹਮਾਇਤ ਕੀਤੀ ਗਈ ਅਤੇ ਇਹ ਹਮਾਇਤ ਲਗਾਤਾਰ ਜਾਰੀ ਹੈ।



- ਇਸ ਅੰਦੋਲਨ ਵਿਚ ਬਜ਼ੁਰਗਾਂ, ਔਰਤਾਂ ਤੇ ਬੱਚਿਆਂ ਦੇ ਨਾਲ-ਨਾਲ ਪੰਜਾਬੀ ਗੱਭਰੂ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਹਨ। ਉਹ ਪੰਜਾਬੀ ਗੱਭਰੂ, ਜਿਨ੍ਹਾਂ ਨੂੰ ਦੇਸ਼ ਦੇ ਮੀਡੀਏ ਦੇ ਇਕ ਹਿੱਸੇ ਵੱਲੋਂ ‘ਨਸ਼ੇੜੀ’, ‘ਅਮਲੀ’ ਤੇ ਕਈ ਹੋਰ ‘ਵਿਸ਼ੇਸ਼ਣਾਂ’ ਨਾਲ ਨਿਵਾ-ਜਆ ਗਿਆ ਸੀ, ਆਪਣੇ ਖ਼ੂਬਸੂਰਤ ਅਤੇ ਤੱਕੜੇ ਜੁੱਸਿਆਂ ਨਾਲ ਇੱਥੇ ਲਗਾਤਾਰ ਆਪਣਾ ਭਰਪੂਰ ਯੋਗਦਾਨ ਪਾ ਰਹੇ ਹਨ। ਉਨ੍ਹਾਂ ਵਿਚ ਕਈ ਬਾਡੀ-ਬਿਲਡਰ ਤੇ ਕਬੱਡੀ ਦੇ ਖਿਲਾੜੀ ਵੀ ਨਜ਼ਰ ਆ ਰਹੇ ਹਨ।
- ਵੱਖ-ਵੱਖ ਕਲਾਕਾਰ, ਲੇਖਕ, ਬੁੱਧੀਜੀਵੀ, ਗਾਇਕ, ਰਾਗੀ-ਢਾਡੀ, ਧਾਰਮਿਕ-ਪ੍ਰਚਾਰਕ, ਡਾਕਟਰ, ਇੰਜੀਨੀਅਰ, ਅਧਿਆਪਕ, ਵਕੀਲ, ਸਾਬਕਾ-ਜੱਜ, ਸਮਾਜ-ਸੇਵੀ, ਗੱਲ ਕੀ ਹਰੇਕ ਵਰਗ ਦੇ ਲੋਕ ਇਨ੍ਹਾਂ ਧਰਨਿਆਂ ਵਿਚ ਸ਼ਾਮਲ ਹੋ ਕੇ ਕਿਸਾਨ-ਭਰਾਵਾਂ ਦੇ ਇਸ ਅੰਦੋਲਨ ਨੂੰ ਸਫ਼ਲ ਬਨਾਉਣ ਵਿਚ ਆਪਣਾ ਯੋਗਦਾਨ ਪਾ ਰਹੇ ਹਨ।
- ਵੱਖ-ਵੱਖ ਹਾਈਵੇਜ਼ ‘ਤੇ ਧਰਨਿਆਂ ਵਿਚ ਸ਼ਾਮਲ ਲੋਕਾਂ ਲਈ ਖਾਧ-ਪਦਾਰਥਾਂ ਦੇ ਬੇਸ਼ੁਮਾਰ ਲੰਗਰ ਲੱਗੇ ਹੋਏ ਹਨ ਜਿਨ੍ਹਾਂ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਨ ਪੱਕ ਰਹੇ ਹਨ। ਇੱਥੋਂ ਤੱਕ ਕਿ ਅਲਸੀ ਤੇ ਖੋਏ ਦੀਆਂ ਪਿੰਨੀਆਂ, ਵੇਸਣ ਦੀ ਬਰਫ਼ੀ, ਲੱਡੂ, ਮੱਠੀਆਂ ਤੇ ਹੋਰ ਨਮਕੀਨਾਂ, ਬਦਾਮ, ਕਾਜੂ, ਅਖਰੋਟ ਦੀਆਂ ਗਿਰੀਆਂ ਤੇ ਸੌਗੀ ਦੀ ਬਹੁਤਾਤ ਹੈ ਅਤੇ ਇਹ ਪਿੰਡਾਂ ਤੇ ਸ਼ਹਿਰਾਂ ਤੋਂ ਕਵਿੰਟਲਾਂ ਤੇ ਟਨਾਂ ਦੀ ਗਿਣਤੀ-ਮਿਣਤੀ ਵਿਚ ਉੱਥੇ ਪਹੁੰਚਾਏ ਜਾ ਰਹੇ ਹਨ।
- ਇਸ ਅੰਦੋਲਨ ਵਿਚ ਹੋਰ ਲੰਗਰਾਂ ਦੇ ਨਾਲ਼-ਨਾਲ਼ ‘ਪੁਸਤਕਾਂ ਦੇ ਲੰਗਰ’ ਵੀ ਲੱਗੇ ਹੋਏ ਹਨ। ਅਗਾਂਹ-ਵਧੂ ਸੂਰਬੀਰਤਾ ਨਾਲ ਭਰਪੂਰ ਸਾਹਿਤਕ ਪੁਸਤਕਾਂ ਵੱਡੇ-ਵੱਡੇ ਟੋਕਰਿਆਂ ਵਿਚ ਸਜਾ ਕੇ ਰੱਖੀਆਂ ਹੋਈਆਂ ਸਨ ਅਤੇ ਪੰਜਾਬੀ ਨੌਜੁਆਨ ਉੱਥੇ ਆ ਕੇ ਝੋਨੇ ਦੀ ਪਰਾਲੀ ਜਿਸ ਦਾ ਧੂੰਆਂ ਪਤਾ ਨਹੀਂ ਕਿਵੇਂ ਦਿੱਲੀ ਤੱਕ ਪਹੁੰਚ ਜਾਂਦਾ ਹੈ, ਦੇ ਨਾਲ ਬਣੇ ਹੋਏ ਬੈਂਚਾਂ ਉੱਪਰ ਬੈਠ ਕੇ ਪੜ੍ਹਦੇ ਹਨ। ਇੱਥੇ ਹੀ ਸਿੱਖ-ਮਾਨਸਿਕਤਾ ਦੇ ਉੱਘੇ-ਲੇਖਕ ਗਿਆਨੀ ਅਜਮੇਰ ਸਿੰਘ ਦੀ ਲਿਖੀ ਹੋਈ ਪੁਸਤਕ ‘ਸ਼ਹੀਦ ਜਸਵੰਤ ਸਿੰਘ ਖਾਲੜਾ’10 ਦਸੰਬਰ ਨੂੰ ਲੋਕ-ਅਰਪਿਤ ਕੀਤੀ ਗਈ।
- ਇੱਥੇ ‘ਦਵਾਈਆਂ ਦੇ ਲੰਗਰ’ ਵੀ ਕਾਫ਼ੀ ਵਿਖਾਈ ਦੇ ਰਹੇ ਹਨ। ਡਾਕਟਰਾਂ ਦੀਆਂ ਬਹੁਤ ਸਾਰੀਆਂ ਐਂਬੂਲੈਂਸਾਂ ਮੌਜੂਦ ਹਨ ਜਿਨ੍ਹਾਂ ਦੇ ਅੱਗੇ ਕੁਰਸੀਆਂ-ਮੇਜ਼ਾਂ ‘ਤੇ ਬੈਠੇ ਹੋਏ ਡਾਕਟਰ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਦੇ ਰਹੇ ਹਨ। ਸਰਕਾਰੀ ਸੇਵਾ ਕਰਦੇ ਹੋਏ ਕਈ ਡਾਕਟਰ ਛੁੱਟੀਆਂ ਲੈ ਕੇ ਇੱਥੇ ਆਪਣੀਆਂ ਬਹੁ-ਮੁੱਲੀਆਂ ਸੇਵਾਵਾਂ ਮੁਹੱਈਆ ਕਰ ਰਹੇ ਹਨ।
- ਇੱਥੇ ਇਸ ਅੰਦੋਲਨ ਵਿਚ ‘ਇਪਟਾ’ ਵਰਗੀਆਂ ਅਗਾਂਹ-ਵਧੂ ਨਾਟਕ-ਮੰਡਲੀਆਂ ਵੱਲੋਂ ਲੋਕ-ਪੱਖੀ ਨਾਟਕ ਖੇਡੇ ਜਾ ਰਹੇ ਹਨ ਅਤੇ ਜੋਸ਼ੀਲੇ ਗੀਤ ਗਾਏ ਜਾ ਰਹੇ ਹਨ ਜਿਨ੍ਹਾਂ ਵਿਚ ਲੋਕਾਂ ਨੂੰ ਸਾਰਥਕ ਸੁਨੇਹੇ ਦਿੱਤੇ ਜਾ ਰਹੇ ਹਨ। ਲੋਕਾਂ ਵੱਲੋਂ ਉਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ।
- ਰਹਿਣ-ਸਹਿਣ ਦੇ ਪ੍ਰਬੰਧ ਇੱਥੇ ਵੱਡੀ ਗਿਣਤੀ ਵਿਚ ਕੀਤੇ ਗਏ ਹਨ। ਦਿੱਲੀ ਅਤੇ ਇਸ ਦੇ ਨਾਲ ਲੱਗਦੇ ਹਰਿਆਣੇ ਦੇ ਲੋਕਾਂ ਨੇ ਆਪਣੇ ਘਰਾਂ ਦੇ ਦਰ-ਦਰਵਾਜ਼ੇ ਖੋਲ੍ਹ ਦਿੱਤੇ ਹਨ। ਧਰਨੇ ਵਿਚ ਸ਼ਾਮਲ ਬੀਬੀਆਂ ਤੇ ਬਜ਼ੁਰਗ ਇਨ੍ਹਾਂ ਵਿਚ ਰਾਤ ਨੂੰ ਇੱਥੇ ਵਿਸ਼ਰਾਮ ਕਰਦੇ ਹਨ ਅਤੇ ਦਿਨ ਵੇਲੇ ਉਹ ਧਰਨਿਆਂ ਵਿਚ ਸ਼ਾਮਲ ਹੁੰਦੇ ਹਨ।
- ਅੰਤਰ-ਰਾਸ਼ਟਰੀ ਸੇਵਾ ਸੰਸਥਾ ‘ਖ਼ਾਲਸਾ-ਏਡ’ ਵੱਲੋਂ 400 ਬਿਸਤਰਿਆਂ ਦਾ ਪੂਰਨ ‘ਰੇਨ-ਪਰੂਫ਼ ਪੰਡਾਲ’ ਤਿਆਰ ਕੀਤਾ ਗਿਆ ਹੈ ਜਿਸ ਵਿਚ ਸੀਸੀਟੀਵੀਜ਼, ਫ਼ੋਨ-ਚਾਰਜਰਾਂ, ਪਖ਼ਾਨਿਆਂ ਆਦਿ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ਼ ਹੀ ਖਾਲਸਾ-ਏਡ ਅਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਡਾ.ਐੱਸ.ਪੀ.ਸਿੰਘ ਉਬਰਾਏ ਤੇ ਕਈ ਹੋਰ ਦਾਨੀ-ਸੱਜਣਾਂ ਵੱਲੋਂ ਚਲਾਈਆਂ ਜਾ ਰਹੀਆਂ ਸੇਵਾ-ਸੰਸਥਾਵਾਂ ਵੱਲੋਂ ਹਜ਼ਾਰਾਂ ਦੀ ਗਿਣਤੀ ਵਿਚ ਸੌਣ ਲਈ ਗੱਦੇ, ਕੰਬਲ, ਜੈਕਟਾਂ, ਲੋਈਆਂ, ਸ਼ਾਲਾਂ, ਬੁਨੈਣਾਂ, ਜੁਰਾਬਾਂ, ਤੌਲੀਏ ਤੇ ਹੋਰ ਲੋੜੀਂਦੀਆਂ ਚੀਜ਼ਾਂ-ਵਸਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ।
- ਅੰਦੋਲਨ ਵਾਲੀਆਂ ਥਾਵਾਂ ‘ਤੇ ਕਈ ਦਾਨੀ-ਸੱਜਣਾਂ ਵੱਲੋਂ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਅਤੇ ‘ਮਸਾਜ ਮਸ਼ੀਨਾਂ’ (ਦੱਬਣ-ਘੁੱਟਣ ਵਾਲੀਆਂ ਮਸ਼ੀਨਾਂ) ਲਗਾ ਦਿੱਤੀਆਂ ਗਈਆਂ ਹਨ ਅਤੇ ਕਿਸਾਨ ਇਨ੍ਹਾਂ ਦਾ ਖ਼ੂਬ ਲਾਭ ਉਠਾ ਰਹੇ ਹਨ।
- ਸਾਰਾ ਅੰਦੋਲਨ ਹੁਣ ਤੀਕ ਪੂਰਨ ਸ਼ਾਂਤਮਈ ਢੰਗ ਨਾਲ ਚੱਲ ਰਿਹਾ ਹੈ ਅਤੇ ਕਿਸਾਨ-ਆਗੂ ਬੜੀ ਸਿਆਣਪ, ਦੂਰ-ਦਰਸ਼ਤਾ ਅਤੇ ਇਕਮੱਠਤਾ ਨਾਲ ਇਸ ਦੀ ਅਗਵਾਈ ਕਰ ਰਹੇ ਹਨ। ਕੇਂਦਰ ਸਰਕਾਰ ਦਾ ਰਵੱਈਆ ਬੇਸ਼ਕ ਅਜੇ ਕੁਝ ਅੜੀਅਲ ਵਿਖਾਈ ਦੇ ਰਿਹਾ ਹੈ ਪਰ ਕਿਸਾਨ-ਆਗੂ ਵੀ ਇਨ੍ਹਾਂ ਬਿੱਲਾਂ ਨੂੰ ਰੱਦ ਕਰਵਾਉਣ ਦੀ ਆਪਣੀ ਮੁੱਖ-ਮੰਗ ‘ਤੇ ਡਟੇ ਹੋਏ ਹਨ।
- ਧਰਨਿਆਂ ਦੇ ਦੌਰਾਨ ਐਂਬੂਲੈਂਸ ਅਤੇ ਹੋਰ ਜ਼ਰੂਰੀ-ਸੇਵਾਵਾਂ ਨੂੰ ਰਸਤਾ ਦਿੱਤਾ ਜਾ ਰਿਹਾ ਹੈ ਤਾਂ ਜੋ ਇਨ੍ਹਾਂ ਵਿਚ ਕਿਸੇ ਕਿਸਮ ਦਾ ਵਿਘਨ ਨਾ ਪਵੇ।
- ਸੜਕਾਂ ਦੇ ਦੋਵੇਂ ਪਾਸੇ ਦੀਆਂ ਦੁਕਾਨਾਂ ਪੂਰੀ ਤਰ੍ਹਾਂ ਖੁੱਲ੍ਹੀਆਂ ਹੋਈਆਂ ਹਨ ਅਤੇ ਦੁਕਾਨਦਾਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਹੈ। ਉਨ੍ਹਾਂ ਦੇ ਅਨੁਸ-ਾਰ ਸਗੋਂ ਇਸ ਦੌਰਾਨ ਉਨ੍ਹਾਂ ਦੀ ਸੇਲ ਵਿਚ ਕਾਫ਼ੀ ਵਾਧਾ ਹੋਇਆ ਹੈ।
- ਕਈ ਕਿਸਾਨ ਕਿਸੇ ਜ਼ਰੂਰੀ ਘਰੇਲੂ ਕੰਮਾਂ ਦੇ ਕਾਰਨ ਵਾਪਸ ਵੀ ਆ ਰਹੇ ਹਨ ਪਰ ਉਨ੍ਹਾਂ ਦੀ ਥਾਂ ‘ਤੇ ਹੋਰ ਕਿਸਾਨ ਬਹੁਤ ਵੱਡੀ ਗਿਣਤੀ ਵਿਚ ਦਿੱਲੀ ਨੂੰ ਜਾ ਰਹੇ ਹਨ। ਸੁਣਨ ਵਿਚ ਆਇਆ ਹੈ ਕਿ ਜੇਕਰ 20 ਕਿਸਾਨ ਘਰਾਂ ਨੂੰ ਵਾਪਸ ਆਉਂਦੇ ਹਨ ਤਾਂ ਉਨਹਾਂ ਦੀ ਥਾਂ ‘ਤੇ 100 ਕਿਸਾਨ ਦਿੱਲੀ ਜਾ ਰਹੇ ਹਨ। ਤਾਜ਼ਾ ਖ਼ਬਰਾਂ ਅਨੁਸਾਰ ਪੰਜਾਬ ਦੇ ਮਾਝੇ ਏਰੀਏ ਤੋਂ ਪਿਛਲੇ ਦੋ ਦਿਨਾਂ ਵਿਚ 2000 ਤੋਂ ਵਧੀਕ ਟ੍ਰੈਕਟਰ-ਟਰਾਲੀਆਂ ਦਿੱਲੀ ਪਹੁੰਚੀਆਂ ਹਨ। ਬਠਿੰਡਾ ਤੇ ਫਿਰੋਜ਼ਪੁਰ ਤੋਂ ‘ਪੰਜਾਬ-ਮੇਲ’ ਰਾਹੀਂ ਹਰ ਰੋਜ਼ 400-500 ਕਿਸਾਨ ਦਿੱਲੀ ਜਾ ਰਹੇ ਹਨ।
- ਇਸ ਅੰਦੋਲਨ ਵਿਚ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਰਾਤ ਨੂੰ ਸੜਕਾਂ ਦੀ ਚੰਗੀ ਤਰ੍ਹਾਂ ਸਫ਼ਾਈ ਕੀਤੀ ਜਾਂਦੀ ਹੈ ਅਤੇ ਨੌਜੁਆਨ ਇਸ ਸੇਵਾ ਵਿਚ ਵੱਧ-ਚੜ੍ਹ ਕੇ ਆਪਣਾ ਹਿੱਸਾ ਪਾ ਰਹੇ ਹਨ।

ਕੇਂਦਰ ਸਰਕਾਰ ਵੱਲੋਂ ਬੇਸ਼ਕ ਦਿੱਲੀ ਦੇ ਵੱਖ-ਵੱਖ ਬਾਰਡਰਾਂ ਉੱਪਰ ਕਈ ਤਰ੍ਹਾਂ ਦੀਆਂ ਵੱਡੀਆਂ-ਵੱਡੀਆਂ ਤੇ ਭਾਰੀਆਂ ਰੋਕਾਂ ਖੜੀਆਂ ਕਰਕੇ ਅਤੇ ਪੁਲੀਸ ਤੇ ਨੀਮ-ਫ਼ੌਜੀ ਦਲਾਂ ਵਿਚ ਵਾਧਾ ਕਰਕੇ ਕਿਸਾਨਾਂ ਨੂੰ ਡਰਾਉਣ-ਧਮਕਾਉਣ ਦੇ ਯਤਨ ਕੀਤੇ ਜਾ ਰਹੇ ਹਨ, ਪਰ ਕਿਸਾਨਾਂ ਦੇ ਹੌਸਲੇ ਪੂਰੀ ਤਰ੍ਹਾਂ ਬੁਲੰਦ ਹਨ ਅਤੇ ਉਹ ਲੰਮੇਂ ਸਮੇਂ ਲਈ ਤਿਆਰੀਆਂ ਕਰਕੇ ਧਰਨਿਆਂ ‘ਤੇ ਬੈਠੇ ਹੋਏ ਹਨ। ਕਈਆਂ ਨੇ ਤਾਂ ਦੋਹਾਂ ਸੜਕਾਂ ਵਿਚਲੇ ਡਿਵਾਈਡਰਾਂ ਵਿਚਕਾਰਲੀ ਖਾਲੀ ਜ਼ਮੀਨ ਨੂੰ ਕਹੀਆਂ ਨਾਲ ਪੁੱਟ ਕੇ ਉੱਥੇ ਧਨੀਆਂ, ਮੇਥੀ, ਪਾਲਕ, ਮੂਲੀਆਂ, ਗਾਜਰਾਂ, ਲਸਣ, ਪਿਆਜ਼ ਆਦਿ ਵੀ ਬੀਜ ਦਿੱਤੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਇਸ ਅੰਦਲਨ ਵਿਚ ਇਹ ਮੂਲੀਆਂ-ਗਾਜਰਾਂ ਤੇ ਹੋਰ ਸੱਭ ਖਾ ਕੇ ਸਫ਼ਲ ਹੋਣ ਤੋਂ ਬਾਦ ਹੀ ਘਰਾਂ ਨੂੰ ਵਾਪਸ ਮੁੜਨਗੇ।

ਹੁਣ ਹਾਲਤ ਇਹ ਬਣੀ ਹੋਈ ਹੈ ਕਿ ਕੇਂਦਰ ਸਰਕਾਰ ਇਹ ਕਾਨੂੰਨ ਰੱਦ ਨਾ ਕਰਨ ਦੀ ਆਪਣੀ ਅੜੀ ‘ਤੇ ਕਾਇਮ ਹੈ ਅਤੇ ਉਹ ਕਿਸਾ-ਆਗੂਆਂ ਨਾਲ ਆਪਣੀ ਹਰੇਕ ਮੀਟਿੰਗ ਵਿਚ ਸੋਧਾਂ ਕਰਨ ਦਾ ਹੀ ਰਾਗ ਅਲਾਪ ਰਹੀ ਹੈ। ਉਹ ਇਸ ਅੰਦੋਲਨ ਨੂੰ ਲੰਮਾਂ ਖਿੱਚ ਕੇ ਅਤੇ ਇਸ ਨੂੰ ਕਮਜ਼ੋਰ ਕਰਕੇ ਫੇਲ੍ਹ ਕਰਨਾ ਚਾਹੁੰਦੀ ਹੈ। ਉਹ ਇਨ੍ਹਾਂ ਬਿੱਲਾਂ ਵਿਚ 80-85%ਸੋਧਾਂ ਕਰਨ ਲਈ ਤਾਂ ਤਿਆਰ ਲੱਗਦੀ ਹੈ ਪਰ ਇਹ ਬਿੱਲ ਅਜੇ ਰੱਦ ਕਰਨ ਲਈ ਤਿਆਰ ਨਹੀਂ। ਓਧਰ ਕਿਸਾਨਾਂ ਲਈ ਵੀ ਆਪਣੀ ਹੋਂਦ ਤੇ ਭਵਿੱਖ ਦਾ ਸੁਆਲ ਹੈ। ਵੇਖੋ! ਅੱਗੋਂ ਕੀ ਬਣਦਾ ਹੈ।



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best

ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.




3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ

Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.





ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station



# ਸ੍ਰੀ ਗੁਰੂ ਤੇਗ ਬਹਾਦਰ ਜੀ





-ਕਰਨੈਲ ਸਿੰਘ-



ਦੋਹਰਾ॥ ਠੀਕਰਿ ਫੋਰਿ ਦਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥
ਬਚਿੱਤ੍ਰ ਨਾਟਕ ਪੰਨਾ ੨੧੨

ਜਿਸ ਸਮੇਂ ਮੁਗਲ ਹਕੂਮਤ ਵਾਲਿਆਂ ਨੇ ਬਹੁਤ ਅਤਿਆ ਚਾਰ ਕਰਨੇ ਸ਼ੁਰੂ ਕੀਤੇ। ਔਰੰਗਜ਼ੇਬ ਦੇ ਹੁਕਮਾਂ ਕਰਕੇ, ਸੂਬਾ ਕਸ਼ਮੀਰ ਅਫਗੁਨ ਸ਼ੇਰ ਨੇਂ ਬਹੁਤ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾ ਲਿਆ, ਬਹੁਤ ਸਾਰੇ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਦਿਤਾ, ਜਿਨ੍ਹਾਂ ਨੇਂ ਮੁਸਲਮਾਨ ਹੋਣ ਤੋਂ ਇਨਕਾਰ ਕੀਤਾ। ਸੂਬਾ ਕਸ਼ਮੀਰ ਨੇਂ ਹਿੰਦੂਆਂ ਦੇ ਧਾਰਮਕ ਅਸਥਾਨ ਮੰਦਰ ਆਦਿਕ ਢਾਹ ਦਿਤੇ। ਧਾਰਮਕ ਗ੍ਰੰਥ ਬੇਦ ਪੁਰਾਨ ਸਾਸ਼ਤ੍ਰ ਸਾੜ ਦਿਤੇ। ਧੀਆਂ ਭੈਣਾਂ ਨੂੰ ਜ਼ਬਰਦਸਤੀ ਸਰ੍ਹਾਂ ਵਿਚ ਸ਼ਾਮਲ ਕਰੀ ਜਾਂਦਾ ਸੀ। ਦੁਖੀ ਹਿੰਦੂਆਂ ਦੀ ਕੋਈ ਮਦਦ ਕਰਨ ਵਾਲਾ ਨਹੀਂ ਸੀ ਰਿਹਾ। ਹਿੰਦੂ ਰਾਜੇ ਕੁਛ ਮਾਰ ਦਿਤੇ ਸਨ, ਕੁਝ ਲੁਕ ਛਿਪ ਕੇ ਦਿਨ ਕਟੀ ਕਰਦੇ ਸਨ। ਪਿੰਡਾਂ ਦੇ ਪਿੰਡ ਡਰਦੇ ਮਾਰੇ ਤੁਰਕ ਬਣ ਗਏ, ਕੁਝ ਹਿੰਦੂ ਧਰਮ ਤੇ ਜਾਂਨਾਂ ਕੁਰਬਾਣ ਕਰ ਗਏ। ਕਸ਼ਮੀਰੀ ਹਿੰਦੂਆਂ ਨੇ ਕੱਠੇ ਹੋ ਕੇ, ਅਫਗੁਨ ਸ਼ੇਰ ਸੂਬਾ ਕਸ਼ਮੀਰ ਤੋਂ ਛੇ ਮਹੀਨਿਆਂ ਦੀ ਮੁਹਲਤ ਮੰਗੀ, ਅਤੇ ਹਿੰਦੂ ਮੱਤ ਅਨੁਸਾਰ ਬੇਦਾਂ ਸਾਸ਼ਤ੍ਰਾਂ ਦੇ ਪਾਠ ਕੀਤੇ, ਦੇਵੀ ਦੇਵਤਿਆਂ ਦੀ ਹਨੂਮਾਨ ਭੈਰੋਂ ਆਦਿਕ ਦੀ ਅਰਾਧਨਾ ਕੀਤੀ, ਪਰ ਕਿਤੇ ਵੀ ਸੁਣਵਾਈ ਨਾਂ ਹੋਈ, ਆਖਰ ਨੂੰ ਅਮਰ ਨਾਥ ਜੀ, ਸਿਵਜੀ ਭਗਵਾਨ ਦੇ ਮੰਦ੍ਰ ਤੇ ਪਾਠ ਪੂਜਾ ਅਤੇ ਹਵਨ ਆਦਿਕ ਵੇਦਾਂ ਦੀ ਵਿਦੀ ਮੁਤਾਬਕ ਕੀਤੇ। ਜਿਸ ਵੇਲੇ ਆਖਰੀ ਅਹੂਤੀਆਂ ਹਵਨ ਕੁੰਡ ਵਿਚ ਪਾਈਆਂ ਤਾਂ ਸ਼ਿਵਜੀ ਦੇ ਮੰਦ੍ਰ ਚੋਂ ਆਕਾਸ਼ ਬਾਣੀ ਹੋਈ, ਕਲਜੁਗ ਦੇ ਅਵਤਾਰ ਸ੍ਰੀ ਗੁਰੁ ਨਾਨਕ ਦੇਵ ਜੀ ਦੀ, ਗੁਰਤਾ ਗੱਦੀ ਤੇ ਸ੍ਰੀ ਗੁਰੂ ਤੇਗ ਬਹਾਦਰ ਹਨ। ਆਪ ਉਹਨਾਂ ਪਾਸ ਜਾਉ ਉਹ ਤੁਹਾਡੀ ਮਦਦ ਕਰ ਸਕਦੇ ਹਨ। ਪੰਡਿਤ ਮੰਦਰ ਵਿਚੋਂ ਆਕਾਸ਼ਬਾਣੀ ਸੁਣਕੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਆਨੰਦਪੁਰ ਸਾਹਿਬ ਪਹੁੰਚੇ। ਦੋਵੇਂ ਹੱਥ ਜੋੜਕੇ ਰੋ ਰੋ ਕੇ ਬੇਨਤੀਆਂ ਕਰਦੇ ਹਨ, ਆਪ ਧਰਮ ਰੱਖਯਕ ਹੋ। ਸਾਡੇ ਉਤੇ ਬਹੁਤ ਜ਼ੁਲਮ ਹੋ ਰਿਹਾ ਹੈ। ਔਰੰਗਜ਼ੇਬ ਦੇ ਹੁਕਮ ਨਾਲ, ਸੂਬਾ ਕਸ਼ਮੀਰ ਸਾਨੂੰ ਮੁਸਲਮਾਨ ਬਨਾਉਣ ਵਾਸਤੇ, ਬਹੁਤ ਦੁਖ ਤਕਲੀਫਾਂ ਦੇ ਰਿਹਾ ਹੈ। ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ, ਆਪ ਸਾਡੇ ਹਿੰਦੂ ਧਰਮ ਦੀ ਅਤੇ ਤਿਲਕ ਜੰਝੂ ਦੀ ਰਖਿਆ ਕਰੋ ਜੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇਂ ਸੋਚ ਵੀਚਾਰਕੇ ਕਿਹਾ, ਸ਼ਰ੍ਹਾ ਵਾਲਿਆਂ ਨੇ ਪਰਜਾ ਨੂੰ ਬਹੁਤ ਕਸ਼ਟ ਦੇਣੇ ਸ਼ੁਰੂ ਕਰ ਦਿਤੇ ਹਨ। ਕੋਈ ਸਤ ਪੁਰਖ ਆਪਣੇ ਸੀਸ ਦੀ ਬਲੀ ਦੇਵੇ, ਤਾਂ ਇਹਨਾਂ ਤੁਰਕਾਂ ਦਾ ਤੇਜ਼ ਪ੍ਰਤਾਪ ਘਟ ਜਾਇਗਾ, ਨਹੀਂ ਤਾਂ ਇਹਨਾਂ ਦਾ ਤੇਜ਼ ਵਧਦਾ ਹੀ ਜਾਵੇਗਾ। ਭਰੀ ਸਭਾ ਵਿਚ ਗੁਰੁ ਜੀ ਨੇਂ ਬਚਨ ਕੀਤਾ, ਸਾਰੀ ਸੰਗਤ ਚੁਪ ਹੋ ਕੇ ਬੈਠੀ ਰਹੀ। ਇਤਨੇਂ ਨੂੰ ਗੋਬਿੰਦ ਰਾਏ ਵੀ ਸੰਗਤ ਵਿਚ ਖੇਲਦੇ ਖੇਲਦੇ ਆ ਗਏ ਸੀ। ਕਹਿਣ ਲਗੇ ਤੁਹ-ਾਡੇ ਨਾਲੋਂ ਸਤ ਪੁਰਖ ਹੋਰ ਕੌਣ ਹੋਵੇਗਾ। ਇਹਨਾਂ ਦੀ ਭਾਵ ਹਿੰਦੂ ਧਰਮ ਦੀ ਰਖਿਆ ਆਪ ਕਰੋ। ਗੋਬਿੰਦ ਰਾਏ ਅਜੇ ਨੌਂ ਬਰਸ ਦੇ ਸੀ। ਗੁਰੁ ਤੇਗ ਬਹਾਦਰ ਸਾਹਿਬ ਜੀ ਸਾਹਿਬਜ਼ਾਦਾ ਦੇ ਉਤਮ ਬਚਨ ਸੁਣਕੇ ਪ੍ਰਸੰਨ ਹੋਏ, ਅਤੇ ਬਚਨ ਕੀਤਾ ਕੇ ਅਸੀਂ ਦੇਖਣਾ ਚਾਉਂਦੇ ਸੀ, ਕੇ ਗੋਬਿੰਦ ਰਾਏ ਨੂੰ ਦੇਸ ਰਖਿਆ ਨਾਲ ਕਿਨ੍ਹਾ ਪਿਆਰ ਹੈ। ਸਤਿਗੁਰੂ ਜੀ ਨੇਂ ਸੰਗਤਾਂ ਤਾਂਈ ਕਿਹਾ ਅਸੀਂ ਦਿਲੀ ਚੱਲੇ ਹਾਂ। ਔਰੰਗਜ਼ੇਬ ਦੇ ਪਾਸ, ਤੁਹਾਡੇ ਪਾਸ ਗੋਬਿੰਦ ਰਾਏ ਹਨ। ਇਹ ਮਹਾਂਬਲੀ ਜੋਧੇ ਹੋਣਗੇ, ਜ਼ੁਲਮ ਦੀਆਂ ਜੜ੍ਹਾਂ ਨੂੰ ਮੁਢਹੁਂ ਪੁਟ ਦੇਣਗੇ। ਪੰਡਤਾਂ ਨੂੰ ਕਿਹਾ ਤੁਸੀਂ ਕਸ਼ਮੀਰ ਦੇ ਸੂਬੇ ਸ਼ੇਰ ਅਫਗਾਨ ਨੂੰ ਕਹਿ ਦਿਓ ਕੇ ਜੇ ਤੇਗ ਬਹਾਦਰ ਜੀ ਮੁਸਲਮਾਨ ਹੋ ਜਾਣਗੇ, ਤਾਂ ਅਸੀਂ ਉਨ੍ਹਾਂ ਦੇ ਪਿਛੇ ਸਾਰੇ ਮੁਸਲਮਾਨ ਹੋ ਜਾਵਾਂਗੇ। ਪੰਡਤਾਂ ਨੇ ਏਹੀ ਗੱਲ ਜਾਕੇ ਸ਼ੇਰ ਅਫਗਨ ਨੂੰ ਕਹਿ ਦਿੱਤੀ, ਉਸ ਨੇ ਅੱਗੇ ਔਰੰਗਜ਼ੇਬ ਨੂੰ ਲਿਖਕੇ ਭੇਜ ਦਿਤੀ। ਔਰੰਗਜ਼ੇਬ ਨੇ ਗੁਰੂ ਜੀ ਨੂੰ ਤਾਂਹੀ ਦਿੱਲੀ ਬਲਾਇਆ ਸੀ, ਅਤੇ ਬੰਦੀ ਖਾਨੇ ਵਿਚ ਪਾ ਦਿਤਾ ਸੀ। ਅਤੇ ਕਿਹਾ ਸੀ ਜਾਂ ਕਰਾਮਾਤ ਵਿਖਾਓ ਜਾਂ ਮੁਸਲਮਾਨ ਹੋਣਾ ਪ੍ਰਵਾਨ ਕਰੋ। ਜੇ ਕਰਾਮਾਤ ਨਹੀਂ ਵਿਖਾਉਣੀ ਅਤੇ ਮੁਸਲਮਾਨ ਵੀ ਨਹੀਂ ਬਣਨਾ ਤਾਂ ਸੀਸ ਧੜ ਨਾਲੋਂ ਅਲਹਿਦਾ ਕੀਤਾ ਜਾਵੇਗਾ। ਸਤਿਗੁਰੂ ਤੇਗ ਬਹਾਦਰ ਜੀ ਨੇਂ ਕਿਹਾ, ਕਰਾਮਾਤ ਵਿਖਾਉਣੀ ਕਹਿਰ ਹੈ, ਸ਼ੀਸ ਧੜ ਨਾਲੋਂ ਅਲਹਿਦਾ ਕਰਨ ਵਾਲੀ ਗੱਲ ਮਨਜੂਰ ਹੈ, ਤਾਂ ਜ਼ਾਲਮ ਔਰੰਗਜ਼ੇਬ ਨੇ ਆਪ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ਇਹ ਹੁਕਮ ਸੁਣਕੇ ਸਤਿਗੁਰੂ ਜੀ ਨੇ ਸਾਹਿਬਜਾਂਦੇ ਨੂੰ ਪਰਖਣ ਲਈ ਇਕ ਸਿੱਖ ਦੇ ਹੱਥ ਇਹ ਦੋਹਰਾ ਲਿਖਕੇ ਭੇਜਿਆ।

ਦੋਹਰਾ: ਬਲੁ ਛੁਟਕਿਓ ਬੰਧਨ ਪਰੇ, ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ, ਗਜਿ ਜਿਉ ਹੋਹੁ ਸਹਾਇ॥੫੩॥

ਇਸ ਦੋਹਰੇ ਦਾ ਉਤਰ ਗੋਬਿੰਦ ਰਾਏ ਨੇ ਲਿਖ ਕੇ ਉਸੇ ਸਿੱਖ ਦੇ ਹੱਥ ਭੇਜ ਦਿਤਾ।

ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ॥
ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮਹੀ ਹੋਤ ਸਹਾਇ॥੫੪॥

ਇਕ ਦਫਾ ਔਰੰਗਜ਼ੇਬ ਦੇ ਨਾਇਬ ਕਾਜ਼ੀ ਨੇ ਕਿਹਾ, ਅਗਰ ਮੁਸਲਮਾਨ ਹੋ ਜਾਓ ਤਾਂ ਤੁਹਾਡੇ ਲਈ ਚੰਗਾ ਹੈ। ਗੁਰੁ ਜੀ ਕਿਹਾ ਧਰਮ ਪ੍ਰਮਾਤਮਾ ਵਲੋਂ ਮਿਲਦਾ ਹੈ ਹਰ ਇਕ ਨੂੰ, ਧਰਮ ਨੂੰ ਛੱਡ ਕੇ ਦੂਜੇ ਧਰਮ ਨੂੰ ਧਾਰਨ ਕਰਨਾ, ਇਹ ਪ੍ਰਮਾਤਮਾ ਦੇ ਹੁਕਮ ਦੀ ਉਲੰਘਣਾ ਹੈ। ਤਾਂ ਜ਼ਾਲਮ ਹਕੂਮਤ ਨੇਂ ਗੁਰੂ ਜੀ ਦੇ ਸਾਹਮਣੇ, ਜਿਹੜੇ ਪਿੰਜਰੇ ਵਿਚ ਗੁਰੁ ਜੀ ਨੂੰ ਬੰਦ ਕਰਕੇ ਰਖਿਆ ਸੀ। ਚਾਂਦਨੀ ਚੌਂਕ ਵਿਚ ਮਤੀ ਦਾਸ ਜੀ ਨੂੰ, ਆਰੇ ਨਾਲ ਚਿਰਵਾ ਦਿੱਤਾ ਜਾਂਲਮਾਂ ਨੇਂ। ਦੂਜੇ ਸਿੱਖ ਭਾਈ ਦਿਆਲਾ ਜੀ ਨੂੰ ਵੀ, ਉਬਲਦੀ ਦੇਗ ਵਿਚ ਉਬਾਲਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਪਾਸ ਕੇਵਲ ਭਾਈ ਗੁਰਦਿਤਾ ਜੀ ਰਹਿ ਗਏ ਸਨ। ਦੋ ਸਿੱਖ ਭਾਈ ਊਧੋ ਜੀ ਅਤੇ ਜੈਤਾ ਜੀ ਵਾਪਸ ਅਨੰਦਪੁਰ ਭੇਜ ਦਿਤੇ ਸਨ। ਔਰੰਗਜ਼ੇਬ ਦੇ ਹੁਕਮ ਮੁਤਾਬਕ, ਜਲਾਲਦੀਨ ਜੱਲਾਦ ਨੂੰ, ਗੁਰੂ ਜੀ ਨੂੰ ਸ਼ਹੀਦ ਕਰਨ ਲਈ ਹੁਕਮ ਕਰ ਦਿਤਾ। ਸ੍ਰੀ ਗੁਰੁ ਤੇਗ ਬਹਾਦਰ ਜੀ ਨੂੰ ਲੋਹੇ ਦੇ ਪਿੰਜਰੇ ਵਿਚੋਂ ਕੱਢਕੇ ਚਾਂਦਨੀ ਚੌਂਕ ਕੋਤਵਾਲੀ ਪਾਸ ਲਿਆਂਦਾ ਗਿਆ। ਆਪ ਜੀ ਨੇ ਪਹਿਲਾਂ ਖੂਹ ਉਤੇ ਇਸ਼ਨਾਨ ਕੀਤਾ ਅਤੇ ਬੋਹੜ ਦੇ ਬ੍ਰਛ ਹੇਠਾਂ ਬੈਠਕੇ, ਜਪੁਜੀ ਸਾਹਿਬ ਦਾ ਪਾਠ ਕੀਤਾ। ਆਪ ਜੀ ਨੇ ਸੀਸ ਨਿਵਾਇਆ, ਤਾਂ ਮਹਾਂ ਪਾਪੀ ਜਲਾਦ ਨੇਂ ਤਲਵਾਰ ਦਾ ਵਾਰ ਕਰਕੇ ਆਪ ਜੀ ਦਾ ਸੀਸ ਧੜ ਤੋਂ ਵੱਖ ਕਰ ਦਿਤਾ। ਸਿੱਖ ਮਤ ਅਤੇ ਹਿੰਦੂ ਧਰਮ ਵਿਚ ਹਾਹਾਕਾਰ ਮੱਚ ਗਈ। ਇਹ ਘੋਰ ਪਾਪ ਵਾਲਾ ਸਾਕਾ ਵੀਰਵਾਰ ਦਿਨ ਢਲੇ ਮਘਰ ਸੁਦੀ ਪੰਚਮੀਂ, ਸੰਮਤ 1732 ਨੂੰ ਵਰਤਿਆ। ਸੰਨ ਈਸਵੀ 11-11-1675 ਨੂੰ ਹੋਇਆ। ਤਕਰੀਬਨ ਸਵਾ ਸਾਲ ਬੰਦੀਖਾਨੇਂ ਵਿਚ ਸਤਿਗੁਰੂ ਜੀ ਰਹੇ।

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ॥੧੬॥
ਦਸਮ ਗ੍ਰੰਥ

ਭਾਵਕੇ:- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪ੍ਰਾਪਤ ਕਰਨ ਕਰਕੇ ਬੜਾਂ ਸ਼ੋਕ ਹੋਇਆ। ਸਾਰੇ ਸੰਸਾਰ ਵਿਚ ਹਾਹਾਕਾਰ ਮਚ ਗਈ। ਪਰ ਸਵਰਗਲੋਕ ਵਿਚ ਸਤਿਗੁਰਾਂ ਦੇ ਜਾਣ ਨਾਲ ਸਭ ਦੇਵਤਿਆਂ ਨੇ ਖੁਸ਼ੀਆਂ ਦੇ ਮੰਗਲ ਗਾਏ, ਜੈ ਜੈ ਕਾਰ ਕੀਤੀ। ਕੇ ਕਲਜੁਗ ਦੇ ਅਵਤਾਰ ਪਾਰਬ੍ਰਹਮ ਸਰੂਪ ਅੱਧਭੁਤ ਕੌਤਕ ਵਰਤਾਕੇ ਸਾਨੂ ਦਰਸ਼ਨ ਬਖਸ਼ਕੇ ਨਿਹਾਲ ਕਰਨਗੇ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰੁ ਸੀ ਨ ਉਚਰੀ॥੧੩॥

ਅਰਥ:- ਸ੍ਰੀ ਗੁਰੁ ਗੋਬਿੰਦ ਸਿੰਘ ਜੀ ਕਥਨ ਕਰਦੇ ਹਨ:- ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਾਖੀ ਲਈ ਤਿਲਕ ਅਤੇ ਜੰਜੂ ਨੂੰ ਬਚਾ ਲਿਆ ਹੈ।

ਕਲਜੁਗ ਵਿਚ ਧਰਮ ਲਈ ਸੀਸ ਦੇਕੇ ਸਾਕਾ ਕਰ ਦਿਖਾਇਆ ਹੈ। ਨਾਮ ਦੇ ਰਸੀਏ ਸੰਤਾਂ, ਭਗਤਾਂ ਦੀ ਖਾਤਰ ਆਪਣਾ ਸੀਸ ਕੁਰਬਾਨ ਕੀਤਾ। ਫਿਰ ਮੂਹੋਂ ਸੀ ਤਕ ਨਹੀਂ ਉਚਰੀ। ਬੋਲੋ ਜੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ।

ਤਥਾ: ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥੧੪॥
ਬਚਿੱਤ੍ਰ ਨਾਟਕ

ਅਰਥ:- ਗੁਰੁ ਸਾਹਿਬ ਜੀ ਨੇ ਧਰਮ ਦੀ ਰਾਖੀ ਲਈ ਮਹਾਨ ਸਾਕਾ ਕੀਤਾ ਹੈ। ਕਰਾਮਾਤ ਦਿਖਾਉਣ ਨੂੰ ਗੁਰੁ ਜੀ ਕਿਹਾ, ਪ੍ਰਭੂ ਦੇ ਭਾਣੇ ਹੁਕਮਾਂ ਦੀ ਉਲੰਘਣਾ ਹੈ। ਇਹੋ ਜਿਹੇ ਨਾਟਕ ਚੇਟਕ=ਜੰਤ੍ਰ ਮੰਤ੍ਰ ਦੁਆਰਾ ਜਿਸ ਤਰ੍ਹਾਂ ਮੰਦਾਰੀ ਲੋਕ ਕਰਦੇ ਹਨ, ਕਹਿੰਦੇ ਕੁਛ ਹੋਰ ਹਨ, ਦਿਖਾਉਂਦੇ ਹੋਰ ਹਨ। ਇਹ ਕੁਕਾਜਾ=ਭੈੜੇ, ਝੂਠੇ, ਖੋਟੇ ਕਰਮ ਕਰਦਿਆਂ ਪ੍ਰਭੂ ਦੇ ਲੋਗਨ, ਪ੍ਰਭੂ ਦੇ ਪਿਆਰਿਆਂ ਨੂੰ ਲਾਜਾ=ਲਜਿਆ ਆਉਂਦੀ ਹੈ।

ਨੋਟ:- ਗੁਰ ਜੀ ਕਹਿੰਦੇ, ਪ੍ਰਭੂ ਪਾਸੋਂ ਕੇ ਪ੍ਰਭੂ ਨਾਰਾਜ਼ ਹੋ ਜਾਵੇਗਾ। ਅਫਸੋਸ ਹੈ ਅਸੀਂ ਗੁਰੁ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਖੜਕੇ ਨਾਟਕ ਚੇਟਕ ਕਰਦੇ ਹਾਂ ਭੈਣ ਭਾਈ ਨੂੰ ਮਾਂ ਪੁਤ ਨੂੰ, ਪਿਓ ਧੀ ਨੂੰ, ਪਤੀ ਪਤਨੀ ਕਹਿਕੇ ਝੂਠੇ ਅਨੰਦ ਕਾਰਜ ਕਰਵਾ ਜਾਂਦੇ ਹਾਂ। ਇਸ ਤੋਂ ਵੱਡਾ ਪਾਪ ਕਰਮ ਹੋਰ ਕੋਈ ਨਹੀਂ, ਆਪਣੇ ਗੁਰੂ ਨੂੰ ਝੂਠਾ ਡਰਾਮਾ ਖੇਲ ਕੇ ਗੁਮਰਾਹ ਕਰਨਾ। ਜਿਹੜੇ ਪੁਰਖ ਨਾਟਕ ਚੇਟਕ ਕਰਕੇ, ਗੁਰੂ ਜੀ ਦੀ ਨਰਾਜ਼ਗੀ ਸਹੇੜਦੇ ਹਨ। ਉਹ ਸਿੱਖ ਕਹਾਉਣ ਦੇ ਕਾਬਲ ਨਹੀਂ, ਜੇ ਕਹਾਉਂਦੇ ਹਨ, ਤਾਂ ਸਚੇ ਦਰਬਾਰ ਵਿਚ ਪਰਵਾਨ ਨਹੀਂ ਹੋਣਗੇ, ਭੇਖ ਦੇ ਹੀ ਸਿੱਖ ਹੋਣਗੇ। ਗੁਰੁ ਜੀ ਦੇ ਹੁਕਮ ਪੜਕੇ ਸਾਨੂੰ ਝੂਠੇ ਕਰਮਾਂ ਸਮੇਂ ਲਜਾ=ਲਜਿਆ ਮਾਨ ਹੋਣਾ ਚਾਹੀਦਾ ਹੈ। ਸਾਡੇ ਗੁਰਪੁਰਬ ਮਨਾਏ ਹੋਏ, ਹੁਕਮ ਮੰਨੇ ਤੋਂ ਬਿਨਾਂ ਪ੍ਰਵਾਨ ਨਹੀਂ ਹੋਣਗੇ ਖਾਲਸਾ ਜੀ।

ਤਥਾ: ਮਾਨੈ ਹੁਕਮੁ ਸਭੇ ਗੁਣ ਗਿਆਨ॥ ਨਾਨਕ ਦਰਗਹ ਪਾਵੈ ਮਾਨੁ॥੫੬॥
ਪੰਨਾ ੯੪੪

ਅਰਥ:- ਗੁਰਾਂ ਦੇ ਹੁਕਮ ਨੂੰ ਮੰਨਣ ਵਾਲੇ ਨੂੰ ਸਾਰੇ ਸ਼ੁਭ ਗੁਣ ਪ੍ਰਾਪਤ ਹੋ ਜਾਂਦੇ ਹਨ। ਧਰਗਾਹ ਵਿਚ ਪ੍ਰਭੂ ਦੇ ਦਰਵਾਰ ਵਿਚ ਮਾਨ ਮਿਲਦਾ ਹੈ, ਸਿਰੋ ਪਾਉ ਮਿਲਦਾ ਹੈ।

ਤਥਾ: ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨਾ ਛੁਟਕੀ ਰੇ॥
ਪੰਨਾ ੫੩੫

ਅਰਥ:- ਗੁਰੁ ਅਰਜਨ ਦੇਵ ਜੀ ਕਥਨ ਕਰਦੇ ਹਨ, ਝੂਠੇ ਪੁਰਸ਼ ਦੀ ਪ੍ਰੀਤੀ ਕਰਨੀ ਝੂਠੀ ਹੈ। ਪ੍ਰਵਾਨ ਨਹੀਂ ਹੁੰਦੀ, ਪਾਣੀ ਵਿਚ ਮਧਾਣੀ ਪਾਉਣ ਵਾਲੀ ਗੱਲ ਹੈ। ਝੂਠੇ ਨੂੰ ਸਾਕਤ ਵੀ ਕਿਹਾ ਹੈ। ਸਾਕਤ ਨੇਂ ਤਾਂ ਜਮਾਂ ਦਾ ਬੱਧਾ ਜਾਣਾ ਹੀ ਹੈ, ਉਸਦੀ ਸੰਗਤ ਕਰਨ ਵਾਲਾ ਵੀ ਜਮਾਂ ਤੋਂ ਨਹੀਂ ਛੁਟੇਗਾ। ਸਾਧ ਸੰਗਤ ਜੀ ਪੁਰਬ ਮਨਾਓ, ਗੁਰਬਾਣੀ ਪੜ੍ਹਕੇ ਮੰਨਣਾ ਕਰੋ। ਗੁਰੂ ਗ੍ਰੰਥ ਨੂੰ ਗੁਰਾਂ ਦੀ ਦੇਹ ਮੰਨਕੇ ਸਤਿਕਾਰ ਕਰੋ, ਨਾ ਕੇ ਨਰਾਦਰ।

(ਗੁਰੂ ਦੁਆਰੇ ਦੇ ਵਿਚ ਜੋ ਬੇਈਮਾਨੀ)
ਗੁਰੂ ਦੁਆਰੇ ਦੇ ਵਿਚ ਜੋ ਬੇਈਮਾਨੀ, ਪੁਰਸ਼ ਕਰੇਗਾ ਜੋ ਨਾਦਾਨ ਸਿੱਖੋ।
ਪੂਰੀ ਓਦੀ ਨਾ ਪਏਗੀ ਚੌਂਹ ਜੁਗੀਂ, ਕਾਲਾ ਮੂੰਹ ਓਦਾ ਦੋ ਜਹਾਨ ਸਿੱਖੋ।

# ਪੱਗੜੀ ਸੰਭਾਲ ਜੱਟਾ ਕਿਸਾਨ ਅੰਦੋਲਨ ਪੂਰੇ ਨੌਂ ਮਹੀਨੇ ਚਲਿਆ ਸੀ



ਸੂਬੇਦਾਰ ਜਸਵਿੰਦਰ ਸਿੰਘ
ਭੁਲੇਰੀਆ ਮਮਦੋਟ (ਫਿਰੋਜ਼ਪੁਰ )

ਪੱਗੜੀ ਸੰਭਾਲ ਜੱਟਾ ਕਿਸਾਨ ਅੰਦੋਲਨ ਦੀ ਅਗਵਾਈ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚੇ ਸਰਦਾਰ ਅਜੀਤ ਸਿੰਘ ਨੇ ਕੀਤੀ ਸੀ . ਬ੍ਰਿਟਿਸ਼ ਸਰਕਾਰ ਨੇ ਆਬਾਦਕਾਰੀ ਨਾਮਕ ਬਿੱਲ ਜੋ ਕਿਸਾਨ ਮਾਰੂ ਸੀ ਉਹ ਲਾਗੂ ਕੀਤਾ ਸੀ .ਉਸ ਵਕਤ ਵੀ ਉਹਨਾਂ ਦਾ ਉਦੇਸ਼ ਵੀ ਇਹੋ ਸੀ. ਕਿ ਕਿਸਾਨਾਂ ਦੀ ਜਮੀਨ ਹੜੱਪ ਕੇ ਸ਼ਾਹੂਕਾਰਾਂ ਦੇ ਹਵਾਲੇ ਕੀਤੀ ਜਾਵੇ .ਉਸ ਬਿੱਲ ਦੇ ਅਨੁਸਾਰ ਕੋਈ ਵੀ ਕਿਸਾਨ ਆਪਣੀ ਜਮੀਨ ਵਿੱਚੋ ਬਿਨਾਂ ਸਰਕਾਰ ਦੀ ਇਜ਼ਾਜ਼ਤ ਤੋਂ ਰੁੱਖ ਵੀ ਨਹੀਂ ਕੱਟ ਸਕਦਾ ਸੀ .ਅਗਰ ਕਿਸਾਨ ਦਰੱਖਤ ਕੱਟਦਾ ਫੜ੍ਹਿਆ ਜਾਵੇ ਤਾਂ ਉਸ ਨੂੰ ਨੋਟਿਸ ਦੇ ਕੇ 24ਘੰਟਿਆਂ ਦੇ ਅੰਦਰ ਉਸ ਦੀ ਜਮੀਨ ਦਾ ਪੱਟਾ ਕੈਂਸਿਲ ਕਰਨ ਦਾ ਅਧਿਕਾਰ ਸ਼ਾਸਨ ਦੇ ਕੋਲ ਰੱਖਿਆ ਗਿਆ ਸੀ .ਦੂਸਰੀ ਸਭ ਤੋਂ ਖਤਰਨਾਕ ਗੱਲ ਇਹ ਸੀ ਕਿ ਜਮੀਨ ਕਿਸਾਨ ਦੇ ਵੱਡੇ ਪੁੱਤਰ ਦੇ ਨਾਂਅ ਹੀ ਚੜ੍ਹ ਸਕਦੀ ਸੀ .ਅਗਰ ਕਿਸੇ ਦੀ ਉਲਾਦ ਨਹੀਂ ਹੁੰਦੀ ਸੀ ਤੇ ਕਿਸਾਨ ਦੀ ਮੌਤ ਹੋਣ ਤੋਂ ਬਾਹਦ ਜਮੀਨ ਅੰਗਰੇਜ਼ੀ ਸ਼ਾਸਨ ਜਾਂ ਰਿਆਸਤ ਵਿੱਚ ਮਿਲਾਉਣ ਦਾ ਕਨੂੰਨ ਸੀ .ਇਸ ਬਿੱਲ ਦੇ ਨਾਲ ਨਾਲ ਅਪਰ ਦੋਆਬ ਨਹਿਰ ਦੇ ਪਾਣੀ ਲਗਣ ਵਾਲੀ ਜਮੀਨ ਦਾ ਮਾਮਲਾ ਵੀ ਦੁਗਣਾ ਕਰ ਦਿੱਤਾ ਸੀ .ਜਦੋ ਕਿਸਾਨਾਂ ਨੂੰ ਇਸ ਬਿੱਲ ਦੀ ਸਮਝ ਆਈ ਤਾਂ ਕਿਸਾਨਾਂ ਨੇ 1907 ਵਿੱਚ ਅੰਗਰੇਜ਼ਾਂ ਵਿਰੁੱਧ ਕਿਸਾਨ ਅੰਦੋਲਨ ਸ਼ੁਰੂ ਕਰ ਦਿੱਤਾ .ਜਿਸ ਦੀ ਅਗਵਾਈ ਸਰਦਾਰ ਅਜੀਤ ਸਿੰਘ ਨੇ ਕੀਤੀ .22 ਮਾਰਚ 1907 ਤੋਂ ਸਾਰੇ ਪਾਸਿਓਂ ਇਸ ਅੰਦੋਲਨ ਨੂੰ ਖੂਬ ਹੁੰਗਾਰਾ ਮਿਲਿਆ .ਉਸ ਸਮੇ ਕਿਸਾਨਾਂ ਦੇ ਅੰਦੋਲਨ ਵਿੱਚ ਲਾਲਾ ਬਾਂਕੇ ਦਿਆਲ ਨੇ ਭਰੇ ਜਲਸੇ ਵਿੱਚ "ਪੱਗੜੀ ਸੰਭਾਲ ਜੱਟਾ ,ਪੱਗੜੀ ਸੰਭਾਲ ਓਏ " ਗੀਤ ਗਏ ਕੇ ਲਹਿਰ ਵਿੱਚ ਜਾਨ ਪਾ ਦਿਤੀ .ਅੰਗਰੇਜ਼ ਸਰਕਾਰ ਉਤੇ ਕਿਸਾਨਾਂ ਨੇ ਇਨਾਂ ਦਬਾਅ ਬਣਾ ਦਿੱਤਾ ਕਿ ਸਰਕਾਰ ਕਿਸਾਨਾਂ ਅਗੇ ਝੁਕ ਗਈ .ਉਸ ਸਮੇ ਕਿਸਾਨ ਅੰਦੋਲਨ ਦਾ ਨਾਂ ਹੀ ਪੱਗੜੀ ਸੰਭਾਲ ਜੱਟਾ ਰੱਖ ਦਿੱਤਾ .ਨਵੰਬਰ 1907 ਨੂੰ ਅੰਗਰੇਜ਼ ਸਰਕਾਰ ਨੂੰ ਕਨੂੰਨ ਵਾਪਿਸ ਲੈਣਾ ਹੀ ਪਿਆ .ਇਹ ਇਤਿਹਾਸਿਕ ਜਿੱਤ ਨੇ ਹੌਲੀ ਹੌਲੀ ਅੰਗਰੇਜ਼ਾਂ ਦੀਆਂ ਜੜ੍ਹਾਂ ਵਿਚ ਤੇਲ ਪਾ ਦਿੱਤਾ .ਹੁਣ ਮੋਦੀ ਸਰਕਾਰ ਕਿਸਾਨ ਵਿਰੋਧੀ ਤਿੰਨ ਕਾਲੇ ਕਨੂੰਨ ਪਾਸ ਕਰਕੇ ਬੈਠ ਗਈ ਹੈ .ਇਸ ਦੀ ਵੀ ਇਹੋ ਹੀ ਮਨਸਾ ਹੈ ਕਿ ਕੋਈ ਵੀ ਕਿਸਾਨ ਸਾਡੇ ਨਾ ਬੋਲੇ .ਕਿਸਾਨਾਂ ਦੀਆਂ ਜਾਇਦਾਦਾਂ ਨੂੰ ਕਾਰ-ਪੋਰੇਟ ਘਰਾਣਿਆਂ ਦੇ ਹਵਾਲੇ ਕਰਾ ਦਿਤਾ ਜਾਵੇ .ਪਰ ਕਿਸਾਨ ਹੁਣ ਸੂਝਵਾਨ ਹਨ ਮੋਦੀ ਦੀਆਂ ਕੋਝੀਆਂ ਚਾਲਾਂ ਨੂੰ ਚਲਣ ਨਹੀਂ ਦੇਣਗੇ .ਹੁਣ

ਦੇਸ਼ ਭਰ ਦੇ ਕਿਸਾਨ ਇਕ ਝੰਡੇ ਥੱਲੇ ਇਕੱਠੇ ਹੋ ਕੇ ਦਿੱਲੀ ਦੇ ਬਾਰਡਰਾਂ ਉਤੇ ਡਟੇ ਪਏ ਹਨ .ਜਿਹਨਾਂ ਦੇ ਨਾਲ ਕੀ ਮਜ਼ਦੂਰ, ਵਪਾਰੀ ,ਆੜ੍ਹਤੀ ,ਵਕੀਲ ,ਕਲਾਕਾਰ ,ਕਾਰੀਗਰ ਹਰੇਕ ਤਬਕਾ ਮੋਢੇ ਨਾਲ ਮੋਢਾ ਜੋੜ ਕੇ ਖੜ੍ਹ ਗਿਆ ਹੈ .ਪੋਹ ਦਾ ਕੱਕਰ ਵੀ ਕਿਸਾਨਾਂ ਅਗੇ ਸਿੱਜਦਾ ਕਰਦਾ ਨਜ਼ਰ ਆ ਰਿਹਾ ਹੈ .ਸਾਰਿਆ ਦੀ ਇੱਕੋ ਹੀ ਆਵਾਜ਼ ਹੈ ਕਿ ਕਨੂੰਨ ਰੱਦ ਕਰਵਾ ਕੇ ਹੀ ਘਰ ਪਰਤਾਂਗੇ .ਇਸ ਕਿਸਾਨ ਅੰਦੋਲਨ ਦੀ ਸਭ ਤੋਂ ਵਡੀ ਸਫਲਤਾ ਇਹ ਹੈ ਕਿ ਇਸ ਵਿੱਚ ਬੁੱਢੇ ,ਨੌਜਵਾਨ ,ਬੱਚੇ ,ਬੀਬੀਆਂ ,ਭੈਣਾਂ ਬੱਚੀਆਂ ਤੇ ਮਾਤਾਵਾਂ ਧਰਨੇ ਵਿੱਚ ਪਕੇ ਤੌਰ ਤੇ ਸ਼ਾਮਿਲ ਹੋ ਗਈਆਂ ਹਨ .ਕਿਸੇ ਨੂੰ ਘਰਾਂ ਦੀ ਕੋਈ ਵੀ ਪ੍ਰਵਾਹ ਨਹੀਂ ਬੱਸ ਇਕੋ ਇੱਕ ਇਰਾਦਾ ਲੈ ਕੇ ਡਟੇ ਹੋਏ ਹਨ .ਮੋਦੀ ਵੀ ਆਪਣੀ ਅੜੀਅਲ ਜਿੱਦ ਤੇ ਅੜ੍ਹਿਆ ਬੈਠਾ ਹੈ .ਜਿੱਤ ਕਿਸਾਨਾਂ ਦੀ ਪੱਕੀ ਹੈ ਭਾਵੇ ਕਨੂੰਨ ਅੱਜ ਰੱਦ ਕਰ ਦੇਵੇ ਤੇ ਭਾਵੇਂ ਠਹਿਰ ਕੇ ਕਰ ਦੇਵੇ .ਇਹ ਫੈਸਲਾ ਕਿਸਾਨਾਂ ਦੇ ਹੱਕ ਵਿਚ ਹੀ ਕਰਨਾ ਪਵੇਗਾ .ਹੁਣ ਦੇਖਦੇ ਹਾਂ ਕਿ ਉਹ ਸੁਲੱਖਣੀ ਘੜੀ ਕਦੋ ਆਵੇਗੀ ਜਦੋ ਜਿੱਤ ਦਾ ਐਲਾਨ ਹੋਵੇਗਾ ਤੇ ਕਿਸਾਨ ਆਪਣੇ ਘਰਾਂ ਨੂੰ ਵਾਪਿਸ ਪਰਤਣਗੇ ?


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224


# ਗੁਰਾਂ ਦੇ ਨਾਂ ਤੇ ਜੀਂਦੇ ਪੰਜਾਬ ਵਿਚਲੀ ਸਦਭਾਵਨਾ ਵਿੱਚ ਜ਼ਹਿਰ?



ਜਸਵੰਤ ਸਿੰਘ 'ਅਜੀਤ'

ਕਿਸਾਨ-ਵਿਰੋਧੀ ਕਾਨੂੰਨਾਂ ਦੇ ਵਿਰੁਧ ਅੱਜ ਜੋ ਅੰਦੋਲਣ ਹੋ ਰਿਹਾ ਹੈ, ਉਸਦੀ ਅਰੰਭਤਾ ਭਾਵੇਂ ਪੰਜਾਬ ਦੇ ਕਿਸਾਨਾਂ, ਜਿਨ੍ਹਾਂ ਵਿੱਚ ਬਹੁਤੇ ਸਿੱਖ ਹਨ, ਵਲੋਂ ਕੀਤੀ ਗਈ ਹੈ, ਪ੍ਰੰਤੂ ਉਸਦਾ ਸੰਬੰਧ ਕੇਵਲ ਪੰਜਾਬ ਦੇ ਕਿਸਾਨਾਂ ਦੇ ਹਿਤਾਂ ਨਾਲ ਹੀ ਨਹੀਂ, ਸਗੋਂ ਦੇਸ਼ ਦੇ ਸਮੁਚੇ ਕਿਸਾਨ ਭਾਈਚਾਰੇ ਦੇ ਹਿਤਾਂ ਨਾਲ ਹੈ। ਇਹ ਵਿਚਾਰ ਦਿੱਲੀ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਆਰ ਐਸ ਸੋਢੀ ਨੇ ਇੱਕ ਨਿਜੀ ਗਲਬਾਤ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬੀ ਕਿਸਾਨਾਂ ਵਲੋਂ ਅਰੰਭੇ ਇਸ ਅੰਦੋਲਣ ਨਾਲ ਪਹਿਲਾਂ ਹਰਿਆਣਾ ਦੇ ਕਿਸਾਨ ਜੁੜੇ, ਫਿਰ ਇਕ-ਇਕ ਕਰ ਦੇਸ਼ ਦੇ ਦੂਸਰੇ ਰਾਜਾਂ ਦੇ ਕਿਸਾਨ ਵੀ ਜੁੜਦੇ ਚਲੇ ਗਏ। ਇਸੇ ਸੰਬੰਧ ਵਿੱਚ ਪੁਛੇ ਗਏ ਇੱਕ ਸੁਆਲ ਦਾ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਵਲੋਂ ਇਸ ਪਾਸੇ ਪਹਿਲ ਕਰਨ ਦਾ ਕਾਰਣ ਇਹ ਹੈ ਕਿ ਅੱਜ ਦੇ ਪੰਜਾਬ ਦਾ ਕਿਸਾਨ ਪੜ੍ਹਿਆ-ਲਿਖਿਆ ਹੈ। ਉਸਨੇ ਜਦੋਂ ਇਨ੍ਹਾਂ ਨਵੇਂ ਬਣੇ ਖੇਤੀ ਕਾਨੂੰਨਾਂ ਦਾ ਅਧਿਅਨ ਕੀਤਾ ਤਾਂ ਉਸਨੂੰ ਜਾਪਿਆ ਕਿ ਇਹ ਕਾਨੂੰਨ, ਜੋ ਕਿਸਾਨ ਭਾਈਚਾਰੇ ਦੇ ਹਿਤ ਵਿੱਚ ਦਸੇ ਜਾ ਰਹੇ ਹਨ, ਉਸ ਅਸਲ ਵਿੱਚ ਉਨ੍ਹਾਂ ਦੇ ਹਿਤਾਂ ਦੇ ਵਿਰੁਧ ਹਨ। ਇਸਲਈ ਉਨ੍ਹਾਂ ਨੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਦਾ ਫੈਸਲਾ ਕਰ ਲਿਆ। ਕਨੂੰਨਾਂ ਦੇ ਵਿਰੋਧ ਵਿੱਚ ਉਸਦੇ ਮੈਦਾਨ ਵਿੱਚ ਨਿਤਰਨ ਦੀ ਦੇਰ ਸੀ, ਕਿ ਸਰਕਾਰ ਨੇ ਇਸ ਡਰੋਂ ਕਿ ਕਿਧਰੇ ਇਹ ਅੰਦੋਲਣ ਜ਼ੋਰ ਨਾ ਪਕੜ ਜਾਏ, ਇਸਦਾ ਵਿਰੋਧ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜਾਪਦਾ ਹੈ ਕਿ ਸਰਕਾਰ ਵਲੋਂ ਕਿਸਾਨ ਅੰਦੋਲਣ ਦੇ ਸੰਬੰਧ ਵਿੱਚ ਜਿਸਤਰ੍ਹਾਂ ਅੰਦੋਲਣ-ਵਿਰੋਧੀ ਨੀਤੀ ਅਪਨਾਈ ਗਈ, ਉਸਦਾ ਨਤੀਜਾ ਇਹ ਹੋਇਆ ਕਿ ਦੂਸਰੇ ਰਾਜਾਂ ਦੇ ਕਿਸਾਨਾਂ ਵਿੱਚ ਵੀ ਇਨ੍ਹਾਂ ਕਾਨੂੰਨਾਂ ਦੇ ਸੰਬੰਧ ਵਿੱਚ ਸ਼ੰਕਾ ਪੈਦਾ ਹੋਣ ਲਗੀ ਤੇ ਉਹ ਵੀ ਇਸ ਅੰਦੋਲਣ ਵਿੱਚ ਭਾਈਵਾਲ ਬਣਨ ਲਈ ਅਗੇ ਆਉਣ ਲਗ ਪਏ।

ਇਸ ਸਥਿਤੀ ਨੂੰ ਸਰਕਾਰ ਨੇ ਆਪਣੇ ਲਈ ਚੁਨੌਤੀ ਸਮਝਿਆ ਤੇ ਉਸਨੇ ਆਪਣੇ ਸਾਰੇ ਸਾਧਨ ਇਨ੍ਹਾਂ ਕਾਨੂੰਨਾਂ ਦੇ ਕਿਸਾਨਾਂ ਦੇ ਹਿਤ ਵਿੱਚ ਹੋਣ ਦਾ ਪ੍ਰਚਾਰ ਕਰਨ ਵਿੱਚ ਝੌਂਕ ਦਿੱਤੇ। ਸੰਭਵ ਹੈ ਕਿ ਇਸ ਅੰਦਲਣ ਨਾਲ ਸੰਬੰਧਤ ਸਿੱਖ ਜਥੇਬੰਦੀਆਂ ਨੂੰ ਬਦਨਾਮ ਕਰਨ ਲਈ ਹੀ, ਬੀਤੇ ਸਮੇਂ ਵਿੱਚ ਸਿੱਖ ਜਗਤ ਵਲੋਂ ਮਨਾਈਆਂ ਗਈਆਂ ਸ਼ਤਾਬਦੀਆਂ ਦੇ ਮੌਕੇ ਸਰਕਾਰ ਵਲੋਂ ਦਿੱਤੇ ਜਾਂਦੇ ਰਹੇ ਆਰਥਕ ਸਹਿਯੋਗ ਨੂੰ ਉਨ੍ਹਾਂ ਪੁਰ ਕੀਤੇ ਅਹਿਸਾਨ ਵਜੋਂ ਪ੍ਰਚਾਰ, ਅੰਦੋਲਣਕਾਰੀ ਸਿੱਖਾਂ ਨੂੰ ਅਹਿਸਾਨ-ਫਰੋਸ਼ ਸਾਬਤ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਸਰਕਾਰ ਵਲੋਂ ਸਿੱਖਾਂ ਪੁਰ ਕੀਤੇ ਅਹਿਸਾਨ ਦੇ ਕੀਤੇ ਜਾ ਰਹੇ ਪ੍ਰਚਾਰ ਦੇ ਜਵਾਬ ਵਿੱਚ ਕੁਝ ਬਜ਼ੁਰਗ ਸਿੱਖਾਂ ਨੇ ਕਿਹਾ ਕਿ ਅਹਿਸਾਨ-ਫਰਾਮੋਸ਼ ਸਿੱਖ ਨਹੀਂ, ਇਸ ਦੇਸ਼ ਦੀਆਂ ਸਰਕਾਰਾਂ ਰਹੀਆਂ ਹਨ। ਉਨ੍ਹਾਂ ਦਸਿਆ ਕਿ ਇਸ ਦੇਸ਼ ਦੀ ਅਜ਼ਾਦੀ ਲਈ ਵਿੱਚ ਹੀ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਨਹੀਂ ਦਿੱਤੀਆਂ, ਸਗੋਂ ਉਸਤੋਂ ਬਾਅਦ ਵੀ ਦੇਸ਼ ਦੀ ਏਕਤਾ-ਅਖੰਡਤਾ ਦੀ ਬਹਾਲੀ ਤੇ ਉਸਦੀ ਰਖਿਆ ਲਈ ਵੀ ਉਨ੍ਹਾਂ ਅਨੇਕਾਂ ਕੁਰਬਾਨੀਆਂ ਕੀਤੀਆਂ, ਪ੍ਰੰਤੂ ਉਨ੍ਹਾਂ ਕਦੀ ਵੀ ਇਨ੍ਹਾਂ ਕੁਰਬਾਨੀਆਂ ਨੂੰ ਅਹਿਸਨ ਵਜੋਂ ਪ੍ਰਚਾਰਿਤ ਨਹੀਂ ਕੀਤਾ। ਇਸ ਸੰਬੰਧ ਵਿੱਚ ਉਨ੍ਹਾਂ ਕੁਝ ਘਟਾਨਾਵਾਂ ਜ਼ਿਕਰ ਵੀ ਕੀਤਾ, ਜੋ ਪਾਠਕਾਂ ਦੀ ਜਾਣਕਾਰੀ ਲਈ ਹੇਠਾਂ ਪੇਸ਼ ਹਨ।

ਜਿਨ੍ਹਾਂ ਦੇਸ਼ ਦੀ ਵੰਡ ਦੇ ਜ਼ਖਮਾਂ ਨੂੰ ਪਿੰਡੇ ਹੰਡਾਇਆ, ਉਨ੍ਹਾਂ ਵਿਚੋਂ ਸੰਸਾਰ ਵਿਚ ਵਿਚਰ ਰਹੇ ਇਨ੍ਹਾਂ ਬਜ਼ੁਰਗਾਂ ਅਨੁਸਾਰ ਜਦੋਂ ਦੇਸ਼ ਦੀ ਆਜ਼ਾਦੀ ਦੀ ਰੂਪ-ਰੇਖਾ ਤਿਆਰ ਹੋ ਰਹੀ ਸੀ, ਉਸ ਸਮੇਂ ਦੇ ਕਾਂਗ੍ਰਸੀ ਨੇਤਾ ਦੇਸ਼ ਦੀ ਸੱਤਾ ਨੂੰ ਕੇਵਲ ਅਪਣੇ ਹੀ ਹਥਾਂ ਵਿਚ ਹੀ ਕੇਂਦ੍ਰਿਤ ਕਰੀ ਰਖਣ ਦੀ ਲਾਲਸਾ ਵਿਚ ਇਤਨੇ ਜ਼ਿਆਦਾ ਗ੍ਰਸਤ ਹੋ ਗਏ ਹੋਏ ਸਨ, ਕਿ ਉਨ੍ਹਾਂ ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ, ਉਨ੍ਹਾਂ ਸਿੱਖਾਂ ਨੂੰ, ਜਰਾਇਮ ਪੇਸ਼ਾ ਕਰਾਰ ਦੇ ਦੇਸ਼ ਤੇ ਮਨੁਖਤਾ ਦੇ ਦੁਸ਼ਮਣ ਸਥਾਪਤ ਕਰ ਭਾਰਤੀ-ਸਮਾਜ ਤੋਂ ਅਲਗ-ਥਲਗ ਕਰ ਦੇਣ ਦੀ ਸਾਜ਼ਿਸ਼ ਰਚਣ ਵਿਚ ਵੀ ਕੋਈ ਝਿਝਕ ਨਹੀਂ ਸੀ ਵਿਖਾਈ, ਜਿਨ੍ਹਾਂ ਨਾ ਕਵੇਲ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ ਸਨ, ਸਗੋਂ ਆਪਣੀ ਕਿਸਮਤ ਭਾਰਤ ਨਾਲ ਜੋੜਨ ਦੇ ਕੀਤੇ ਗਏ ਫੈਸਲੇ ਲਈ ਵੀ ਉਨ੍ਹਾਂ ਨੂੰ ਸਭ ਤੋਂ ਵਧ ਕੀਮਤ ਚੁਕਾਣੀ ਪਈ। ਦੇਸ਼ ਦੀ ਵੰਡ ਨੇ ਤਾਂ ਅੱਧੀ ਤੋਂ ਵਧ ਸਿੱਖ ਕੌਮ ਨੂੰ ਤਬਾਹ ਤੇ ਬਰਬਾਦ ਕਰਕੇ ਰਖ ਦਿਤਾ। ਉਹ ਜਾਨਾਂ ਤੋਂ ਵੀ ਵਧ ਪਿਆਰੇ ਆਪਣੇ ਗੁਰਧਾਮ, ਅਰਬਾਂ ਰੁਪਏ ਦੀਆਂ ਜ਼ਮੀਨਾਂ-ਜਾਇਦਾਦਾਂ ਅਤੇ ਖੂਨ-ਪਸੀਨੇ ਨਾਲ ਸਿੰਜੀਆਂ ਜ਼ਮੀਨਾਂ ਆਦਿ ਤਕ ਛਡ, ਖਾਲੀ ਹਥ ਆਜ਼ਾਦ ਭਾਰਤ ਵਿਚ, ਇਸ ਵਿਸ਼ਵਾਸ ਨਾਲ ਕਦਮ ਰਖਿਆ ਸੀ ਕਿ ਦੇਸ਼ ਲਈ ਕੀਤੀ ਗਈ, ਉਨ੍ਹਾਂ ਦੀ ਕੁਰਬਾਨੀ ਦਾ ਸਨਮਾਨ ਕੀਤਾ ਜਾਇਗਾ, ਪਰ ਇਧਰ ਆਉਂਦਿਆਂ ਹੀ ਉਨ੍ਹਾਂ ਨੂੰ 'ਜਰਾਇਮਪੇਸ਼ਾ' ਦੇ ਨਾਂ ਨਾਲ ਨਵਾਜ਼, ਉਨ੍ਹਾਂ ਪੁਰ ਸਖਤ ਨਿਗਰਾਨੀ ਰਖਣ ਦੇ ਆਦੇਸ਼ ਜਾਰੀ ਕਰ ਦਿਤੇ ਗਏ।

ਇਨ੍ਹਾਂ ਬਜ਼ੁਰਗਾਂ ਨੇ ਹੋਰ ਦਸਿਆ ਕਿ ਆਜ਼ਾਦੀ ਦੀ ਲੜਾਈ ਦੌਰਾਨ, ਜਦੋਂ ਕਦੀ ਕਾਂਗ੍ਰਸ ਦੀ ਇਜ਼ਤ ਦਾਅ ਤੇ ਲਗੀ, ਉਸ ਸਮੇਂ ਵੀ ਸਿੱਖ ਹੀ ਉਸਦੀ ਇਜ਼ਤ ਬਚਾਣ ਲਈ ਅਗੇ ਆਉਂਦੇ ਰਹੇ। ਇਸ ਸੰਬੰਧ ਵਿਚ ਉਹ ਦਸਦੇ ਹਨ, ਕਿ ਇਕ ਵਾਰ ਬੰਬਈ (ਹੁਣ ਮੁੰਬਈ) ਵਿਖੇ ਕਾਂਗ੍ਰਸ ਦੇ ਹੋਣ ਵਾਲੇ ਜਲਸੇ ਤੇ ਸਰਕਾਰ ਵਲੋਂ ਪਾਬੰਦੀ ਲਾ ਦਿਤੀ ਗਈ ਤੇ ਜਲਸੇ ਵਾਲੀ ਥਾਂ ਪੁਲਿਸ ਨੇ ਅਪਣੇ ਘੇਰੇ ਵਿਚ ਲੈ ਲਈ। ਕੋਈ ਵੀ ਕਾਂਗ੍ਰਸੀ ਜਾਂ ਕੋਈ ਹੋਰ ਦੇਸ਼-ਭਗਤ ਇਸ ਪਾਬੰਦੀ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਸੀ ਜੁਟਾ ਪਾ ਰਿਹਾ। ਉਸ ਸਮੇਂ ਸਿੱਖਾਂ ਦੇ ਜਥੇ ਨੇ ਹੀ, ਜ. ਪ੍ਰਤਾਪ ਸਿੰਘ ਦੀ ਅਗਵਾਈ ਵਿਚ ਮੈਦਾਨ ਵਿਚ ਨਿਤਰ ਕਾਂਗ੍ਰਸ ਦੀ ਇਜ਼ਤ ਬਚਾਈ ਸੀ।

ਉਨ੍ਹਾਂ ਇਹ ਵੀ ਦਸਿਆ ਕਿ ਅਜ ਜੰਮੂ-ਕਸ਼ਮੀਰ ਦਾ ਜੋ ਹਿਸਾ ਭਾਰਤ ਦਾ ਅੰਗ ਬਣਿਆ ਹੋਇਆ ਹੈ, ਉਹ ਵੀ ਸਿੱਖ ਫੌਜੀਆਂ ਦੀ ਬਦੌਲਤ ਹੀ ਹੈ, ਸਿੱਖ ਫੌਜੀ ਤਾਂ ਉਸ ਹਿਸੇ ਨੂੰ ਵੀ ਪਾਕਿਸਤਾਨ ਤੋਂ ਵਾਪਸ ਲੈ ਲੈਣ ਲਈ ਤਿਆਰ ਸਨ, ਜੋ ਅਜ ਵੀ ਪਾਕਿਸਤਾਨ ਦੇ ਕਬਜ਼ੇ ਵਿਚ ਹੈ, ਤੇ ਭਾਰਤ ਲਈ ਕਦੀ ਵੀ ਦੂਰ ਨਾ ਹੋ ਪਾ ਸਕਣ ਵਾਲਾ ਸਿਰ ਦਰਦ ਬਣਿਆ ਹੋਇਆ ਹੈ। ਪ੍ਰੰਤੂ ਉਸ ਸਮੇਂ ਦੇ ਪ੍ਰਧਾਨ ਮੰਤਰੀ, ਪੰਡਤ ਜਵਾਹਰ ਲਾਲ ਨਹਿਰੂ, ਸਿੱਖ ਫੌਜੀਆਂ ਨੂੰ ਅਗੇ ਵਧਣ ਤੋਂ ਰੋਕ, ਇਹ ਮਾਮਲਾ ਯੂ ਐਨ ਓ ਵਿਚ ਲੈ ਗਏ, ਜਿਸ ਨਾਲ ਇਹ ਮਾਮਲਾ ਅਜਿਹਾ ਉਲਝਿਆ ਕਿ ਅਜੇ ਤਕ ਸੁਲਝਣ ਦਾ ਨਾਂ ਨਹੀਂ ਲੈ ਰਿਹਾ। ਭਾਰਤ ਉਸ ਉਲਝਣ ਵਿਚੋਂ ਨਿਕਲਣ ਲਈ ਲਗਾਤਾਰ ਜਾਨ-ਮਾਲ ਦੀ ਭਾਰੀ ਕੀਮਤ ਚੁਕਾਂਦਾ ਅਤੇ ਹਥ-ਪੈਰ ਮਾਰਦਾ ਚਲਿਆ ਆ ਰਿਹਾ ਹੈ।

ਇਨ੍ਹਾਂ ਬਜ਼ੁਰਗਾਂ ਅਨੁਸਾਰ ਦੇਸ਼ ਨੂੰ ਏਕਤਾ ਦੇ ਸੂਤਰ ਵਿਚ ਪਰੋਣ ਲਈ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਲ ਕਰਨ ਦਾ ਸਿਹਰਾ ਸਰਦਾਰ ਪਟੇਲ ਦੇ ਸਿਰ ਬੰਨ੍ਹਿਆ ਜਾਂਦਾ ਹੈ, ਜਦਕਿ ਇਨ੍ਹਾਂ ਰਿਆਸਤਾਂ ਦੇ ਸਰਬਰਾਹ ਕਿਸੇ ਵੀ ਕੀਮਤ ਤੇ ਆਪਣੀਆਂ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਲ ਕਰਨ ਲਈ ਤਿਆਰ ਨਹੀਂ ਸੀ ਹੋ ਰਹੇ, ਕਿਉਂਕਿ ਸਰਦਾਰ ਪਟੇਲ ਉਨ੍ਹਾਂ ਦੀਆਂ ਸ਼ੰਕਾਵਾਂ ਨੂੰ ਦੂਰ ਨਹੀਂ ਸੀ ਕਰ ਪਾ ਰਹੇ। ਇਸ ਪਖੋਂ ਸਰਦਾਰ ਪਟੇਲ ਹੀ ਨਹੀਂ, ਸਗੋਂ ਪੰਡਤ ਨਹਿਰੂ ਤਕ ਵੀ ਨਿਰਾਸ਼ ਹੋ ਹਥਿਆਰ ਸੁੱਟ ਚੁਕੇ ਸਨ। ਉਸ ਸਮੇਂ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਅਗੇ ਆ, ਉਨ੍ਹਾਂ ਦੀ ਮਦਦ ਕੀਤੀ। ਸਭ ਤੋਂ ਪਹਿਲਾਂ ਉਨ੍ਹਾਂ ਆਪ, ਆਪਣੀ ਰਿਆਸਤ ਨੂੰ ਭਾਰਤੀ ਸੰਘ ਵਿਚ ਸ਼ਾਮਲ ਕਰਨ ਦੀ ਪੇਸ਼ਕਸ਼ ਕੀਤੀ। ਫਿਰ ਉਨ੍ਹਾਂ ਦੂਜੇ, ਆਪਣੇ ਪ੍ਰਭਾਵ ਹੇਠਲੇ ਰਾਜਿਆਂ ਨੂੰ ਭਾਰਤੀ ਸੰਘ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਉਸ ਤੋਂ ਬਾਅਦ ਹੀ ਹੋਰ ਰਾਜੇ ਆਪਣੀਆਂ ਰਿਆਸਤਾਂ ਭਾਰਤੀ ਸੰਘ ਵਿਚ ਸ਼ਾਮਲ ਕਰਨ ਲਈ ਤਿਆਰ ਹੋਏ। ਹੈਦਰਾਬਾਦ ਤੇ ਜੂਨਾਗੜ੍ਹ ਰਿਆਸਤਾਂ ਦੇ ਨਵਾਬਾਂ ਨੇ ਤਾਂ ਪਾਕਿਸਤਾਨ ਨਾਲ ਆਪਣਾ ਭਵਿਖ ਜੋੜਨ ਦਾ ਐਲਾਨ ਕਰ ਦਿਤਾ ਸੀ। ਇਨ੍ਹਾਂ ਰਿਆਸਤਾਂ ਦੀਆਂ ਫੌਜਾਂ ਪਾਸੋਂ ਹਥਿਆਰ ਸੁਟਾ, ਇਨ੍ਹਾਂ ਦੇ ਨਵਾਬਾਂ ਨੂੰ ਭਾਰਤ ਵਿਚ ਸ਼ਾਮਲ ਹੋਣ ਤੇ ਮਜਬੂਰ ਕਰਨ ਵਿਚ ਵੀ ਸਿੱਖ ਫੌਜੀ ਟੁਕੜੀਆਂ ਦੀ ਹੀ ਮੁਖ ਭੂਮਿਕਾ ਰਹੀ ਸੀ। ਇਨ੍ਹਾਂ ਬਜ਼ੁਰਗਾਂ ਨੂੰ ਇਹ ਸ਼ਿਕਵਾ ਵੀ ਹੈ ਕਿ ਸਿੱਖਾਂ ਨੇ ਇਸ ਦੇਸ਼ ਲਈ ਕੀ ਕੁਝ ਨਹੀਂ ਕੀਤਾ? ਪਰ ਦੇਸ਼ ਦੇ ਕਰਣਧਾਰਾਂ ਨੇ ਉਨ੍ਹਾਂ ਦੇ ਕੀਤੇ ਦਾ ਸਨਮਾਨ ਕਰਨਾ ਤਾਂ ਦੂਰ ਰਿਹਾ, ਉਨ੍ਹਾਂ ਨਾਲ ਇਨਸਾਫ ਕਰਨ ਦੀ ਵੀ ਲੋੜ ਨਹੀਂ ਸਮਝੀ।

…ਅਤੇ ਅੰਤ ਵਿਚ : ਇਨ੍ਹਾਂ ਬਜ਼ੁਰਗਾਂ ਨੂੰ ਇਹ ਸ਼ਿਕਵਾ ਵੀ ਹੈ ਕਿ ਜਦੋਂ ਸਿੱਖ ਆਗੂਆਂ ਨੇ ਪੰਜਾਬੀ ਭਾਸ਼ਾ ਦੇ ਆਧਾਰ ਤੇ ਪੰਜਾਬ ਦੇ ਪੁਨਰਗਠਨ ਦੀ ਮੰਗ ਕੀਤੀ ਅਤੇ ਇਸ ਮੰਗ ਦੀ ਪੂਰਤੀ ਲਈ ਲੰਮਾ ਸੰਘਰਸ਼ ਕੀਤਾ। ਉਸ ਦੌਰਾਨ ਗੈਰ-ਸਿੱਖ ਪੰਜਾਬੀਆਂ ਨੇ ਉਨ੍ਹਾਂ ਦਾ ਸਮਰਥਨ ਕਰਨ ਦੀ ਬਜਾਏ, ਇਹ ਆਖ ਉਨ੍ਹਾਂ ਦਾ ਵਿਰੋਸ਼ ਕਰਨਾ ਸ਼ੁਰੂ ਕਰ ਦਿਤਾ ਕਿ ਸਿੱਖ ਪੰਜਾਬੀ ਸੂਬੇ ਦੇ ਨਾਂ ਤੇ ਖਾਲਿਸਤਾਨ ਕਾਇਮ ਕਰਨਾ ਚਾਹੁੰਦੇ ਹਨ। ਫਲਸਰੂਪ ਪੰਜਾਬੀ ਸੂਬੇ ਦੀ ਮੰਗ ਦਾ ਤਿਖਾ ਵਿਰੋਧ ਹੋਇਆ। ਇਸੇ ਦਾ ਨਤੀਜਾ ਸੀ ਕਿ ਉਸ ਪੰਜਾਬ ਵਿਚ, ਜੋ ਗੁਰਾਂ ਦੇ ਨਾਂ ਤੇ ਜੀਂਦਾ ਸੀ ਅਤੇ ਜਿਥੇ ਸਦਾ ਹੀ ਪਿਆਰ ਤੇ ਆਪਸੀ ਸਾਂਝ ਦੇ ਗੀਤ ਗੂੰਜਦੇ ਸਨ, ਵੈਰ ਤੇ ਨਫਰਤ ਦੇ ਬੀਜ ਬੀਜੇ ਜਾਣ ਲਗ ਪਏ। ਗੁਆਂਢੀ, ਗੁਆਂਢੀ ਨੂੰ ਸ਼ਕ ਦੀਆਂ ਨਜ਼ਰਾਂ ਦੇ ਨਾਲ ਵੇਖਣ ਲਗਾ।… ਇਸਤੋਂ ਅਗੇ ਉਹ ਕੁਝ ਨਾ ਕਹਿ ਸਕੇ। ਉਨ੍ਹਾਂ ਦਾ ਗਲਾ ਭਰ ਆਇਆ ਤੇ ਉਹ ਇਤਨਾ ਹੋਰ ਆਖ ਚੁਪ ਕਰ ਗਏ ਕਿ ਇਸਤੋਂ ਬਾਅਦ ਜੋ ਕੁਝ ਹੋਇਆ, ਉਸਨੂੰ ਅਜ ਦੀ ਪੀੜੀ ਚੰਗੀ ਤਰ੍ਹਾਂ ਜਾਣਦੀ ਹੈ।



# ਹਾਈ ਕੋਰਟ ਵੱਲੋਂ ਹੁਕਮ, ਤਬਲੀਗ਼ੀ ਜਮਾਤ ਦਾ ਕੇਸ ਤਿੰਨ ਮਹੀਨੇ ਵਿੱਚ ਨਿਪਟਾਇਆ ਜਾਵੇ




ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਹਰਿਆਣਾ ਵਿੱਚ ਤਬਲੀਗੀ ਜਮਾਤ ਨਾਲ ਸਬੰਧਨ ਕੇਸ ਤਿੰਨ ਮਹੀਨੇ ਵਿੱਚ ਨਿਪਟਾਉਣ ਦਾ ਹੁਕਮ ਦੇ ਕੇ ਇਸ ਜਮਾਤ ਵਾਲੇਲੋਕਾਂ ਦੀ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ ਹੈ। ਕੋਵਿਡ-19 ਕਾਰਨ ਦੇਸ਼ ਵਿੱਚ ਇਕੱਠੇ ਹੋਣ ਦੀਆਂ ਬੰਦਸ਼ਾਂ ਦੀ ਉਲੰਘਣਾ ਕਾਰਨ ਹਰਿਆਣਾ ਵਿੱਚ ਵੱਖ-ਵੱਖ ਥਾਵਾਂ ਉਤੇ ਤਬਲੀਗੀ ਲੋਕਾਂ ਵਿਰੁੱਧ ਫ਼ਾਰਨਰਸ ਐਕਟ ਅਤੇ ਹੋਰ ਧਾਰਾਵਾਂ ਦੇ ਕੇਸ ਦਰਜ ਕੀਤੇ ਗਏ ਸਨ ਤੇ ਮੁਲਜ਼ਮਾਂ ਨੇ ਟਰਾਇਲ ਛੇਤੀ ਮੁਕੰਮਲ ਕਰਨ ਦੀ ਮੰਗ ਬਾਰੇ ਹਾਈ ਕੋਰਟ ਦਾ ਦਰਵਾਜਾ ਖੜਕਾਇਆ ਸੀ।

ਇਸ ਸੰਬੰਧ ਵਿੱਚ ਇਨ੍ਹਾਂ ਲੋਕਾਂ ਨੇ ਹਾਈ ਕੋਰਟ ਵਿੱਚ ਕਿਹਾ ਸੀ ਕਿ ਤਾਲਾਬੰਦੀ ਦੌਰਾਨ ਦੇਸ਼ ਭਰ ਵਿੱਚ ਵੱਖ-ਵੱਖ ਥਾਵਾਂ ਉਤੇ ਕੇਸ ਦਰਜ ਹੋਏ ਸਨ ਤੇ ਕਈ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਸਪਰੀਮ ਕੋਰਟ ਨੇ ਦਿੱਲੀ (ਐਨ ਸੀ ਟੀ) ਨਾਲ ਸਬੰਧਤ ਸਾਰੇ ਕੇਸਾਂ ਦੀ ਸੁਣਵਾਈ ਇੱਕੋ ਥਾਂ ਕਰਨ ਦੀ ਹਦਾਇਤ ਕੀਤੀ ਸੀ ਤੇ ਇਸੇ ਤਰ੍ਹਾਂ ਪਟਨਾ ਹਾਈ ਕੋਰਟ ਨੇ ਬਿਹਾਰ ਵਿੱਚ ਇੱਕੋ ਥਾਂ ਉਤੇ ਅਤੇ ਅਲਾਹਾਬਾਦ ਹਾਈ ਕੋਰਟ ਨੇ ਜ਼ੋਨ ਅਨੁਸਾਰ ਤਿੰਨ ਥਾਂ ਸੁਣਵਾਈ ਕਰਨ ਦੀ ਹਦਾਇਤ ਕੀਤੀ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤਬਲੀਗੀ ਪਟੀਸ਼ਨਰਾਂ ਦੀ ਮੰਗ ਉਤੇ ਹਰਿਆਣਾ ਸਰਕਾਰ ਤੋਂ ਪੁੱਛਿਆ ਸੀ ਕਿ ਇਸ ਰਾਜ ਵਿੱਚ ਅਜਿਹੇ ਕਿੰਨੇ ਕੇਸ ਕਿੱਥੇ-ਕਿੱਥੇ ਚੱਲ ਰਹੇ ਹਨ। ਹਰਿਆਣਾ ਸਰਕਾਰ ਨੇ ਦਸਿਆ ਕਿ ਕੁਲ 11 ਕੇਸਾਂ ਵਿੱਚੋਂ ਸੱਤਾਂ ਦਾ ਟਰਾਇਲ ਖ਼ਤਮ ਹੋਣ ਨਾਲ ਇਹ ਨਿਪਟ ਗਏ ਹਨ ਤੇ ਦੋ ਕੇਸਾਂ ਵਿੱਚ ਟਰਾਇਲ ਚਲ ਰਿਹਾ ਹੈ ਅਤੇ ਇੱਕ ਅਨਟ੍ਰੇਸ ਕੇਸ ਹੈ, ਜਦੋਂ ਕਿ ਇੱਕ ਦੀ ਜਾਂਚ ਜਾਰੀ ਹੈ। ਬੈਂਚ ਨੇ ਸਰਕਾਰ ਨੂੰ ਰਹਿੰਦੇ ਕੇਸਾਂ ਦਾ ਨਿਬੇੜਾ ਤਿੰਨ ਮਹੀਨੇ ਵਿੱਚ ਕਰਨ ਦੀ ਹਦਾਇਤ ਕਰਦਿਆਂ ਇਸ ਅਰਜ਼ੀ ਦਾ ਨਿਪਟਾਰਾ ਕਰ ਦਿੱਤਾ ਹੈ।

# ਸਨੀ ਦਿਓਲ ਨੂੰ ਕੇਂਦਰ ਸਰਕਾਰ ਵੱਲੋਂ ਵਾਈ ਸ਼੍ਰੇਣੀ ਦੀ ਸੁਰੱਖਿਆ ਦੇ ਦਿੱਤੀ ਗਈ



ਪਠਾਨਕੋਟ, 17 ਦਸੰਬਰ (ਪੋਸਟ ਬਿਊਰੋ)- ਅਦਾਕਾਰ ਤੋਂ ਨੇਤਾ ਬਣੇ ਭਾਜਪਾ ਦੇ ਪਾਰਲੀਮੈਂਟ ਮੈਂਬਰ ਸਨੀ ਦਿਓਲ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸਨੀ ਦਿਓਲ ਨੂੰ ਵਾਈ ਸ਼੍ਰੇਣੀ ਦੀ ਸੁਰੱਖਿਆ ਦੇ ਦਿੱਤੀ ਹੈ, ਯਾਨੀ ਅੱਗੇ ਤੋਂ ਉਨ੍ਹਾਂ ਨਾਲ ਕੇਂਦਰੀ ਸੁਰੱਖਿਆ ਦਸਤਿਆਂ ਦੇ ਜਵਾਨ ਵੀ ਰਹਿਣਗੇ। ਇਸ ਤੋਂ ਬਿਨਾ ਉਨ੍ਹਾਂ ਦੀ ਸੁਰੱਖਿਆ ਵਿੱਚ ਪੰਜਾਬ ਪੁਲਸ ਦੇ 9 ਜਵਾਨ ਅਤੇ ਸੀ ਆਈ ਐਸ ਐਫ ਦੇ ਦੋ ਜਵਾਨ ਤੈਨਾਤ ਰਹਿਣਗੇ ਅਤੇ ਦੋ ਪੀ ਐਸ ਓ (ਨਿੱਜੀ ਸੁਰੱਖਿਆ ਗਾਰਡ) ਵੱਜੋਂ ਸਰਕਾਰੀ ਜਵਾਨ ਵੱਖਰੇ ਤੌਰ 'ਤੇ ਨਾਲ ਰਹਿਣਗੇ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਪਾਰਲੀਮੈਂਟ ਮੈਂਬਰ ਸਨੀ ਦਿਓਲ ਨੇ ਕਿਸਾਨ ਅੰਦੋਲਨ ਬਾਰੇ ਬਿਆਨ ਜਾਰੀ ਕੀਤਾ ਸੀ ਕਿ ਇਹ ਸਰਕਾਰ ਤੇ ਕਿਸਾਨਾਂ ਵਿਚਾਲੇ ਦਾ ਮਾਮਲਾ ਹੈ। ਭਾਜਪਾ ਦੇ ਅਹੁਦੇਦਾਰਾਂ ਦਾ ਕਹਿਣਾ ਹੈ ਕਿ ਸਨੀ ਦੀ ਸੁਰੱਖਿਆ ਖੇਤੀ ਸੁਧਾਰ ਕਾਨੂੰਨ ਦੇ ਕਾਰਨ ਨਹੀਂ, ਬਲਕਿ ਆਈ ਬੀ (ਖੁਫੀਆ ਏਜੰਸੀ) ਵੱਲੋਂ ਮਿਲੇ ਇਨਪੁੱਟ ਤੋਂ ਬਾਅਦ ਵਧਾਈ ਗਈ ਹੈ ਅਤੇ ਕਿਸਾਨਾਂ ਵੱਲੋਂ ਭਾਜਪਾ ਨੇਤਾਵਾਂ ਦੇ ਘਰਾਂ ਦਾ ਘਿਰਾਓ ਕੀਤੇ ਜਾਣ ਦੀ ਚਿਤਾਵਨੀ ਦੇ ਬਾਅਦ ਕੇਂਦਰ ਸਰਕਾਰ ਕਿਸੇ ਕਿਸਮ ਦਾ ਕੋਈ ਖਤਰਾ ਮੁੱਲ ਨਹੀਂ ਲੈਣਾ ਚਾਹੁੰਦੀ। ਇਸੇ ਨੂੰ ਦੇਖਦੇ ਹੋਏ ਉਨ੍ਹਾਂ ਦੀ ਸੁਰੱਖਿਆ ਵਿਵਸਥਾ ਪਹਿਲਾਂ ਤੋਂ ਮਜ਼ਬੂਤ ਕੀਤੀ ਗਈ ਹੈ। ਪਠਾਨਕੋਟ ਜ਼ਿਲ੍ਹੇ ਦੇ ਭਾਜਪਾ ਦੇ ਸਾਬਕਾ ਪ੍ਰਧਾਨ ਤੇ ਇਸ ਸਮੇਂ ਸੂਬਾਈ ਕਾਰਜਕਾਰੀ ਮੈਂਬਰ ਤੇ ਲੁਧਿਆਣਾ ਜ਼ਿਲ੍ਹਾ ਇੰਚਾਰਜ ਵਿਪਨ ਮਹਾਜਨ ਦਾ ਕਹਿਣਾ ਹੈ ਕਿ ਸਨੀ ਦਿਓਲ ਪਾਰਲੀਮੈਂਟ ਮੈਂਬਰ ਤੋਂ ਪਹਿਲਾਂ ਇੱਕ ਸੈਲੀਬ੍ਰਿਟੀ ਵੀ ਹਨ। ਇਸ ਲਈ ਕੇਂਦਰ ਸਰਕਾਰ ਨੇ ਕੁਝ ਸੋਚ ਕੇ ਉਨ੍ਹਾਂ ਨੂੰ ਵਾਈ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਹੈ, ਜਿਸ ਦਾ ਉਹ ਸਮਰਥਨ ਕਰਦੇ ਹਨ। ਅਜਿਹੇ ਨੇਤਾਵਾਂ ਨੂੰ ਸੁਰੱਖਿਆ ਦੇਣਾ ਕੇਂਦਰ ਤੇ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ। ਇਸ ਲਈ ਉਹ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕਰਦੇ ਹਨ।

# ਪੰਜਾਬ ਪੁਲਸ ਵਿੱਚ 103 ਮੁਲਾਜ਼ਮ ਅਤੇ ਅਧਿਕਾਰੀ ਦੋਸ਼ੀ ਹੋਣ ਦੇ ਬਾਅਦ ਵੀ ਸਰਵਿਸ ’ਚ

ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ 103 ਪੁਲਸ ਮੁਲਾਜ਼ਮ ਤੇ ਅਧਿਕਾਰੀ ਅਜਿਹੇ ਹਨ, ਜਿਨ੍ਹਾਂ ਨੂੰ ਕਿਸੇ ਨਾ ਕਿਸੇ ਕੇਸ ਵਿੱਚ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ, ਇਸ ਦੇ ਬਾਵਜੂਦ ਉਹ ਅਜੇ ਸਰਵਿਸ ਕਰ ਰਹੇ ਹਨ। ਇਨ੍ਹਾਂ 103 ਵਿੱਚੋਂ ਤਿੰਨ ਐਸ ਪੀ, ਦੋ ਡੀ ਐਸ ਪੀ, ਦੋ ਇੰਸਪੈਕਟਰ, ਅੱਠ ਏ ਐਸ ਆਈ, 13 ਹੈਡ ਕਾਂਸਟੇਬਲਤੇ 75 ਕਾਂਸਟੇਬਲ ਸ਼ਾਮਲ ਹਨ। ਇਹ ਜਾਣਕਾਰੀ ਪੰਜਾਬ ਦੇ ਗ੍ਰਹਿ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਅਨੁਰਾਗ ਅਗਰਵਾਲ ਨੇ ਹਾਈ ਕੋਰਟ ਨੂੰ ਦਿੱਤੀ ਹੈ। ਇਸ ਦੇ ਨਾਲ ਅਜਿਹੇ ਕੇਸ ਵਿੱਚ ਕਾਰਵਾਈ ਕਰਨ ਦੇ ਜਿਹੜੇ ਨਿਯਮ ਹਨ, ਉਨ੍ਹਾਂ ਦੀ ਜਾਣਕਾਰੀ ਵੀ ਹਾਈ ਕੋਰਟ ਨੂੰ ਦੇ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਪਿਛਲੀ ਸੁਣਵਾਈ 'ਤੇ ਪੰਜਾਬ ਸਰਕਾਰ ਨੇ ਅਜਿਹੇ ਅਪਰਾਧਕ ਕੇਸਾਂ ਦਾ ਸਾਹਮਣਾ ਕਰ ਰਹੇ 1326 ਪੁਲਸ ਮੁਲਾਜ਼ਮਾਂ ਦੀ ਜਾਣਕਾਰੀ ਦਿੱਤੀ ਸੀ, ਜਿਸ ਉੱਤੇ ਪਟੀਸ਼ਨਕਰਤਾ ਦੇ ਐਡਵੋਕੇਟ ਨੇ ਕਿਹਾ ਸੀ ਕਿ ਇਹ ਜਾਣਕਾਰੀ ਅਧੂਰੀ ਹੈ, ਅਸਲ ਗਿਣਤੀ ਇਸ ਤੋਂ ਵੱਧ ਹੈ। ਕਈ ਪੁਲਸ ਅਧਿਕਾਰੀ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਸੇਵਾ ਕਰ ਰਹੇ ਹਨ। ਇਸ ਲਈ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਇੱਕ ਵਾਰ ਫਿਰ ਇਸ ਕੇਸ ਵਿੱਚ ਵਿਸਥਾਰ ਨਾਲ ਜਾਣਕਾਰੀ ਦਿੱਤੇ ਜਾਣ ਦੇ ਹੁਕਮ ਦਿੱਤੇ ਸਨ ਜਿਸ ਦੇ ਬਾਅਦ ਪੰਜਾਬ ਸਰਕਾਰ ਹੁਣ ਇਹ ਜਾਣਕਾਰੀ ਹਾਈ ਕੋਰਟ ਨੂੰ ਦੇ ਦਿੱਤੀ ਹੈ। ਜਸਟਿਸ ਰਿਤੂ ਬਾਹਰੀ ਨੇ ਇਹ ਜਾਣਕਾਰੀ ਰਿਕਾਰਡ ਵਿੱਚ ਲੈਂਦੇ ਹੋਏ ਕਿਹਾ ਕਿ ਇਸ ਕੇਸ ਵਿੱਚ ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਦੀ ਬੈਂਚ ਵਿੱਚ ਸੁਣਵਾਈ ਚੱਲ ਰਹੀ ਹੈ, ਇਸ ਲਈ ਬਿਹਤਰ ਹੋਵੇਗਾ ਕਿ ਉਹੀ ਇਸ ਉੱਤੇ ਕੋਈ ਹੁਕਮ ਜਾਰੀ ਕਰਨ ਅਜਿਹੇ ਵਿੱਚ ਉਨ੍ਹਾਂ ਨੇ ਇਸ ਅਰਜ਼ੀ 'ਤੇ ਸੁਣਵਾਈ ਟਾਲ ਦਿੱਤੀ ਹੈ ਅਤੇ ਇਸ ਉੱਤੇ ਅੱਗੇ ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਦੀ ਬੈਂਚ ਹੀ ਸੁਣਵਾਈ ਕਰੇਗੀ।

# ਬੀਬੀ ਜਗੀਰ ਕੌਰ ਨੇ ਜਥੇਦਾਰ ਦਾ ਖਾਲੀ ਅਹੁਦਾ ਜਲਦੀ ਭਰਨ ਦਾ ਭਰੋਸਾ ਦਿੱਤਾ



ਆਨੰਦਪੁਰ ਸਾਹਿਬ, 17 ਦਸੰਬਰ (ਪੋਸਟ ਬਿਊਰੋ)- ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਜਥੇਦਾਰ ਰਘਬੀਰ ਸਿੰਘ ਨਾਲ ਮੀਟਿੰਗ ਕਰਨ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਕੌਮ ਦੇ ਪੰਜਾਬ ਵਿਚਲੇ ਤਿੰਨ ਤਖਤਾਂ 'ਚੋਂ ਇੱਕ ਤਖਤ ਦੇ ਜਥੇਦਾਰ ਦੇ ਖਾਲੀ ਅਹੁਦੇ ਨੂੰ ਭਰਨ ਲਈ ਜਲਦੀ ਇੱਕ ਪੈਨਲ ਤਿਆਰ ਕੀਤਾ ਜਾਵੇਗਾ ਅਤੇ ਇਸ ਬਾਰੇ ਨਿਯੁਕਤੀ ਜਲਦੀ ਕੀਤੀ ਜਾਵੇਗੀ।

ਇਸ ਸੰਬੰਧ ਵਿੱਚ ਬੀਬੀ ਜਗੀਰ ਕੌਰ ਨੇ ਕਿਹਾ ਕਿ ਤਿੰਨਾਂ ਤਖਤਾਂ ਦੇਮੁਲਾਜ਼ਮਾਂ ਦੇ ਰਿਫਰੈਸ਼ਰ ਕੋਰਸ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹਰ ਦੋ ਮਹੀਨੇ ਪਿੱਛੋਂ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਬੈਠਕ ਸੱਦੀ ਜਾਇਆ ਕਰੇਗੀ, ਜਿਸ ਵਿੱਚ ਉਹ ਕੰਮ ਦੀ ਬਿਹਤਰੀ ਲਈ ਆਪਣੀ ਰਾਏ ਦੇ ਸਕਣਗੇ। ਇਸ ਦੌਰਾਨ ਦਰਬਾਰ ਸਾਹਿਬ ਵਿੱਚ ਬੀਬੀਆਂ ਦੇ ਜਥੇ ਨੂੰ ਕੀਰਤਨ ਕਰਨ ਦੀ ਇਜਾਜ਼ਤ ਦੇਣ ਬਾਰੇ ਉਨ੍ਹਾਂ ਕਿਹਾ ਕਿ ਸਿੱਖ ਰਹਿਤ ਮਰਿਆਦਾ ਵਿੱਚ ਕਿਤੇ ਵੀ ਇਸਤਰੀ ਜਾਂ ਪੁਰਸ਼ ਨਹੀਂ ਲਿਖਿਆ ਗਿਆ, ਸਿਰਫ ਸਿੱਖ ਦੀ ਗੱਲ ਕੀਤੀ ਗਈ ਹੈ। ਜਿੱਥੋਂ ਤੱਕ ਦਰਬਾਰ ਸਾਹਿਬ ਜਾਂ ਤਖਤ ਸਾਹਿਬਾਨ ਦੀ ਗੱਲ ਹੈ ਤਾਂ ਉਥੇ ਕੁਝ ਨਿਯਮ ਅਤੇ ਰਵਾਇਤਾਂ ਹਨ। ਉਨ੍ਹਾਂ ਨਿਯਮਾਂ, ਸ਼ਰਤਾਂ ਅਤੇ ਤਜਰਬੇ ਨੂੰ ਪੂਰਾ ਕਰਨ ਵਾਲਾ ਬੀਬੀਆਂ ਦਾ ਕੋਈ ਜਥਾ ਜੇ ਮੰਗ ਕਰੇਗਾ ਤਾਂ ਉਸ ਬਾਰੇ ਵੀ ਵਿਚਾਰਿਆ ਜਾਵੇਗਾ।ਉਨ੍ਹਾਂ ਪੁਸ਼ਟੀ ਕੀਤੀ ਕਿ ਸੈਕਟਰੀ ਪੱਧਰ 'ਤੇ ਸ਼੍ਰੋਮਣੀ ਕਮੇਟੀ ਵਿੱਚ ਤਬਾਦਲੇ ਅਤੇ ਫੇਰਬਦਲ ਕੀਤਾ ਜਾ ਚੁੱਕਾ ਹੈ, ਜਦ ਕਿ ਮੈਨੇਜਰਾਂ ਦੇ ਤਬਾਦਲੇ ਵੀ ਨੇੜ ਭਵਿੱਖ ਵਿੱਚ ਕਰ ਦਿੱਤੇ ਜਾਣਗੇ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕੱਲ੍ਹ ਗੁਰਦੁਆਰਾ ਪਰਵਾਰ ਵਿਛੋੜਾ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬੀਤੇ ਦਿਨੀਂ ਨਿਸ਼ਾਨ ਸਾਹਿਬ ਸਬੰਧੀ ਪੈਦਾ ਹੋਏ ਵਿਵਾਦ 'ਤੇ ਕਿਹਾ ਕਿ ਦਿੱਲੀ ਵਿੱਚ ਖੇਤੀ ਕਾਨੂੰਨਾਂ ਦੇ ਖਿਲਾਫ ਸੰਘਰਸ਼ ਕਰ ਰਹੀ ਸਿੱਖ ਸੰਗਤ ਨੂੰ ਆਪਣਾ ਸਰੂਪ ਕਾਇਮ ਰੱਖਦੇ ਹੋਏ ਆਪਣੇ ਮਿਸ਼ਨ ਪ੍ਰਤੀ ਅਡੋਲ ਰਹਿਣਾ ਚਾਹੀਦਾ ਹੈ ਅਤੇ ਨਿੰਦਾ ਕਰਨ ਵਾਲਿਆਂ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੀ ਕਿਸਾਨਾਂ 'ਚੋਂ ਉਪਜੀ ਇੱਕ ਸੰਸਥਾ ਹੈ ਅਤੇ ਲੋੜ ਪੈਣ ਉੱਤੇ ਹਰ ਵਾਰ ਸੇਵਾ ਲਈ ਅੱਗੇ ਆਈ ਹੈ।

# ਰੇਲਵੇ ਵੱਲੋਂ ਭੇਜੇ ਗਏ ਕਿਤਾਬਚੇ ਤੋਂ ਮੁਸਾਫਰ ਨਾਰਾਜ਼



ਪਟਿਆਲਾ, 17 ਦਸੰਬਰ (ਪੋਸਟ ਬਿਊਰੋ)- ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (ਆਈ ਆਰ ਸੀ ਟੀ ਸੀ) ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿੱਖਾਂ ਨਾਲ ਸਬੰਧਾਂ ਬਾਰੇ 47 ਸਫਿਆਂ ਦਾ ਕਿਤਾਬਚਾ ਈ-ਮੇਲ ਰਾਹੀਂ ਬਹੁਤ ਸਾਰੇ ਮੁਸਾਫਰਾਂ ਨੂੰ ਭੇਜਿਆ ਗਿਆ ਹੈ। ਇਸ ਵਿੱਚ ਸਿੱਖਾਂ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਿਸ਼ਤਿਆਂ ਦੀ ਚਰਚਾ ਕੀਤੀ ਗਈ ਹੈ। ਇਸ ਈ-ਮੇਲ ਦਾ ਕਈ ਪਾਸੀਂ ਵਿਰੋਧ ਵੀ ਹੋ ਰਿਹਾ ਹੈ।

ਪਤਾ ਲੱਗਾ ਹੈ ਕਿ ਰੇਲ ਸਫਰ ਲਈ ਟਿਕਟ ਬੁੱਕ ਕਰਾਉਣ ਸਮੇਂ ਦਿੱਤੀ ਈ-ਮੇਲ ਦਾ ਫਾਇਦਾ ਲੈ ਕੇ ਰੇਲ ਵਿਭਾਗ ਨੇ ਪਿਛਲੇ ਪੰਜ ਦਿਨਾਂ ਵਿੱਚ ਕਰੀਬ ਦੋ ਕਰੋੜ ਮੁਸਾਫਰਾਂ ਨੂੰ ਈ-ਮੇਲਜ਼ ਭੇਜੀਆਂ ਹਨ। ਪਟਿਆਲਾ ਜ਼ਿਲ੍ਹਾ ਅਦਾਲਤ ਵਿੱਚ ਕੰਮ ਕਰਦੇ ਐਡਵੋਕੇਟ ਗਗਨਦੀਪ ਸਿੰਘ ਘੀੜੇ, ਐਡਵੋਕੇਟ ਪਰਮਿੰਦਰ ਸਿੰਘ ਗਿੱਲ ਅਤੇ ਐਡਵੋਕੇਟ ਅਮਨਪ੍ਰੀਤ ਸਿੰਘ ਵਿਰਕ ਨੇ ਕਿਹਾ ਕਿ ਉਨ੍ਹਾਂ ਰੇਲਵੇ ਸਫਰ ਪਿੱਛੋਂ ਜਦੋਂ ਈ-ਮੇਲ ਦੇਖੀ ਤਾਂ ਆਈ ਆਰ ਸੀ ਟੀ ਸੀ ਵੱਲੋਂ ਪ੍ਰਧਾਨ ਮੰਤਰੀ ਵੱਲੋਂ ਸਿੱਖਾਂ ਨਾਲ ਸਾਂਝਾਂ ਬਾਰੇ ਈ-ਮੇਲ ਆਈ ਹੋਈ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨਿੱਜੀ ਈ-ਮੇਲ ਨੂੰ ਆਪਣੇ ਮਨੋਰਥ ਲਈ ਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਕਿਤਾਬਚੇ ਵਿੱਚ ਭਾਜਪਾ ਵੱਲੋਂ ਗੁਰਦੁਆਰਿਆਂ ਦੇ ਬਾਹਰ ਲੰਗਰ ਲਾਉਣ ਬਾਰੇ ਦਿੱਤੀ ਜਾਣਕਾਰੀ ਵੀ ਗਲਤ ਹੈ। ਵਕੀਲਾਂ ਨੇ ਕਿਹਾ ਕਿ ਜੇ ਇਸ ਬਾਰੇ ਸਪੱਸ਼ਟੀਕਰਨ ਨਾ ਆਇਆ ਤਾਂ ਉਹ ਆਈ ਆਰ ਟੀ ਸੀ ਦੇ ਖਿਲਾਫ ਅਦਾਲਤ ਜਾਣਗੇ।

ਈ-ਮੇਲ ਬਾਰੇ ਆਈ ਆਰ ਟੀ ਸੀ ਨੇ ਕਿਹਾ ਕਿ ਇਹ ਈ-ਮੇਲ ਕਿਸਾਨੀ ਸੰਘਰਸ਼ ਦੇ ਮੱਦੇਨਜ਼ਰ ਨਹੀਂ,ਏਦਾਂ ਦੇ ਈ-ਮੇਲਾਂ ਭੇਜਣਾ ਗੈਰ ਕਾਨੂੰਨੀ ਹੋਣ ਬਾਰੇ ਅਧਿਕਾਰੀਆਂ ਨੇ ਕੋਈ ਜਵਾਬ ਨਹੀਂ ਦਿੱਤਾ।

# ਵਿਧਾਇਕ ਸਿਮਰਜੀਤ ਬੈਂਸ 'ਤੇ ਦੋਸ਼ ਲਾਉਣ ਵਾਲੀ ਔਰਤ ਨੇ ਮੁੱਖ ਮੰਤਰੀ ਤੋਂ ਇਨਸਾਫ ਮੰਗਿਆ



ਲੁਧਿਆਣਾ, 17 ਦਸੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੀ ਇੱਕ ਵਿਧਵਾ ਔਰਤ ਗੁਰਦੀਪ ਕੌਰ ਪਤਨੀ ਮਰਹੂਮ ਜਸਪਾਲ ਸਿੰਘ ਵਾਸੀ ਈਸ਼ਵਰ ਨਗਰ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਜੇ ਸਰਕਾਰ ਨੇ ਉਸ ਨੂੰ ਇਨਸਾਫ ਨਾ ਦਿੱਤਾ ਤਾਂ ਉਹ ਲੁਧਿਆਣਾ ਦੇ ਕਮਿਸ਼ਨਰ ਦੇ ਦਫਤਰ ਅੱਗੇ ਧਰਨਾ ਦੇ ਕੇ ਦਮ ਤੋੜ ਦੇਵੇਗੀ। ਵਰਨਣ ਯੋਗ ਹੈ ਕਿ ਗੁਰਦੀਪ ਕੌਰ ਨੇ ਕੁਝ ਦਿਨ ਪਹਿਲਾਂ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਖ਼ਿਲਾਫ਼ ਕਥਿਤ ਤੌਰ 'ਤੇ ਗੰਭੀਰ ਦੋਸ਼ ਲਾਏ ਸਨ। ਉਸ ਨੇ ਕਿਹਾ ਕਿ ਉਸਦੇ ਪਤੀ ਦਾ 2019 ਵਿੱਚ ਬੀਮਾਰੀ ਕਾਰਨ ਦੇਹਾਂਤ ਹੋ ਗਿਆ ਸੀ ਤੇ ਉਨ੍ਹਾਂ ਦਾ ਕਾਰੋਬਾਰ ਲੱਗਭਗ ਖ਼ਤਮ ਹੋ ਗਿਆ ਸੀ। ਉਨ੍ਹਾਂ ਇੱਕ ਪ੍ਰਾਪਰਟੀ ਡੀਲਰ ਦੀ ਮਦਦ ਨਾਲ ਮਕਾਨ ਖਰੀਦਿਆ ਸੀ, ਜਿਸ ਦੀ ਉਨ੍ਹਾਂ 11 ਲੱਖ ਰੁਪਏ ਦੀ ਕੀਮਤ ਲਾਈ ਸੀ।

ਗੁਰਦੀਪ ਕੌਰ ਦਾ ਕਹਿਣਾ ਹੈ ਕਿ ਪ੍ਰਾਪਰਟੀ ਡੀਲਰ ਨੇ ਆਪਣੇ ਬੰਦਿਆਂ ਰਾਹੀਂ ਉਸ ਨੂੰ 10 ਲੱਖ ਰੁਪਏ ਕਰਜ਼ਾ ਲੈ ਕੇ ਦਿੱਤਾ ਅਤੇ 1.25 ਲੱਖ ਰੁਪਏ ਦੀ ਰਕਮ ਕਰਜ਼ਾ ਦਿਵਾਉਣ ਦੇ ਖਰਚੇ ਵਜੋਂ ਕੱਟ ਲਏ ਸਨ। ਜੂਨ 2019 ਵਿੱਚ ਉਸ ਦੀਆਂ ਕੁਝ ਕਿਸ਼ਤਾਂ ਟੁੱਟ ਗਈਆਂ ਤਾ ਬੈਂਕ ਵਾਲਿਆਂ ਨੇ ਉਸ ਦੇ ਮਕਾਨ ਦਾ ਜਬਰੀ ਕਬਜ਼ਾ ਲੈਣ ਦੀ ਧਮਕੀ ਦਿੱਤੀ ਅਤੇ ਬਾਅਦ ਵਿੱਚ ਕਬਜ਼ਾ ਲੈਣ ਦਾ ਪੱਤਰ ਵੀ ਜਾਰੀ ਕਰ ਦਿੱਤਾ। ਇਸ ਉੱਤੇ ਉਸ ਨੇ ਕਿਸ਼ਤਾਂ ਵਿੱਚ ਰਿਆਇਤ ਦਿਵਾਉਣ ਦੇ ਲਈਪ੍ਰਾਪਰਟੀ ਡੀਲਰ ਨੂੰ ਬੇਨਤੀ ਕੀਤੀ, ਪਰ ਉਸ ਨੇ ਕਿਹਾ ਕਿ ਉਹ ਮਕਾਨ ਛੱਡ ਦੇਵੇ ਤਾਂ ਬੈਂਕ ਦੇ ਪੈਸੇ ਉਹ ਉਤਾਰ ਦੇਣਗੇ। ਉਸ ਨੂੰ 4.50 ਲੱਖ ਰੁਪਏ ਨਕਦ ਦੇਣ ਅਤੇ 60 ਗਜ਼ ਦਾ ਇੱਕ ਪਲਾਟ ਵੀ ਦੇਣ ਦੀ ਗੱਲ ਕਹੀ ਗਈ, ਜਿਸ ਦੀ ਕੀਮਤ ਲੱਗਭਗ 3,000 ਰੁਪਏ ਪ੍ਰਤੀ ਗਜ਼ ਸੀ।ਔਰਤ ਨੇ ਕਿਹਾ ਕਿ ਉਸ ਨੇ ਆਪਣੀ ਸਮੱਸਿਆ ਹਲਕੇ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਦੱਸੀ। ਬਾਅਦ 'ਚ ਉਸ ਨੇ ਪ੍ਰਾਪਰਟੀ ਡੀਲਰ ਨੂੰ ਮਕਾਨ ਦਾ ਕਬਜ਼ਾ ਦੇ ਦਿੱਤਾ ਅਤੇ ਉਸ ਨੂੰ 5,000 ਰੁਪਏ ਮਹੀਨਾ ਉੱਤੇ ਰਹਿਣ ਲਈ ਕਿਰਾਏ 'ਤੇ ਜਗ੍ਹਾ ਦਿੱਤੀ ਗਈ। ਉਸ ਨੇ ਉਨ੍ਹਾਂ ਨੂੰ ਸਾਢੇ ਚਾਰ ਲੱਖ ਰੁਪਏ ਨਕਦ ਦੇ ਕੇ ਆਪਣੇ ਨਾਂ 'ਤੇ ਮੁਖਤਾਰਨਾਮਾ ਲੈ ਲਿਆ। ਇਸ ਪਿੱਛੋਂ ਉਹ ਪ੍ਰਾਪਰਟੀ ਡੀਲਰ ਨੂੰ ਪਲਾਟ ਵੇਚਣ ਨੂੰ ਕਹਿੰਦੀ ਰਹੀ, ਪਰ ਉਹ ਟਾਲਦਾ ਰਿਹਾ। ਇਸ ਔਰਤ ਨੇ ਕਿਹਾ ਕਿ ਉਹ ਲਾਕਡਾਊਨ ਦੌਰਾਨ ਬੈਂਸ ਕੋਲ ਮਦਦ ਮੰਗਣ ਗਈ, ਜਿੱਥੇ ਉਨ੍ਹਾਂ ਉਸ ਨਾਲਬਲਾਤਕਾਰ ਕੀਤਾ। ਬੈਂਸ ਨੇ ਉਸ ਦੀ ਮਜ਼ਬੂਰੀ ਦਾ ਲਾਭ ਉਠਾ ਕੇ ਉਸ ਨੂੰ ਕਈ ਵਾਰ ਆਪਣੇ ਕੋਲ ਸੱਦਿਆ। ਉਸ ਨੇ ਇਸ ਧੱਕੇਸ਼ਾਹੀ ਖ਼ਿਲਾਫ਼ ਇੱਕ ਅਰਜ਼ੀ ਮੁੱਖ ਮੰਤਰੀ ਦੇ ਓ ਐਸ ਡੀ ਅੰਕਿਤ ਬਾਂਸਲ ਰਾਹੀਂ ਮੁੱਖ ਮੰਤਰੀ ਨੂੰ ਦਿੱਤੀ, ਜੋ ਮਾਰਕ ਹੋ ਕੇ ਪੁਲਸ ਕੋਲ ਆ ਗਈ। ਪੁਲਸ ਨੇ 2500 ਰੁਪਏ ਦੇ ਹਿਸਾਬ ਨਾਲ ਉਸ ਨੂੰ ਪੇਮੈਂਟ ਕਰਵਾ ਦਿੱਤੀ। ਇਸਦੇ ਬਾਵਜੂਦ ਸਬੰਧਤ ਵਿਧਾਇਕ ਬੈਂਸ ਉਸ ਨੂੰ ਲਗਾਤਾਰ ਪਰੇਸ਼ਾਨ ਕਰਦਾ ਰਿਹਾ। ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਗਈ, ਪਰ ਉਸ ਨੂੰ ਇਨਸਾਫ ਨਹੀਂ ਮਿਲਿਆ। ਉਸ ਨੇ ਕਿਹਾ ਕਿ ਜੇ ਉਸ ਨੂੰ ਇਨਸਾਫ ਨਾ ਮਿਲਿਆ ਤਾਂ ਉਹ ਸਖ਼ਤ ਕਦਮ ਚੁੱਕਣ ਲਈ ਮਜ਼ਬੂਰ ਹੋ ਜਾਵੇਗੀ।

# ਡਲਹੌਜ਼ੀ ਘੁੰਮਣ ਗਏ ਪੰਜ ਦੋਸਤਾਂ ਦੀ ਕਾਰ ਖੱਡ ਵਿੱਚ ਡਿੱਗਣ ਦੇ ਕਾਰਨ ਇੱਕ ਦੀ ਮੌਤ




ਅੰਮ੍ਰਿਤਸਰ, 17 ਦਸੰਬਰ (ਪੋਸਟ ਬਿਊਰੋ)- ਅੰਮ੍ਰਿਤਸਰ ਤੋਂ ਡਲਹੌਜੀ ਘੁੰਮਣ ਗਏ ਪੰਜ ਦੋਸਤਾਂ ਦੀ ਕਾਰ ਖੱਡ ਵਿੱਚ ਡਿੱਗ ਜਾਣ ਨਾਲ ਇੱਕ ਨੌਜਵਾਨ ਦੀ ਮੌਕੇ ਉੱਤੇ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਅਮਰਦੀਪ ਸਿੰਘ ਪੁੱਤਰ ਜਗਦੀਸ਼ ਸਿੰਘ (32) ਵਾਸੀ ਹਰਰਾਇ ਐਵੇਨਿਊ ਸਾਹਮਣੇ ਖਾਲਸਾ ਕਾਲਜ ਅੰਮ੍ਰਿਤਸਰ ਵਜੋਂ ਹੋਈ ਹੈ।

ਮ੍ਰਿਤਕ ਅਮਰਦੀਪ ਸਿੰਘ ਦੇ ਪਿਤਾ ਜਗਦੀਸ਼ ਸਿੰਘ ਤੇ ਚਾਚਾ ਅਮਰੀਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ 13 ਦਸੰਬਰ ਨੂੰ ਆਪਣੇ ਦੋਸਤਾਂ ਨਾਲ ਡਲਹੌਜੀ ਘੁੰਮਣ ਗਿਆ ਸੀ। ਰਾਤ ਅਮਰਦੀਪ ਦੇ ਦੋਸਤਾਂ ਦਾ ਫੋਨ ਆਇਆ ਕਿ ਉਨ੍ਹਾਂ ਦੀ ਗੱਡੀ ਦਾ ਐਕਸੀਡੈਂਟ ਹੋ ਗਿਆ ਹੈ ਅਤੇ ਹਾਦਸੇ ਵਿੱਚ ਉਨ੍ਹਾਂ ਦੇ ਬੇਟੇ ਦੀ ਮੌਤ ਹੋ ਗਈ ਹੈ। ਪਰਵਾਰਕ ਮੈਂਬਰ ਬੇਟੇ ਦੀ ਲਾਸ਼ ਲੈਣ ਲਈ ਡਲਹੌਜੀ ਲਈ ਰਵਾਨਾ ਹੋ ਗਏਅਤੇ ਦੇਰ ਸ਼ਾਮ 4.45 'ਤੇ ਬੇਟੇ ਦੀ ਮ੍ਰਿਤਕ ਦੇਹ ਲੈ ਕੇ ਅੰਮ੍ਰਿਤਸਰ ਪਹੁੰਚੇ ਅਤੇ ਉਸ ਦਾ ਅੰਤਿਮ ਸਸਕਾਰ ਕੀਤਾ ਗਿਆ। ਮ੍ਰਿਤਕ ਅਮਰਦੀਪ ਦੇ ਪਿਤਾ ਨੇ ਦੱਸਿਆ ਕਿ ਅਮਰਦੀਪ ਦਾ ਇੱਕ ਦੋਸਤ, ਜੋ ਗੱਡੀ ਚਲਾ ਰਿਹਾ ਸੀ, ਉਸ ਦੀ ਹਾਲਤ ਵੀ ਨਾਜ਼ੁਕ ਹੈ।ਅਮਰਦੀਪ ਸਿੰਘ ਆਸਟਰੇਲੀਆ ਵਿੱਚ ਰਹਿੰਦਾ ਸੀ, ਕੋਰੋਨਾ ਦੇ ਦੌਰਾਨ ਅੰਮ੍ਰਿਤਸਰ ਵਿੱਚ ਘਰ ਵਾਪਸ ਆਇਆ ਹੋਇਆ ਸੀ। ਅਮਰਦੀਪ ਸਿੰਘ ਦਾ ਇੱਕ ਸਾਲ ਪਹਿਲਾਂ ਹੀ ਸੱਤ ਦਸੰਬਰ 2019 ਨੂੰ ਵਿਆਹ ਹੋਇਆ ਸੀ।

# ਨਰਸ ਨੇ ਆਤਮ ਹੱਤਿਆ ਨਹੀਂ ਸੀ ਕੀਤੀ, ਕਤਲ ਹੋਇਆ ਸੀ

ਅੰਮ੍ਰਿਤਸਰ, 17 ਦਸੰਬਰ (ਪੋਸਟ ਬਿਊਰੋ)- ਮਜੀਠਾ ਰੋਡ 'ਤੇ ਗ੍ਰੀਨ ਫੀਲਡ ਕਾਲੋਨੀ ਵਿੱਚ ਇੱਕ ਪੀ ਜੀ ਵਿੱਚ ਰਹਿਣ ਵਾਲੀ ਨਰਸ ਦੀ ਸ਼ੱਕੀ ਹਾਲਾਤ ਵਿੱਚ 16 ਅਗਸਤ ਨੂੰ ਮੌਤ ਹੋ ਗਈ ਸੀ। ਲਾਸ਼ ਦੇ ਨੇੜੇ ਜ਼ਹਿਰੀਲਾ ਇੰਜੈਕਸ਼ਨ ਮਿਲਿਆ ਸੀ। ਪੁਲਸ ਨੇ ਇਸ ਬਾਰੇ ਲਾਪਰਵਾਹੀ ਦਾ ਕੇਸ ਦਰਜ ਕੀਤਾ ਸੀ। ਮਾਪਿਆਂ ਨੇ ਕਤਲ ਦਾ ਦੋਸ਼ ਲਾਇਆ ਸੀ, ਪਰ ਪੁਲਸ ਨੇ ਉਨ੍ਹਾਂ ਦੀ ਨਹੀਂ ਸੁਣੀ ਸੀ। ਇਸ 'ਤੇ ਨਰਸ ਰੋਸ਼ਨੀ (ਨਕਲੀ ਨਾਂਅ) ਦੇ ਪਰਵਾਰ ਨੇ ਪਹਿਲਾਂ ਥਾਣਾ ਸਦਰ ਅਤੇ ਫਿਰ ਪੀ ਜੀ ਦੇ ਬਾਹਰ ਧਰਨਾ ਦਿੱਤਾ ਸੀ। ਪੋਸਟਮ-ਾਰਟਮ ਰਿਪੋਰਟ ਵਿੱਚ ਇਸ ਮੌਤ ਦਾ ਕਾਰਨ ਗਲਾ ਘੁੱਟ ਕੇ ਸਾਹ ਬੰਦ ਕਰਨਾ ਦੱਸਿਆ ਗਿਆ ਹੈ।

ਨਰਸ ਦੇ ਗੁਪਤ ਅੰਗ 'ਤੇ ਜ਼ਖਮ ਵੀ ਪਾਏ ਗਏ। ਉਸ ਦੇ ਨਾਲ ਰੇਪ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ। ਪੁਲਸ ਨੇ ਪੋਸਟਮਾਰਟਮ ਰਿਪੋਰਟ ਦੇ ਬਾਅਦ ਇਸ ਕੇਸ ਵਿੱਚ ਆਤਮਹੱਤਿਆ ਦੀ ਬਜਾਏ ਕਤਲ ਦੀ ਧਾਰਾ 302 ਅਤੇ ਰੇਪ ਦੀ ਧਾਰਾ 376 ਲਾ ਕੇ ਇਸ ਕੇਸ ਵਿੱਚ ਪੀ ਜੀ ਸੰਚਾਲਕ ਸੰਜੀਵ ਸ਼ਰਮਾ ਨੂੰ ਗ੍ਰਿਫਤਾਰ ਕੀਤਾ ਹੈ। ਜ਼ਿਲਾ ਤਰਨ ਤਾਰਨ ਦੇ ਕਸਬਾ ਖੇਮਕਰਨ ਦੀ ਵਸਨੀਕ ਨਰਸ ਮਜੀਠਾ ਰੋਡ 'ਤੇ ਫਲੋਰਮ ਹਸਪਤਾਲ ਵਿੱਚ ਕੰਮ ਕਰਦੀ ਸੀ। ਉਹ ਮਜੀਠਾ ਰੋਡ 'ਤੇ ਗ੍ਰੀਨ ਫੀਲਡ ਕਾਲੋਨੀ ਵਿੱਚ ਸੰਜੇ ਸ਼ਰਮਾ ਦੇ ਪੀ ਜੀ ਵਿੱਚ ਰਹਿੰਦੀ ਸੀ। 16 ਅਗਸਤ ਦੀ ਰਾਤ ਉਹ ਆਪਣੇ ਕਮਰੇ ਵਿੱਚੋਂ ਮ੍ਰਿਤਕ ਮਿਲੀ ਸੀ। ਨੇੜੇ ਇੱਕ ਇੰਜੈਕਸ਼ਨ ਪਿਆ ਸੀ। ਉਸ ਸਮੇਂ ਪੁਲਸ ਦੀ ਰਿਪੋਰਟ ਅਨੁਸਾਰ ਨਰਸ ਨੇ ਜ਼ਹਿਰੀਲਾ ਇੰਜੈਕਸ਼ਨ ਲਾ ਕੇ ਆਤਮਹੱਤਿਆ ਕੀਤੀ ਸੀ, ਪਰ ਪੁਲਸ ਨੇ ਕੱਲ੍ਹ ਹਸਪਤਾਲ ਦੇ ਡਾ: ਗੁਰਪ੍ਰੀਤ ਸਿੰਘ, ਪੀ ਆਰ ਓ ਮਨੀਸ਼ ਕੁਮਾਰ, ਪੀ ਜੀ ਦੇ ਮੈਨੇਜਰ ਸੰਜੇ ਸ਼ਰਮਾ ਅਤੇ ਉਸ ਦੀ ਪਤਨੀ ਕੀਰਤੀ ਸ਼ਰਮਾ ਦੇ ਖਿਲਾਫ ਧਾਰਾ 304 ਏ ਦੇ ਤਹਿਤ ਕੇਸ ਦਰਜ ਕਰ ਲਿਆ ਹੈ। ਮ੍ਰਿਤਕ ਲੜਕੀ ਦੇ ਪਿਤਾ, ਮਾਂ-ਭੈਣ ਅਤੇ ਰਿਸ਼ਤੇਦਾਰਾਂ ਨੇ ਥਾਣਾ ਸਦਰ ਦੇ ਬਾਹਰ ਧਰਨਾ ਲਾ ਕੇ ਪੁਲਸ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਅਤੇ ਦੋਸ਼ ਲਾਇਆ ਸੀ ਕਿ ਉਹ ਪਹਿਲੇ ਹੀ ਦਿਨ ਤੋਂ ਕਾਰਵਾਈ ਕਰਨ ਵਿੱਚ ਆਨਾਕਾਨੀ ਕਰ ਰਹੀ ਹੈ।

# ਸਰਹੱਦ ਪਾਰੋਂ ਡਰੋਨ ਰਾਹੀਂ ਸਮੱਗਲਿੰਗ ਕਰਨ ਵਾਲੇ ਗਰੁੱਪ ਦੇ 2 ਮੈਂਬਰ ਗ੍ਰਿਫ਼ਤਾਰ

### * ਖਾਲਿਸਤਾਨੀ ਸਰਗਰਮੀਆਂ ਨਾਲ ਸੰਬੰਧਾਂ ਦਾ ਖੁਲਾਸਾ




ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਖਾਲਿਸਤਾਨੀ ਸਰਗਰਮੀਆਂ ਨਾਲ ਜੁੜੇ ਪਾਕਿ-ਸਤਾਨ ਆਧਾਰਤ ਸਮੱਗਲਰਾਂ ਸਮੇਤ ਅੰਤਰਰਾਸ਼ਟਰੀ ਨੈਟਵਰਕ ਨਾਲ ਸਰਹੱਦ ਪਾਰੋਂ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਸਮੱਗਲਿੰਗ ਕਰਨ ਵਾਲੇ ਇੱਕ ਗਰੁੱਪ ਦੇ 2 ਮੈਂਬਰਾਂ ਨੂੰ ਪੰਜਾਬ ਪੁਲਸ ਨੇ ਫੜਿਆ ਹੈ। ਉਨ੍ਹਾਂ ਦੀ ਪਛਾਣ ਲਖਬੀਰ ਸਿੰਘ ਉਰਫ ਲੱਖਾ ਅਤੇ ਬਚਿੱਤਰ ਸਿੰਘ ਵਜੋਂ ਹੋਈ ਹੈ, ਜਿਨ੍ਹਾਂ ਨੂੰ ਅੰਮ੍ਰਿਤਸਰ (ਦਿਹਾਤੀ) ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ।

ਇਸ ਸੰਬੰਧ ਵਿੱਚ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੇ ਦੱਸਿਆ ਕਿ ਮੁਲਜ਼ਮਾਂ ਕੋਲੋਂ ਇੱਕ ਫੁਲ ਸਪੋਰਟ ਸਟੈਂਡ ਵਾਲਾ ਕੁਆਡ ਕਾਪਟਰ ਡਰੋਨ ਅਤੇ ਇੱਕ ਸਕਾਈਡਰੋਇਡ ਟੀ 10 2.4 ਜੀ ਐਚ ਜ਼ੈਡ 10 ਸੀ ਐਚ ਐਫ ਐਚ ਐਸ ਐਸ ਟ੍ਰਾਂਸਮੀਟਰ, ਮਿਨੀ ਰਿਸੀਵਰ ਅਤੇ ਕੈਮਰੇ ਦੇ ਨਾਲ ਇੱਕ.32 ਬੋਰ ਦੀ ਰਿਵਾਲਵਰ ਅਤੇ ਇੱਕ ਸਕਾਰਪੀਓ ਕਾਰ, ਕੁਝ ਜ਼ਿੰਦਾ ਕਾਰਤੂਸ ਤੇ ਨਸ਼ੀਲੇ ਪਦਾਰਥ ਮਿਲੇ ਹਨ।ਡੀ ਜੀ ਪੀ ਨੇ ਦੱਸਿਆ ਕਿ ਮੁੱਖ ਸ਼ੱਕੀ ਲਖਬੀਰ ਸਿੰਘ ਪਿੰਡ ਚੱਕ ਮਿਸ਼ਰੀ ਖਾਂ, ਥਾਣਾ ਲੋਪੋਕੇ ਨੂੰ ਗੁਰ-ਦੁਆਰਾ ਟਾਹਲਾ ਸਾਹਿਬ, ਥਾਣਾ ਚਾਟੀਵਿੰਡ, ਅੰਮ੍ਰਿਤਸਰ (ਦਿਹਾਤੀ) ਕੋਲੋਂ ਕਾਬੂ ਕੀਤਾ ਗਿਆ। ਜਾਂਚ ਦੌਰਾਨ ਲਖਬੀਰ ਸਿੰਘ ਨੇ ਦੱਸਿਆ ਕਿ ਉਸਨੇ ਲੱਗਭਗ 4 ਮਹੀਨੇ ਪਹਿਲਾਂ ਇੱਕ ਕੁਆਡ ਕਾਪਟਰ ਡਰੋਨ ਦਿੱਲੀ ਤੋਂ ਖਰੀਦਿਆ ਸੀ ਅਤੇ ਇਹ ਡਰੋਨ ਉਸ ਦੇ ਸਾਥੀ ਬਚਿੱਤਰ ਸਿੰਘ ਦੇ ਘਰ ਗੁਰੂ ਅਮਰਦਾਸ ਐਵੀਨਿਊ, ਅੰਮ੍ਰਿਤਸਰ ਵਿਖੇ ਸੀ। ਪੜਤਾਲ ਤੋਂ ਪਤਾ ਲੱਗਾ ਕਿ ਲਖਬੀਰ ਸਿੰਘ ਅਜਨਾਲਾ ਦੇ ਚਾਰ ਵੱਡੇ ਨਸ਼ਾ ਸਮੱਗਲਰਾਂ ਨਾਲ ਵਾਰ-ਵਾਰ ਸੰਪਰਕ ਕਰਦਾ ਸੀ, ਜੋ ਇਸ ਸਮੇਂ ਅੰਮ੍ਰਿਤਸਰ ਜੇਲ੍ਹ ਵਿੱਚ ਹਨ। ਜੇਲ੍ਹ ਵਿੱਚ ਤਲਾਸ਼ੀ ਲੈਣ 'ਤੇ ਲਖਬੀਰ ਦੇ ਸਾਥੀ ਨਸ਼ਾ ਸਮੱਗਲਰ ਸੁਰਜੀਤ ਮਸੀਹ ਕੋਲੋਂ ਇੱਕ ਸਮਾਰਟਫੋਨ ਮਿਲਿਆ ਹੈ।ਡੀ ਜੀ ਪੀ ਅਨੁਸਾਰ ਜਾਂਚ ਤੋਂ ਪਤਾ ਲੱਗਾ ਹੈ ਕਿ ਲਖਬੀਰ ਸਿੰਘ ਨੇ ਵਿਦੇਸ਼ੀ ਸਮੱਗਲਰਾਂ ਤੇ ਯੂਨਿਟਾਂਨਾਲ ਇੱਕ ਵੱਡਾ ਸੰਚਾਰ ਨੈਟਵਰਕ ਬਣਾਇਆ ਸੀ ਅਤੇ ਉਹ ਪਾਕਿਸਤਾਨ ਦੇ ਇੱਕ ਨਾਮੀ ਸਮੱਗਲਰ ਚਿਸ਼ਤੀ ਨਾਲ ਸੰਪਰਕ ਵਿੱਚ ਰਹਿੰਦਾ ਸੀ। ਚਿਸ਼ਤੀ ਪਾਕਿਸਤਾਨ ਵਿੱਚ ਬੈਠੇ ਖਾਲਿਸਤਾਨੀ ਸੰਚਾਲਕਾਂ ਨਾਲ ਸੰਪਰਕ ਵਿੱਚ ਹੈ ਅਤੇ ਪਿਛਲੇ ਸਮੇਂ ਦੌਰਾਨ ਪਾਕਿਸਤਾਨ ਤੋਂ ਭਾਰਤ ਵਿੱਚ ਸਰਹੱਦ ਪਾਰ ਦੀਆਂ ਵੱਡੀਆਂ ਖੇਪਾਂ ਦੀ ਸਮੱਗਲਿੰਗ ਕਰਦਾ ਰਿਹਾ ਹੈ। ਇਸ ਸਮੇਂ ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਸਿਮਰਨਜੀਤ ਸਿੰਘ ਨੇ ਲਖਬੀਰ ਸਿੰਘ ਨੂੰ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਤੇ ਹਥਿਆਰਾਂ ਦੀ ਸਮੱਗਲਿੰਗ ਲਈ ਇੱਕ ਡਰੋਨ ਖਰੀਦਣ ਨੂੰ ਕਿਹਾ ਸੀ। ਗੁਪਤਾ ਨੇ ਦੱਸਿਆ ਕਿ ਸਿਮਰਨਜੀਤ ਸਿੰਘ ਨੂੰ ਵੀ ਇਸ ਕੇਸ ਵਿੱਚ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਲੱਗਭਗ ਚਾਰ ਮਹੀਨੇ ਪਹਿਲਾਂ ਲਖਬੀਰ ਸਿੰਘ ਤੇ ਉਸ ਦਾ ਸਾਥੀ ਗੁਰਪਿੰਦਰ ਸਿੰਘ ਦਿੱਲੀ ਗਏ ਅਤੇ ਟੀ ਆਰ ਡੀ ਐਂਟਰਪ੍ਰਾਈਜ਼ਜ਼, ਜਨਕਪੁਰੀ ਤੋਂ ਚਾਰ ਲੱਖ ਰੁਪਏ ਵਿੱਚ ਸਕਾਈਡਰਾਇਡ ਟੀ 102.4 ਜੀ ਐਚ ਜ਼ੈਡ 10 ਸੀ ਐਚ ਐਫ ਐਚ ਐਸ ਐਸ ਟ੍ਰਾਂਸਮੀਟਰ ਦੇ ਨਾਲ ਹੈਵੀ ਡਿਊਟੀ ਕੁਆਡ ਕਾਪਟਰ ਡਰੋਨ ਖਰੀਦਿਆ ਸੀ। ਲਖਬੀਰ ਸਿੰਘ ਤੇ ਬਚਿੱਤਰ ਸਿੰਘ ਦੋਵੇਂ ਚੱਕ ਮਿਸ਼ਰੀ ਖਾਂ, ਥਾਣਾ ਲੋਪੋਕੇ ਅਤੇ ਗੁਰਪਿੰਦਰ ਸਿੰਘ ਖਾਪੜ ਖੇੜੀ, ਥਾਣਾ ਘਰਿੰਡਾ ਅਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।



## ਜ਼ਮੀਨੀ ਵਿਵਾਦ ਕਾਰਨ ਇੱਕੋ ਪਰਵਾਰ ਦੇ ਤਿੰਨ ਜੀਆਂ ਦੀ ਹੱਤਿਆ

ਕਰਨਾਲ, 17 ਦਸੰਬਰ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਪਿੰਡ ਗਗਸੀਨਾ ਵਿਖੇ ਜ਼ਮੀਨੀ ਵਿਵਾਦ ਵਿੱਚ ਚੱਲੀਆਂ ਗੋਲੀਆਂ 'ਚ ਇੱਕੋ ਪਰਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ ਅਤੇ ਕਰੀਬ ਇੱਕ ਦਰਜਨ ਲੋਕ ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿੱਚੋਂ 2 ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਤੀਜੇ ਨੇ ਹਸਪਤਾਲ ਪਹੁੰਚ ਕੇ ਦਮ ਤੋੜ ਦਿੱਤਾ। ਮ੍ਰਿਤਕਾਂ ਵਿੱਚ ਦਿਲਬਾਗ ਸਿੰਘ, ਪਰਵੀਨ ਤੇ ਬਲਰਾਜ ਸਿੰਘ ਸ਼ਾਮਲ ਹਨ। ਘਟਨਾ ਤੋਂ ਬਾਅਦ ਜ਼ਿਲ੍ਹੇ ਦੀ ਪੁਲਸ ਨੇ ਪਿੰਡ 'ਚ ਡੇਰਾ ਲਾ ਲਿਆ ਅਤੇ ਸਾਰਾ ਪਿੰਡ ਪੁਲਸ ਛਾਉਣੀ 'ਚ ਬਦਲ ਗਿਆ ਅਤੇ ਪੁਲਸ ਜਾਂਚ 'ਚ ਲੱਗ ਗਈ ਹੈ। ਦੱਸਿਆ ਗਿਆ ਹੈ ਕਿ ਪੁਲਸ ਨੇ ਇਸ ਕੇਸ ਦੀ ਪੁੱਛਗਿੱਛ ਲਈ ਕੁਝ ਲੋਕਾਂ ਨੂੰ ਹਿਰਾਸਤ 'ਚ ਵੀ ਲਿਆ ਹੈ।

ਪਤਾ ਲੱਗਾ ਹੈ ਕਿ ਸਵੇਰੇ ਕਰੀਬ ਸਾਢੇ 8 ਵਜੇ ਜ਼ਮੀਨੀ ਵਿਵਾਦ ਵਿੱਚ ਪਿੰਡ ਗਗਸੀਨਾ 'ਚ ਖ਼ੂਨੀ ਖੇਡ ਖੇਡੀ ਗਈ, ਜਿਸ ਦੌਰਾਨ ਚੱਲੀਆਂ ਗੋਲੀਆਂ ਨਾਲ ਇੱਕ ਧਿਰਦੇ ਪਰਵਾਰ ਦੇ 3 ਮੈਂਬਰਾਂ ਦੀ ਮੌਤ ਹੋ ਗਈ। ਇਸ ਤੋਂ ਬਿਨਾ ਕਰੀਬ ਇੱਕ ਦਰਜਨ ਲੋਕ ਜ਼ਖ਼ਮੀ ਹੋ ਗਏ। ਪਿੰਡ ਵਿੱਚ ਤਣਾਅਪੂਰਨ ਸਥਿਤੀ ਬਣੀ ਹੋਈ ਹੈ।

## ਰੱਖਿਆ ਬਾਰੇ ਪਾਰਲੀਮੈਂਟਰੀ ਕਮੇਟੀ ਤੋਂ ਰਾਹੁਲ ਗਾਂਧੀ ਸਣੇ ਸਾਰੇ ਕਾਂਗਰਸੀ ਮੈਂਬਰਾਂ ਦਾ ਵਾਕਆਊਟ



ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਕਾਂਗਰਸ ਆਗੂ ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਪਾਰਟੀ ਦੇ ਹੋਰ ਪਾਰਲੀਮੈਂਟ ਮੈਂਬਰਾਂ ਨੇ ਰੱਖਿਆ ਬਾਰੇ ਪਾਰਲੀਮੈਂਟਰੀ ਕਮੇਟੀ ਦੀ ਬੈਠਕ ਵਿੱਚੋਂ ਵਾਕ ਆਊਟ ਕਰਦਿਆਂ ਦੋਸ਼ ਲਾਇਆ ਕਿ ਪੈਨਲ ਦਾ ਸਮਾਂ ਕੌਮੀ ਸੁਰੱਖਿਆ ਦੇ ਅਹਿਮ ਮੁੱਦੇ ਦੀ ਬਜਾਏ ਫੌਜੀ ਦਸਤਿਆਂ ਦੀ ਵਰਦੀ ਦੀ ਚਰਚਾ ਕਰਨ ਵਿੱਚ ਗੁਆਇਆ ਜਾ ਰਿਹਾ ਹੈ। ਜਾਣਕਾਰ ਸੂਤਰਾਂ ਨੇ ਦੱਸਿਆ ਹੈ ਕਿ ਬੈਠਕ ਦੌਰਾਨ ਜਦੋਂ ਰਾਹੁਲ ਗਾਂਧੀ ਨੇ ਚੀਨੀ ਹਮਲੇ ਅਤੇ ਲੱਦਾਖ ਵਿੱਚ ਸਰਹੱਦ 'ਤੇ ਜਵਾਨਾਂ ਕੋਲ ਵਧੇਰੇ ਅਸਲਾ ਤੇ ਸਹੂਲਤਾਂ ਦੇਣ ਦਾ ਮੁੱਦਾ ਚੁੱਕਿਆ ਤਾਂ ਪੈਨਲ ਦੇ ਚੇਅਰਮੈਨ ਜੁਆਲ ਓਰਮ (ਭਾਜਪਾ) ਨੇ ਉਨ੍ਹਾਂ ਨੂੰ ਬੋਲਣ ਦੀ ਆਗਿਆ ਨਹੀਂ ਸੀ ਦਿੱਤੀ।

ਇਸ ਬਾਰੇ ਸੂਤਰਾਂ ਅਨੁਸਾਰ ਜਦੋਂ ਚੀਫ ਆਫ ਡਿਫੈਂਸ ਸਟਾਫ ਜਨਰਲ ਬਿਪਿਨ ਰਾਵਤ ਦੀ ਮੌਜੂਦਗੀ ਵਿੱਚ ਫੌਜ, ਸਮੁੰਦਰੀ ਫੌਜ ਅਤੇ ਹਵਾਈ ਫੌਜ ਦੀਆਂ ਵਰਦੀਆਂ ਦੇ ਮੁੱਦੇ 'ਤੇ ਚਰਚਾ ਹੋ ਰਹੀ ਸੀ ਤਾਂ ਗਾਂਧੀ ਨੇ ਵਿਚਾਲਿਓਂ ਟੋਕਦੇ ਹੋਏ ਕਿਹਾ ਕਿ ਵਰਦੀ ਬਾਰੇ ਚਰਚਾ ਕਰਨ ਦੀ ਥਾ ਸਿਆਸੀ ਆਗੂਆਂ ਨੂੰ ਕੌਮੀ ਸੁਰੱਖਿਆ ਤੇ ਫੌਜਾਂ ਦੀ ਮਜ਼ਬੂਤੀ ਬਾਰੇ ਚਰਚਾ ਕਰਨੀ ਚਾਹੀਦੀ ਹੈ। ਇਸ ਕਮੇਟੀ ਸਾਹਮਣੇ ਫੌਜ, ਸਮੁੰਦਰੀ ਫੌਜ ਅਤੇ ਹਵਾਈ ਫੌਜ ਦੀਆਂ ਵਰਦੀਆਂ ਦੇ ਰੰਗ ਬਾਰੇ ਇੱਕ ਪੇਸ਼ਕਾਰੀ ਦਿੱਤੀ ਜਾ ਰਹੀ ਸੀ ਤਾਂ ਭਾਜਪਾ ਮੈਂਬਰ ਨੇ ਤਿੰਨਾਂ ਫੌਜਾਂ ਦੀਆਂ ਵਰਦੀਆਂ ਦੇ ਰੰਗ ਵਿੱਚ ਅਮਰੀਕਾ ਵਾਂਗ ਇਕਸਾਰਤਾ ਲਿਆਉਣ ਦਾ ਸੁਝਾਅ ਦਿੱਤਾ। ਇਸ 'ਤੇ ਕਾਂਗਰਸ ਦੇ ਸਾਬਕਾ ਮੁਖੀ ਰਾਹੁਲ ਗਾਂਧੀ ਨੇ ਕਿਹਾ ਕਿ ਤਿੰਨਾਂ ਫੌਜਾਂ ਨੂੰ ਆਪਣੀ ਵਰਦੀ ਦੇ ਰੰਗ ਬਾਰੇ ਫੈਸਲਾ ਖੁਦ ਲੈਣਾ ਚਾਹੀਦਾ ਹੈ, ਸਿਆਸਤਦਾਨਾਂ ਨੂੰ ਨਹੀਂ। ਉਨ੍ਹਾ ਕਿਹਾ, 'ਕਿਹੜੀ ਫੌਜ ਨੇ ਕਿਹੜੀ ਵਰਦੀ ਪਹਿਨਣੀ ਹੈ, ਇਸ ਨਾਲ ਸਿਆਸਤਦਾਨਾਂ ਦਾ ਕੋਈ ਲੈਣਾ-ਦੇਣਾ ਨਹੀਂ ਅਤੇ ਨਾ ਇਹ ਸਾਡੇ ਅਧਿਕਾਰ ਖੇਤਰ ਵਿੱਚ ਹੈ ਤੇ ਅਜਿਹਾ ਕਰ ਕੇ ਉਨ੍ਹਾਂ ਨੂੰ ਨੀਵਾਂ ਨਾ ਦਿਖਾਇਆ ਜਾਵੇ। ਇਸ ਦੀ ਥਾਂ ਸਿਆਸੀ ਲੀਡਰਸ਼ਿਪ ਨੂੰ ਗਰਮ ਟੈਂਟ, ਬੂਟ ਅਤੇ ਜਵਾਨਾਂ ਨੂੰ ਵਧੇਰੇ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ, ਜੋ ਲੱਦਾਖ ਵਿੱਚ ਸਰਹੱਦ 'ਤੇ ਡਟੇ ਹੋਏ ਹਨ ਅਤੇ ਚੀਨ ਨਾਲ ਲੋਹਾ ਲੈ ਰਹੇ ਹਨ।' ਜਾਣਕਾਰ ਸੂਤਰਾਂ ਅਨੁਸਾਰ ਰਾਹੁਲ ਗਾਂਧੀ ਨੇ ਕਿਹਾ, 'ਲੀਡਰਸ਼ਿਪ ਨੂੰ ਇਸ ਗੱਲ ਦੇ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਦੁਸ਼ਮਣ ਨੂੰ ਪਿੱਛੇ ਕਿਵੇਂ ਮੋੜਨਾ ਹੈ ਅਤੇ ਹਥਿਆਰਬੰਦ ਫੌਜਾਂ ਨੂੰ ਸਮਰਥਨ ਅਤੇ ਮਜ਼ਬੂਤੀ ਕਿਵੇਂ ਦੇਣੀ ਹੈ, ਨਾ ਕਿ ਉਨ੍ਹਾਂ ਦੀਆਂ ਵਰਦੀਆਂ ਦੇ ਰੰਗਾਂ ਬਾਰੇ ਹੁਕਮ ਚਾੜ੍ਹਨੇ ਚਾਹੀਦੇ ਹਨ।'

ਇਸ ਉਤੇ ਬੈਠਕ ਵਿੱਚ ਭਖਵੀਂ ਬਹਿਸ ਹੋਈ ਅਤੇ ਕਮੇਟੀ ਦੇ ਚੇਅਰਮੈਨ ਨੇ ਰਾਹੁਲ ਗਾਂਧੀ ਨੂੰ ਹੋਰ ਬੋਲਣ ਦੀ ਆਗਿਆ ਨਾ ਦਿੱਤੀ, ਜਿਸ ਕਰ ਕੇ ਕਾਂਗਰਸੀ ਮੈਂਬਰਾਂ ਨੇ ਵਾਕਆਊਟ ਕਰਨ ਦਾ ਫੈਸਲਾ ਕਰ ਲਿਆ।

## ਗੁਜਰਾਤ ਦੇ ਪੰਜਾਬੀ ਕਿਸਾਨ ਵੀ 'ਦਿੱਲੀ ਮੋਰਚੇ' ਲਈ ਪੱਬਾਂ ਭਾਰ



ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਗੁਜਰਾਤ ਰਾਜ ਦੇ ਪੰਜਾਬੀ ਕਿਸਾਨ, ਜਿਨ੍ਹਾਂ ਤੋਂ ਪ੍ਰਧਾਨ ਮੰਤਰੀ ਵੀ ਪਾਸਾ ਵੱਟ ਆਏ ਹਨ, ਦਿੱਲੀ ਮੋਰਚੇ ਵਿੱਚ ਪੁੱਜਣਗੇ। ਪਰਸੋਂ ਪ੍ਰਧਾਨ ਮੰਤਰੀ ਗੁਜਰਾਤ ਦੇ ਕੱਛ ਖਿੱਤੇ ਵਿੱਚ ਗਏ ਸਨ, ਜਿੱਥੇ ਉਨ੍ਹਾਂ ਨੇ ਭਾਜਪਾ ਨਾਲ ਸੰਬੰਧ ਰੱਖਦੇ ਕੁਝ ਕਿਸਾਨਾਂ ਨਾਲ ਮੁਲਾਕਾਤ ਕੀਤੀ ਸੀ ਅਤੇ ਜਿਨ੍ਹਾਂ ਪੰਜਾਬੀ ਕਿਸਾਨਾਂ ਨੇ ਗੁਜਰਾਤੀ ਜ਼ਮੀਨਾਂ ਨੂੰ ਉਪਜਾਊ ਤਾਕਤ ਦਿੱਤੀ, ਉਹ ਪ੍ਰਧਾਨ ਮੰਤਰੀ ਦਾ ਸੱਦਾ ਉਡੀਕਦੇ ਰਹਿ ਗਏ। 'ਦਿੱਲੀ ਮੋਰਚੇ' ਵਿੱਚ ਇਹ ਕਿਸਾਨ ਵੀ ਆਪਣੇ ਦੁੱਖ ਦਰਦ ਰੱਖਣਗੇ, ਜਿਨ੍ਹਾਂ ਨੂੰ ਗੁਜਰਾਤ ਵਿੱਚ ਪੰਜਾਬੀ ਹੋਣਾ ਮਹਿੰਗਾ ਪਿਆ ਹੈ।

ਵਰਨਣ ਯੋਗ ਹੈ ਕਿ ਗੁਜਰਾਤ ਵਿੱਚ ਹਜ਼ਾਰਾਂ ਪੰਜਾਬੀ ਕਿਸਾਨ ਪਰਵਾਰ ਹਨ, ਜਿਨ੍ਹਾਂ ਨੂੰ ਮਰਹੂਮਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਜ਼ਮੀਨਾਂ ਅਲਾਟ ਕੀਤੀਆਂ ਸਨ। ਜ਼ਿਲ੍ਹਾ ਭੁਜ ਦੇ ਇੱਕ ਪੰਜਾਬੀ ਕਿਸਾਨ ਨੇ ਦੱਸਿਆ ਕਿ ਹਾਈ ਕੋਰਟ ਦੇ ਫੈਸਲੇ ਦੇ ਬਾਵਜੂਦ ਗੁਜਰਾਤ ਸਰਕਾਰ ਨੇ ਸਾਲ 2010 ਤੋਂ ਪੰਜਾਬੀ ਕਿਸਾਨਾਂ ਦੀਆਂ ਜ਼ਮੀਨਾਂ ਫਰੀਜ਼ ਕਰਨੀਆਂ ਸ਼ੁਰੂ ਕੀਤੀਆਂ ਹੋਈਆ ਹਨ। ਪੰਜਾਬੀ ਕਿਸਾਨ ਇਨ੍ਹਾਂ ਜ਼ਮੀਨਾਂ ਨੂੰ ਵੇਚ ਨਹੀਂ ਸਕਦੇ ਅਤੇ ਕਰਜ਼ੇ ਵੀ ਨਹੀਂ ਲੈ ਸਕਦੇ। ਭੁਜ ਦੇ ਪੰਜਾਬੀ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਉਹ ਗੁਜਰਾਤ ਵਿਚਲੇ ਪੰਜਾਬੀ ਕਿਸਾਨਾਂ ਨੂੰ ਇਕੱਠੇ ਕਰ ਰਹੇ ਹਨ ਤਾਂ ਜੋ ਦਿੱਲੀ ਮੋਰਚੇ ਵਿੱਚ ਸ਼ਾਮਲ ਹੋ ਸਕਣ। ਉਨ੍ਹਾਂ ਕਿਹਾ ਕਿ ਗੁਜਰਾਤ ਵਿਚਲੇ ਪੰਜਾਬੀ ਕਿਸਾਨਾਂ ਦਾ ਵੀ ਜ਼ਮੀਨ ਦਾ ਮਸਲਾ ਹੈ, ਜਿਨ੍ਹਾਂ ਨਾਲ ਖੇਤੀ ਕਾਨੂੰਨਾਂ ਤੋਂ ਪਹਿਲਾਂ ਹੀ ਠੱਗੀ ਵੱਜੀ ਪਈ ਹੈ। ਬਹੁਤੇ ਕਿਸਾਨ ਆਖਦੇ ਹਨ ਕਿ ਉਨ੍ਹਾਂ ਦਾ ਪੰਜਾਬੀ ਹੋਣਾ ਗੁਨਾਹ ਹੋ ਗਿਆ ਹੈ। ਭੁਜ ਜ਼ਿਲ੍ਹੇ ਵਿਚਲੇ ਇੱਕ ਪੰਜਾਬੀ ਕਿਸਾਨ ਦਾ ਕਹਿਣਾ ਹੈ ਕਿ ਗੁਜਰਾਤ ਦੇ ਸਾਰੇ ਪੰਜਾਬੀ ਕਿਸਾਨ ਇਕੱਠੇ ਹੋ ਰਹੇ ਹਨ ਤਾਂ ਜੋ 'ਦਿੱਲੀ ਮੋਰਚੇ' ਵਿੱਚ ਜਾਇਆ ਜਾਵੇ। ਇਨ੍ਹਾਂ ਕਿਸਾਨਾਂ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਜ਼ਮੀਨਾਂ ਅਲਾਟ ਹੋਈਆਂ ਸਨ, ਉਦੋਂ ਧਰਤੀ ਬੰਜਰ ਸੀ, ਉਨ੍ਹਾਂ ਨੇ ਦਿਨ ਰਾਤ ਮਿਹਨਤ ਕੀਤੀ ਤਾਂ ਅੱਜ ਨਰਮੇ ਦੀਆਂ ਕਿੰਨੀਆਂ ਹੀ ਮਿੱਲਾਂ ਲੱਗ ਗਈਆਂ ਹਨ ਤੇ ਕਿੰਨੇ ਹੀ ਰਕਬੇ ਵਿੱਚ ਬਾਗ ਲੱਗ ਗਏ ਹਨ। ਉਹ ਦੱਸਦੇ ਹਨ ਕਿ ਸਾਲ 2010 ਵਿੱਚ ਓਦੋਂ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਗੁਜਰਾਤ ਸਰਕਾਰ ਨੇ ਜ਼ਮੀਨਾਂ ਦੀ ਖਰੀਦ ਵੇਚ ਉਤੇ ਪਾਬੰਦੀ ਲਾ ਦਿੱਤੀ ਸੀ। ਪੰਜਾਬੀ ਕਿਸਾਨਾਂ ਨੇ ਹਾਈ ਕੋਰਟ ਵਿੱਚ ਕੇਸ ਕਰ ਦਿੱਤਾ ਤਾਂ ਇਸ ਦਾ ਫੈਸਲਾ ਸਾਲ 2013 ਵਿੱਚ ਪੰਜਾਬੀ ਕਿਸਾਨਾਂ ਦੇ ਹੱਕ ਵਿੱਚ ਆਇਆ। ਗੁਜਰਾਤ ਸਰਕਾਰ ਇਹ ਫੈਸਲਾ ਲਾਗੂ ਕਰਨ ਤੋਂ ਭੱਜ ਗਈ ਅਤੇ ਉਲਟਾ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ। ਲੋਕ ਸਭਾ ਚੋਣਾਂ 2014 ਵਿੱਚ ਇਨ੍ਹਾਂ ਪੰਜਾਬੀ ਕਿਸਾਨਾਂ ਨੇ ਇਸ ਦੇ ਖ਼ਿਲਾਫ ਆਵਾਜ਼ ਉਠਾਈ ਤਾਂ ਪੰਜਾਬ ਵਿਚਲੀ ਉਦੋਂ ਦੀ ਗਠਜੋੜ ਸਰਕਾਰ ਨੇ ਕੁਝ ਨਰਿੰਦਰ ਮੋਦੀ ਪੱਖੀ ਕਿਸਾਨਾਂ ਨੂੰ ਚੰਡੀਗੜ੍ਹ ਬੁਲਾ ਕੇ 'ਸਭ ਅੱਛਾ' ਅਖਵਾ ਦਿੱਤਾ। ਅਸਲੀ ਕਿਸਾਨ ਦੱਸਦੇ ਹਨ ਕਿ ਭੁਜ ਦੇ ਭਾਜਪਾ ਆਗੂਆਂ ਨੇ ਪੰਜਾਬੀ ਕਿਸਾਨਾਂ 'ਤੇ ਹਮਲੇ ਵੀ ਕਰਵਾਏ ਤਾਂ ਜੋ ਪੰਜਾਬੀ ਕਿਸਾਨਾਂ ਨੂੰ ਗੁਜਰਾਤ 'ਚੋਂ ਭਜਾਇਆ ਜਾ ਸਕੇ। ਇਨ੍ਹਾਂ ਕਿਸਾਨਾਂ ਦੀ ਇੱਕੋ ਮੰਗ ਹੈ ਕਿ ਗੁਜਰਾਤ ਸਰਕਾਰ ਸੁਪਰੀਮ ਕੋਰਟ ਵਿੱਚੋਂ ਕੇਸ ਵਾਪਸ ਲੈ ਲਵੇ ਤਾਂ ਜੋ ਪੰਜਾਬੀ ਕਿਸਾਨ ਬਿਨਾਂ ਕਿਸੇ ਡਰ ਭੈਅ ਦੇ ਰਹਿ ਸਕਣ। ਹੁਣ ਛੇਤੀ ਹੀ ਇਹ ਕਿਸਾਨ ਦਿੱਲੀ ਮੋਰਚੇ ਦਾ ਹਿੱਸਾ ਬਣਨਗੇ।

## ਅਮਰੀਕਾ ਦੇ ਬਾਜ਼ਾਰ ਨਿਵੇਸ਼ਕਾਂ ਲਈ ਦੁਨੀਆ 'ਚੋਂ ਭਾਰਤ ਸਭ ਤੋਂ ਅਨੁਕੂਲ



ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਦੁਨੀਆਭਰ ਦੇ ਸ਼ੇਅਰ ਬਾਜ਼ਾਰਾਂ 'ਚ ਅਤੇ ਅਮਰੀਕਾ ਦੇ ਬਾਜ਼ਾਰ ਨਿਵੇਸ਼ਕਾਂ ਲਈ ਸਭ ਤੋਂ ਅਨੁਕੂਲਭਾਰਤ ਹੈ। ਆਸਟ੍ਰੇਲੀਆ ਦਾ ਸ਼ੇਅਰ ਬਾਜ਼ਾਰ ਸਭ ਤੋਂ ਹੇਠਲੇ ਸਥਾਨ 'ਤੇ ਹੈ।

ਮਾਰਨਿੰਗਸਟਾਰ ਇੰਡੀਆ ਨੇ ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਦੀ ਰੈਂਕਿੰਗ ਕਰਨ ਲਈ ਛੇ ਸ਼੍ਰੇਣੀਆਂ ਬਣਾਈਆਂ ਸਨ, ਜਿਸ 'ਚ ਨਿਵੇਸ਼ ਉੱਤੇ ਲੱਗਣ ਵਾਲਾ ਚਾਰਜ, ਫੰਡ ਹੋਲਡਿੰਗਸ ਦੀ ਪਾਰਦਰਸ਼ਤਾ ਤੇ ਹਿੱਤਾਂ ਦੇ ਟਕਰਾਅ ਦੇ ਮੁੱਦਿਆਂ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ 'ਚ ਭਾਰਤੀ ਅਤੇ ਅਮਰੀਕੀ ਬਾਜ਼ਾਰ ਨੂੰ ਟਾਪ ਰੈਂਕਿੰਗ ਪ੍ਰਾਪਤ ਹੋਈ ਹੈ।ਰਿਪੋਰਟ 'ਚ ਦੁਨੀਆ ਭਰ ਦੇ 26 ਸ਼ੇਅਰ ਬਾਜ਼ਾਰਾਂ ਦਾ ਅਧਿਐਨ ਕੀਤਾ ਗਿਆ ਹੈ, ਜਿਸ 'ਚ ਉਤਰੀ ਅਮਰੀਕਾ, ਯੂਰਪ, ਏਸ਼ੀਆ ਅਤੇ ਅਫਰੀਕਾ ਦੇ ਬਾਜ਼ਾਰ ਸ਼ਾਮਲ ਹਨ। ਇਨ੍ਹਾਂ ਸਾਰੇ ਸ਼ੇਅਰ ਬਾਜ਼ਾਰਾਂ ਵਿੱਚ ਸਭ ਤੋਂ ਖਰਾਬ ਰੈਂਕਿੰਗ ਆਸਟ੍ਰੇਲੀਆ ਦੇ ਸ਼ੇਅਰ ਬਾਜ਼ਾਰ ਦੀ ਰਹੀ। ਅਮਰੀਕੀ ਸ਼ੇਅਰ ਬਾਜ਼ਾਰ ਟਾਪ 'ਤੇ ਕਾਇਮ ਹੈ। ਭਾਰਤੀ ਬਾਜ਼ਾਰ ਲਗਾਤਾਰ ਬਿਹਤਰ ਕੰਮ ਕਰਦੇ ਹੋਏ ਡਿਸਕਲੋਜ਼ਰ ਫਰੇਮਵਰਕ ਵਿੱਚ ਪਹਿਲੇ ਸਥਾਨ 'ਤੇ ਪਹੁੰਚ ਗਿਆ ਹੈ। ਬੇਲਜੀਅਮ, ਇਟਲੀ, ਜਾਪਾਨ, ਸਿੰਗਾਪੁਰ ਅਤੇ ਸਵਿੱਟਜ਼ਰਲੈਂਡ ਦੇ ਬਾਜ਼ਾਰ ਨੂੰ ਔਸਤ ਤੋਂ ਹੇਠਾਂ ਸਥਾਨ ਦਿੱਤਾ ਗਿਆ। ਕੈਨੇਡਾ, ਕੋਰੀਆ, ਦੱਖਣੀ ਅਫਰੀਕਾ, ਸਵੀਡਨ, ਤਾਈਵਾਨ ਤੇ ਥਾਈਲੈਂਡ ਦੇ ਬਾਜ਼ਾਰ ਨੂੰ ਔਸਤ ਤੋਂ ਉਤੇ ਸਥਾਨ ਮਿਲਿਆ ਹੈ।ਭਾਰਤੀ ਬਾਜ਼ਾਰ ਦਾ ਆਕਰਸ਼ਕ ਮੁਲਾਂਕਣ, ਪਾਰਦਰਸ਼ਤਾ ਅਤੇ ਤਰਲਤਾ ਨੇ ਵਿਦੇਸ਼ੀ ਨਿਵੇਸ਼ਕਾਂ ਨੂੰ ਕੋਰੋਨਾ 'ਚ ਖੂਬ ਆਕਰਸ਼ਤ ਕੀਤਾ ਹੈ। ਇਸ ਸਾਲ ਯਾਨੀ 2020 'ਚ ਭਾਰਤੀ ਸ਼ੇਅਰ ਬਾਜ਼ਾਰਾਂ 'ਚ ਵਿਦੇਸ਼ੀ ਨਿਵੇਸ਼ਕਾਂ ਨੇ 1.4 ਲੱਖ ਕਰੋੜ ਰੁਪਏ ਦਾ ਰਿਕਾਰਡ ਨਿਵੇਸ਼ ਕੀਤਾ ਹੈ। ਇਹ ਉਨ੍ਹਾਂ ਦੇ ਨਿਵੇਸ਼ ਦਾ ਸਭ ਤੋਂ ਉਚਾ ਪੱਧਰ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਇੱਕ ਨਿਵੇਸ਼ ਮਾਰਗ ਹੈ, ਜੋ ਹਰ ਹਾਲ 'ਚ ਇੱਕ ਪਸੰਦੀਦਾ ਮਾਰਗ ਬਣਦਾ ਜਾ ਰਿਹਾ ਹੈ। ਨਿਵੇਸ਼ਕਾਂ ਦਾ ਭਾਰਤੀ ਬਾਜ਼ਾਰ 'ਤੇ ਭਰੋਸਾ ਵੱਧ ਰਿਹਾ ਹੈ।

## ਕਿਸਾਨ ਅੰਦੋਲਨ 'ਤੇ ਚਚੇਰੀਆਂ ਫੋਗਾਟ ਭੈਣਾਂ ਵਿੱਚ ਟਵਿੱਟਰ ਵਾਰ



ਭਿਵਾਨੀ, 17 ਦਸੰਬਰ (ਪੋਸਟ ਬਿਊਰੋ)- ਅੰਤਰਰਾਸ਼ਟਰੀ ਮਹਿਲਾ ਰੈਸਲਰ ਅਤੇ ਚਚੇਰੀਆਂ ਭੈਣਾਂ ਬਬੀਤਾ ਫੋਗਾਟ ਦੇ ਵਿਚਾਲੇ ਕਿਸਾਨ ਮੁੱਦਿਆਂ ਬਾਰੇ ਚੱਲ ਰਹੇ ਅੰਦੋਲਨ ਨੂੰ ਲੈ ਕੇ ਟਵਿਟਰ ਵਾਰ ਸ਼ੁਰੂ ਹੋ ਗਈ ਹੈ।

ਬਬੀਤਾ ਫੋਗਾਟ ਨੇ ਦੋ ਦਿਨਾਂ ਦੌਰਾਨ ਜਿੱਥੇ ਕਿਸਾਨ ਅੰਦੋਲਨ ਨੂੰ ਟੁੱਕੜੇ-ਟੁੱਕੜੇ ਗੈਂਗ ਵੱਲੋਂ ਹਾਈਜੈਕ ਕਰਨ ਅਤੇ ਬਾਅਦ ਵਿੱਚ ਐਸ ਵਾਈ ਐਲ ਬਾਰੇ ਪੰਜਾਬ 'ਤੇ ਵਿਅੰਗ ਕੀਤਾ ਸੀ, ਇਸ ਬਾਰੇ ਵਿਨੇਸ਼ ਨੇ ਜਵਾਬ ਦਿੰਦੇ ਹੋਏ ਲਿਖਿਆ ਕਿ ਖਿਡਾਰੀ ਬਣਾਉਣ ਵਾਲੇ ਸਮਾਜ 'ਤੇ ਮੰਦੀ ਭਾਸ਼ਾ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ।ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਸਮੇਤ ਹੋਰ ਮੰਗਾਂ ਨੂੰ ਲੈ ਕੇ ਕਿਸਾਨ ਸੰਗਠਨਾਂ ਵੱਲੋਂ ਲਗਾਤਾਰ ਅੰਦੋਲਨ ਕੀਤਾ ਜਾ ਰਿਹਾ ਹੈ। ਇਸੇ ਵਿੱਚ ਮਹਿਲਾ ਵਿਕਾਸ ਨਿਗਮ ਦੀ ਚੇਅਰਮੈਨ ਅਤੇ ਦੰਗਲ ਗਰਲ ਬਬੀਤਾ ਫੋਗਾਟ ਨੇ ਟ੍ਵੀਟ ਕਰਦੇ ਹੋਏ ਲਿਖਿਆ ਕਿ ਇੰਜ ਲਗਦਾ ਹੈ ਕਿਸਾਨ ਅੰਦੋਲਨ ਨੂੰ ਟੁੱਕੜੇ-ਟੁੱਕੜੇ ਗੈਂਗ ਨੇ ਹਾਈਜੈਕ ਕਰ ਲਿਆ ਹੈ।

## ਏਅਰ ਇੰਡੀਆ 'ਚ ਨਵਾਂ ਇਤਿਹਾਸ ਬਣਨ ਦੀ ਤਿਆਰੀ

*** ਕੰਪਨੀ ਖਰੀਦਣ ਲਈ ਕਰਮਚਾਰੀਆਂ ਨੇ ਬੋਲੀ ਲਾਈ**



ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਭਾਰੀ ਕਰਜ਼ੇ ਹੇਠ ਦੱਬੀ ਹੋਈ ਏਅਰ ਇੰਡੀਆ ਨੂੰ ਖਰੀਦਣ ਲਈ ਏਅਰਲਾਈਨ ਦੇ ਕਰਮਚਾਰੀ ਵੀ ਅੱਗੇ ਆਏ ਹਨ। ਏਅਰ ਇੰਡੀਆ 'ਚ ਇਤਿਹਾਸ ਬਣਨ ਦੀ ਤਿਆਰੀ ਹੋ ਰਹੀ ਜਾਪਣ ਲੱਗੀ ਹੈ। ਟਾਟਾ ਸੰਨਸ, ਐਸਸਾਰ ਗਰੁੱਪ ਅਤੇ ਸਪਾਈਸਜੈਟ ਲਿਮਟਿਡ ਦੇ ਬਾਅਦ ਏਅਰ ਇੰਡੀਆ ਦੇ ਸੀਨੀਅਰ ਮੁਲਾਜ਼ਮਾਂ ਦੇ ਇੱਕ ਗਰੁੱਪ ਨੇ ਵੀ ਏਅਰ ਇੰਡੀਆ ਲਈ ਬੋਲੀ ਲਗਾਉਣ 'ਚ ਆਪਣੀ ਰੁਚੀ ਦਿਖਾਈ ਹੈ।

ਏਅਰ ਇੰਡੀਆ ਦੇ 209 ਕਰਮਚਾਰੀਆਂ ਦੇ ਇਸ ਗਰੁੱਪ ਨੇ ਅਮਰੀਕਾ ਦੀ ਇੱਕ ਪ੍ਰਾਈਵੇਟ ਇਕੁਵਿਟੀ ਫਰਮ ਇੰਟਰਅਪਸ ਨਾਲ ਸਾਂਝੇਦਾਰੀ 'ਚ ਸਰਕਾਰੀ ਏਅਰਲਾਈਨ 'ਚ 50 ਫੀਸਦੀ ਹਿੱਸੇਦਾਰੀ ਖਰੀਦਣ ਲਈ ਬੋਲੀ ਲਾਈ ਹੈ। ਇੰਟਰਅਪਸ ਦੇ ਚੇਅਰਮੈਨ ਲਕਸ਼ਮੀ ਪ੍ਰਸ਼ਾਦ ਨੇ ਇਸਦੀ ਪੁਸ਼ਟੀ ਕੀਤੀ ਹੈ। ਇਸ ਮੁਹਿੰਮ 'ਚ ਸ਼ਾਮਲ ਕਰਮਚਾਰੀ 1-1 ਲੱਖ ਰੁਪਏ ਇਕੱਠੇ ਕਰ ਰਹੇ ਹਨ। ਏਅਰ ਇੰਡੀਆ 'ਚ ਕੁਲ 14,000 ਕਰਮਚਾਰੀ ਹਨ।ਏਅਰ ਇੰਡੀਆ ਦੇ ਸੀਨੀਅਰ ਕਰਮਚਾਰੀਆਂ ਦੇ ਗਰੁੱਪ 'ਚ ਸ਼ਾਮਲ ਹਰ ਵਿਅਕਤੀ ਬੋਲੀ ਲਈ ਇੱਕ-ਇੱਕ ਲੱਖ ਰੁਪਏ ਦੇਵੇਗਾ। ਜੇ ਸਭ ਠੀਕ ਰਹਿੰਦਾ ਹੈ ਤਾਂ ਦੇਸ਼ ਦੇ ਕਾਰ-ਪੋਰੇਟ ਇਤਿਹਾਸ ਦਾ ਇਹ ਪਹਿਲਾਂ ਕੇਸ ਹੋਵੇਗਾ ਕਿ ਕਿਸੇ ਸਰਕਾਰੀ ਕੰਪਨੀ ਨੂੰ ਉਸ ਦੇ ਕਰਮਚਾਰੀ ਖਰੀਦ ਲੈਣਗੇ। ਪਾਇਲਟ ਅਤੇ ਕੈਬਿਨ ਕਰੂ ਦੀ ਅਗਵਾਈ ਕਰਨ ਵਾਲੇ ਸੰਗਠਨਾਂ ਨੇ ਆਪਣੇ ਮੈਂਬਰਾਂ ਨੂੰ ਇਸ ਬੋਲੀ 'ਚ ਹਿੱਸਾ ਨਾ ਲੈਣ ਦੀ ਸਲਾਹ ਦਿੱਤੀ ਹੈ। ਬੋਲੀ ਪ੍ਰਕਿਰਿਆ ਦੀ ਅਗਵਾਈ ਏਅਰ ਇੰਡੀਆ ਦੀ ਕਮਰਸ਼ੀਅਲ ਡਾਇਰੈਕਟਰ ਮੀਨਾਕਸ਼ੀ ਮਲਿਕ ਕਰ ਰਹੀ ਹੈ। ਇਨ੍ਹਾਂ ਦੇ ਮੁਤਾਬਕ ਪੁਰਾਣੇ ਕਰਮਚਾਰੀ ਪੂਰੀ ਤਰ੍ਹਾਂ ਇਸ ਮੁਹਿੰਮ 'ਚ ਸਾਥ ਦੇਣਗੇ।

ਉਂਜ ਏਅਰ ਇੰਡੀਆ ਲਈ ਬੋਲੀ ਲਗਾਉਣ ਦੀ ਮਿਆਦ 14 ਸਤੰਬਰ ਨੂੰ ਖਤਮ ਹੋ ਗਈ ਹੈ। ਇਸ ਦਰਮਿਆਨ ਖਬਰਾਂ ਆਈਆਂ ਸਨ ਕਿ ਟਾਟਾ, ਅਡਾਨੀ ਅਤੇ ਹਿੰਦੂਜਾ ਨੇ ਇਸ ਨੂੰ ਖਰੀਦਣ 'ਚ ਦਿਲਚਸਪੀ ਦਿਖਾਈ ਹੈ। ਸਰਕਾਰੀਤੌਰ 'ਤੇ ਇਨ੍ਹਾਂ 'ਚੋਂ ਕਿਸੇ ਨੇ ਵੀ ਅਜਿਹਾ ਨਹੀਂ ਕਿਹਾ। ਸਰਕਾਰ ਨੇ ਏਅਰ ਇੰਡੀਆ ਲਈ ਬੋਲੀ ਲਾਉਣ ਦੀ ਮਿਆਦ ਨਹੀਂ ਵਧਾਈ, ਪਰ ਏਅਰ ਇੰਡੀਆ ਲਈ ਬੋਲੀ ਲਾਉਣ ਵਾਲਿਆਂ ਲਈ ਇੰਟੀਮੇਸ਼ਨ ਤਰੀਕ ਵਧਾ ਕੇ 5 ਜਨਵਰੀ ਤੱਕ ਕਰ ਦਿੱਤੀ ਹੈ, ਜੋ ਪਹਿਲਾਂ 29 ਦਸੰਬਰ ਤੱਕ ਸੀ। ਇਹ ਸ਼ਾਰਟਲਿਸਟਿਡ ਕੀਤੇ ਗਏ ਬੋਲੀਦਾਤਾਵਾਂ ਦੇ ਨਾਵਾਂ ਦੇ ਐਲਾਨ ਦੀ ਤਰੀਕ ਹੈ, ਫਿਜ਼ੀਕਲ ਬਿਡ 29 ਦਸੰਬਰ ਤੱਕ ਹੋਣੀ ਚਾਹੀਦੀ ਹੈ।

## ਬੱਸ ਤੇ ਈਕੋ ਕਾਰ ਦੀ ਟੱਕਰ ਵਿੱਚ ਤਿੰਨ ਸਕੇ ਭੈਣ-ਭਰਾਵਾਂ ਦੀ ਮੌਤ

ਫਰੂਖਾਨਗਰ, 17 ਦਸੰਬਰ (ਪੋਸਟ ਬਿਊਰੋ)- ਪਿੰਡ ਕਾਲਿਆਵਾਸ ਚੌਕ 'ਤੇ ਪੈਟਰੋਲ ਪੰਪ 'ਤੇ ਤੇਲ ਪਵਾਉਣ ਜਾ ਰਹੀ ਈਕੋ ਕਾਰ ਨੂੰ ਸਵਾਰੀਆਂ ਨਾਲ ਭਰੀਤੇਜ਼ ਰਫਤਾਰ ਬੱਸ ਨੇ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਈਕੋ ਕਾਰ ਸਵਾਰ ਐਸ ਜੀ ਟੀ ਮੈਡੀਕਲ ਕਾਲਜ ਬੁਢੇੜਾ ਦੇ ਛੇ ਵਿਦਿਆਰਥੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਇੱਕ ਲੜਕੀ ਅਤੇ ਦੋ ਲੜਕਿਆਂ ਦੀ ਮੌਤ ਹੋਗਈ। ਸਾਰੇ ਝੱਜਰ ਦੇ ਵਸਨੀਕ ਸਕੇ ਭਰਾ ਭੈਣ ਸਨ। ਡਰਾਈਵਰਰਾਜੇਸ਼ ਨੂੰ ਵੀ ਸੱਟਾਂ ਲੱਗੀਆਂ। ਬੱਸ ਡਰਾਈਵਰ ਫਰਾਰ ਹੋ ਗਿਆ। ਬੱਸ ਵਿੱਚ ਸਵਾਰ ਸਾਰੀਆਂ ਸਵਾਰੀਆਂ ਸੁਰੱਖਿਅਤ ਮਿਲੀਆਂ। ਤੇਜ਼ ਟੱਕਰ ਦੇ ਕਾਰਨ ਕੁਝ ਸਵਾਰੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ। ਸਥਾਨਕ ਵਾਸੀਆਂ ਨੇ ਹਾਦਸੇ ਵਾਲੀ ਥਾਂ 'ਤੇ ਪਹੁੰਚ ਕੇ ਜ਼ਖਮੀਆਂ ਨੂੰ ਸਥਾਨਕ ਐਸ ਜੀ ਟੀ ਬੁਢੇੜਾ ਹਸਪਤਾਲ ਵਿੱਚ ਭਰਤੀ ਕਰਾਇਆ। ਪੁਲਸ ਨੇ ਈਕੋ ਕਾਰ ਡਰਾਈਵਰਦੇ ਬਿਆਨ ਉਤੇ ਬੱਸ ਡਰਾਈਵਰਦੇ ਖਿਲਾਫ ਮਾਮਲਾ ਦਰਜ ਕਰ ਕੇ ਬੱਸ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ।

ਪੁਲਸ ਨੂੰ ਦਿੱਤੇ ਬਿਆਨ ਵਿੱਚ ਰਾਜੇਸ਼ ਰਾਠੀ ਪੁੱਤਰ ਰਾਮੇਸ਼ਵਰ ਵਾਸੀ ਮਾਜਰੀ ਜ਼ਿਲ੍ਹਾ ਝੱਜਰ ਨੇ ਦੱਸਿਆ ਕਿ ਕੱਲ੍ਹ ਸਵੇਰੇ ਕਰੀਬ ਅੱਠ ਵਜੇ ਰੋਜ਼ ਵਾਂਗ ਉਹ ਆਪਣੀ ਮਾਰੂਤੀ ਈਕੋ ਕਾਰ ਨੂੰ ਲੈ ਕੇ ਗੁੜਗਾਉਂ ਲਈ ਚੱਲਿਆ। ਉਸ ਨੇ ਐਸ ਜੀ ਟੀ ਮੈਡੀਕਲ ਕਾਲਜ ਬੁਢੇੜਾ ਵਿੱਚੋਂ ਵਿਦਿਆਰਥੀਆਂ ਨੂੰ ਗੱਡੀ ਵਿੱਚ ਬਿਠਾ ਲਿਆ। ਜਦ ਗੱਡੀ ਕਾਲਿਆਵਾਸ ਚੌਕ ਦੇ ਨੇੜੇ ਪਹੁੰਚੀ ਤਾਂ ਤੇਲ ਲੈਣ ਲਈ ਦੂਸਰੀ ਸਾਈਡ ਦੇ ਪੈਟਰੋਲ ਪੰਪ 'ਤੇ ਜਾਣ ਲੱਗਾ ਤਾਂ ਗੁੜਗਾਓਂ ਤੋਂ ਹਰਿਆਣਾ ਰੋਡਵੇਜ਼ ਪਲਵਲ ਡੀਪੂ ਦੀ ਇੱਕ ਬੱਸ ਦਾ ਡਰਾਈਵਰਤੇਜ਼ ਰਫਤਾਰ ਬੱਸ ਨੂੰ ਭਜਾਕੇ ਲਿਆਇਆ ਅਤੇ ਈਕੋ ਗੱਡੀ ਵਿੱਚ ਸਿੱਧੀ ਟੱਕਰ ਮਾਰ ਦਿੱਤੀ। ਟੱਕਰ ਕਾਰਨ ਗੱਡੀ ਵਿੱਚ ਬੈਠੇ ਅੰਜੂ ਪੁੱਤਰੀ ਗੁਲਾਬ ਸਿੰਘ ਵਾਸੀ ਗਾਜਨੀ ਜ਼ਿਲ੍ਹਾ ਝੱਜਰ, ਮੁਸਕਾਨ ਪੁੱਤਰੀ ਜੈਦੀਪ ਵਾਸੀ ਬਹਾਦੁਰਗੜ੍ਹ, ਵਿਨਾਇਕ ਪੁੱਤਰ ਅਨਿਲ ਕੁਮਾਰ, ਪ੍ਰਸ਼ਾਂਤ ਪੁੱਤਰ ਜਤਿੰਦਰ ਵਾਸੀ ਲੁਕਸਰ ਜ਼ਿਲ੍ਹਾ ਝੱਜਰ, ਵਰਸ਼ਾ ਪੁੱਤਰੀ ਜਸਵੰਤ ਨਿਵਾਸੀ ਲੁਕਸਰ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਸਾਲਾ, ਅਕਸ਼ੈ ਅਤੇ ਪ੍ਰਸ਼ਾਂਤ ਦੀ ਹਾਦਸੇ ਵਿੱਚ ਲੱਗੀਆਂ ਸੱਟਾਂ ਕਾਰਨ ਮੌਤ ਹੋ ਗਈ। ਤਿੰਨੇ ਸਕੇ-ਭੈਣ ਭਰਾ ਸਨ।

## ਗੁਜਰਾਤ ਦੇ 214 ਪ੍ਰਾਈਵੇਟ ਹਸਪਤਾਲਾਂ ਵਿੱਚ 62 ਕੋਲ ਐਨ ਓ ਸੀ ਨਹੀਂ ਨਿਕਲਿਆ



ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਕੋਵਿਡ ਹਸਪਤਾਲਾਂ ਵਿੱਚ ਅੱਗ ਤੋਂ ਸੁਰੱਖਿਆ ਦੇ ਉਪਾਵਾਂ ਬਾਰੇ ਸੁਪਰੀਮ ਕੋਰਟ ਨੇ ਇੱਕ ਵਾਰ ਫਿਰ ਗੁਜਰਾਤ ਦੇ ਜਵਾਬ 'ਤੇ ਅਸੰਤੁਸ਼ਟੀ ਜ਼ਾਹਰ ਕੀਤੀ ਹੈ।

ਸੁਪਰੀਮ ਕੋਰਟ ਦੇ ਜਸਟਿਸ ਅਸ਼ੋਕ ਭੂਸ਼ਣ ਦੀ ਅਗਵਾਈ ਵਾਲੀ ਬੈਂਚ ਨੇ ਸੂਬਾ ਸਰਕਾਰ ਦੇ ਕੋਰੋਨਾ ਅਤੇ ਅੱਗ ਸੁਰੱਖਿਆ ਦੇ ਉਪਾਵਾਂ 'ਤੇ ਸਵਾਲ ਖੜ੍ਹੇ ਕੀਤੇ ਹਨ। ਕੋਰਟ ਨੇ ਕਿਹਾ ਕਿ ਉਹ ਇਸ ਬਾਰੇਸ਼ੁੱਕਰਵਾਰ ਨੂੰ ਆਪਣਾ ਹੁਕਮ ਜਾਰੀ ਕਰੇਗੀ। ਇਸ ਦੌਰਾਨ ਕੋਰਟ ਨੇ ਦੇਸ਼ ਦੇ ਸਾਰੇ ਸੂਬਿਆਂ ਨੂੰ ਵੀ ਕੋਵਿਡ ਹਸਪਤਾਲਾਂ ਵਿੱਚ ਫਾਇਰ ਸੇਫਟੀ ਉਪਾਵਾਂ 'ਤੇ ਰਿਪੋਰਟ ਦਾਇਰ ਕਰਨ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਗੁਜਰਾਤ ਦੇ ਰਾਜਕੋਟ ਦੇ ਇੱਕ ਹਸਪਤਾਲ ਵਿੱਚ ਹੋਏ ਅਗਨੀਕਾਂਡ ਵਿੱਚ ਛੇ ਜਣਿਆਂ ਦੀ ਮੌਤ ਬਾਰੇ ਸੁਪਰੀਮ ਕੋਰਟ ਨੇ ਸਾਰੇ ਦੇਸ਼ ਦੇ ਹਸਪਤਾਲਾਂ ਵਿੱਚ ਕੋਰੋਨਾ ਦੇ ਹਾਲਾਤ ਨਾਲ ਨਿਪਟਣ ਦੇ ਸਬੰਧ ਵਿੱਚ ਕੀਤੇ ਜਾਣ ਵਾਲੇ ਪ੍ਰਬੰਧਾਂ 'ਤੇ ਖੁਦ ਨੋਟਿਸ ਲਿਆ ਅਤੇ ਕੇਂਦਰ ਸਰਕਾਰ ਤੇ ਗੁਜਰਾਤ ਸਰਕਾਰ ਤੋਂ ਰਿਪੋਰਟ ਮੰਗੀ ਸੀ। ਸੁਪਰੀਮ ਕੋਰਟ ਦੇ ਜਸਟਿਸ ਐਮ ਆਰ ਸ਼ਾਹ ਨੇ ਕਿਹਾ ਕਿ ਗੁਜਰਾਤ ਸਰਕਾਰ ਨੇ ਆਪਣੇ ਐਫੀਡੇਵਿਟ ਵਿੱਚ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਕਿ ਕਿੰਨੇ ਹਸਪਤਾਲਾਂ ਦੇ ਕੋਲ ਫਾਇਰ ਐਨ ਓ ਸੀ ਹਨ। ਉਨ੍ਹਾਂ ਦੇ ਐਫੀਡੇਵਿਟਵਿੱਚ ਕੇਵਲ ਇਹ ਹੈ ਕਿ ਉਹ ਇਹ ਕਹਿ ਰਹੇ ਹਨ ਕਿ ਉਹ ਕਰ ਰਹੇ ਹਨ। ਇਥੋਂ ਤੱਕ ਕਿ ਸਾਲ 2016 ਤੱਕ ਦੀ ਜਾਣਕਾਰੀ ਵੀ ਦਿੱਤੀ ਜਾ ਰਹੀ ਹੈ। ਅਜਿਹੀ ਸਥਿਤੀ ਆਖਰ ਕਿਉਂ ਬਣ ਰਹੀ ਹੈ।

ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਗੁਜਰਾਤ ਨੇ ਐਫੀਡੇਵਿਟਵਿੱਚ ਸਾਰੀ ਜਾਣਕਾਰੀ ਦਿੱਤੀ ਗਈ ਹੈ ਅਤੇ ਗੁਜਰਾਤ ਵਿੱਚ ਹਸਪਤਾਲਾਂ ਵਿੱਚ ਫਾਇਰ ਸੇਫਟੀ ਦੇ ਲਈ 328 ਲੋਕਾਂ ਨੂੰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ। ਇਸ 'ਤੇ ਜਸਟਿਸ ਐਮ ਆਰ ਸ਼ਾਹ ਨੇ ਪੁੱਛਿਆਕਿ ਕੀ ਗੁਜਰਾਤ ਸਰਕਾਰ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਕਿੰਨੇ ਕੋਵਿਡ 19 ਹਸਪਤਾਲਾਂ ਵਿੱਚ ਸੁਰੱਖਿਆ ਉਪਾਅ ਕੀਤੇ ਹਨ? ਜਸਟਿਸ ਸ਼ਾਹ ਨੇ ਇਹ ਵੀ ਪੁੱਛਿਆ ਕਿ ਗੁਜਰਾਤ ਦੇ 214 ਪ੍ਰਾਈਵੇਟ ਹਸਪਤਾਲਾਂ ਵਿੱਚੋਂ 62 ਦੇ ਕੋਲ ਐਨ ਓ ਸੀ ਹੀ ਨਹੀਂ ਹੈ। ਇਸ ਦਾ ਕੀ ਮਤਲਬ ਹੈ?

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਆਸਟਰੇਲੀਆ ਦੇ ਭਵਿੱਖ ਫੰਡ ਤੋਂ ਅਡਾਨੀ ਗਰੁੱਪ ਲਈ 32 ਲੱਖ ਡਾਲਰ ਦਾ ਨਿਵੇਸ਼ ਹੋਇਆ

*** ਯੂ ਐੱਨ ਅਤੇ ਵਾਤਾਵਰਣ ਮਾਹਰਾਂ ਵੱਲੋਂ ਆਲੋਚਨਾ**

ਬ੍ਰਿਸਬੇਨ, 17 ਦਸੰਬਰ (ਪੋਸਟ ਬਿਊਰੋ)- ਵੱਡੇ ਕਾਰਪੋਰੇਟ ਘਰਾਣਿਆਂ ਵੱਲੋਂ ਸਮੁੱਚੇ ਵਿਸ਼ਵ ਵਿੱਚ ਹੋ ਰਹੇ ਨਿਵੇਸ਼ ਦੇ ਦੌਰਾਨ ਆਸਟਰੇਲੀਆ ਦੀ ਫੈਡਰਲ ਸਰਕਾਰ ਨੇ ਦੇਸ਼ ਦੇ ਭਵਿੱਖ ਫੰਡ ਵਿੱਚੋਂ ਅਡਾਨੀ ਗਰੁੱਪ ਦੀ ਵਿਵਾਦ ਵਿੱਚ ਫਸੀ ਹੋਈ ਕਾਰਮੀਕਲ ਕੋਲਾ ਖਾਣ ਤੋਂ ਗ੍ਰੇਟ ਬੈਰੀਅਰ ਰੀਫ ਦੀ ਇੱਕ ਬੰਦਰਗਾਹ ਤੱਕ ਰੇਲ ਲਿੰਕ ਵਾਸਤੇ 32 ਲੱਖ ਡਾਲਰ ਦਾ ਫੰਡ ਦਿੱਤਾ ਹੈ। ਇੰਟਰਨੈਸ਼ਨਲ ਜਸਟਿਸ ਵੱਲੋਂ ਸੂਚਨਾ ਦੀ ਆਜ਼ਾਦੀ ਦੇ ਕਾਨੂੰਨਾਂ ਹੇਠ ਦਿੱਤੇ ਦਸਤਾਵੇਜ਼ਾਂ ਮੁਤਾਬਕਟੈਕਸ ਦਾਤਾਵਾਂ ਦਾ ਇਹ




60.5 ਅਰਬ ਡਾਲਰ ਦਾ ਫੰਡ 2006 ਵਿੱਚ ਸਥਾਪਤ ਕੀਤਾ ਗਿਆ ਸੀ। ਦੂਸਰੇ ਪਾਸੇ ਯੂ ਐੱਨ ਓ ਨੇ ਇਸ ਤਰ੍ਹਾਂ ਦਾ ਫੰਡ ਦੇਣ ਦੀ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ ਕੋਈ ਵੀ ਕਾਰੋਬਾਰ ਮਿਆਂਮਾਰ ਦੇ ਸੁਰੱਖਿਆ ਬਲਾਂ ਨਾਲ ਕਿਸੇ ਵੀ ਤਰ੍ਹਾਂ ਦੇ ਵਪਾਰਕ ਸਬੰਧ ਵਿੱਚ ਨਹੀਂ ਰਹਿਣਾ ਚਾਹੀਦਾ। ਇਸ ਖੁਲਾਸੇ ਨੇ ਵਾਤਾਵਰਣ ਮਾਹਰਾਂ ਨੂੰ ਵੀ ਉਕਸਾਇਆ ਹੈ ਜਿਨ੍ਹਾਂ ਨੇ ਅਡਾਨੀ ਦੀ ਕੋਲਾਖਾਣ ਦੇ ਖਿਲਾਫ ਮੁਹਿੰਮ ਆਰੰਭੀ ਹੈ। ਮਾਰਕੀਟ ਫੋਰਸਿਜ਼ ਦੇ ਪਾਬਲੋ ਬ੍ਰੇਟ ਨੇ ਕਿਹਾ, 'ਕੋਲੇ ਦੀ ਨਵੀਂ ਥਰਮਲ ਖਾਣ ਦੀ ਉਸਾਰੀ ਵਾਤਾਵਰਣ ਅਤੇ ਮੌਸਮ ਲਈ ਗੰਭੀਰ ਸੰਕਟ ਹੋ ਸਕਦੀ ਹੈ।' ਅਡਾਨੀ ਦੇ ਇੱਕ ਬੁਲਾਰੇ ਨੇ ਕਿਹਾ ਹੈ ਕਿ ਅਡਾਨੀ ਗਰੁੱਪ ਮਨੁੱਖੀ ਅਧਿਕਾਰ ਕੌਂਸਲ ਦੀ ਤੱਥ ਖੋਜ ਰਿਪੋਰਟ ਅਤੇ ਮਿਆਂਮਾਰ ਵਿੱਚ ਸਾਰੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਬਾਰੇ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈਂਦਾ ਹੈ।

# ਅਮਰੀਕੀ ਪਾਰਲੀਮੈਂਟ ਵੱਲੋਂ ਭਾਰਤ ਉੱਤੇ ਚੀਨੀ ਹਮਲੇ ਦੇ ਵਿਰੋਧ ਵਾਲਾ ਰੱਖਿਆ ਨੀਤੀ ਬਿੱਲ ਪਾਸ

ਵਾਸ਼ਿੰਗਟਨ, 17 ਦਸੰਬਰ (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਨੇ 740 ਅਰਬ ਡਾਲਰ ਦਾ ਰੱਖਿਆ ਨੀਤੀ ਬਿੱਲ ਅਧਿਕਾਰਤ ਤੌਰ 'ਤੇ ਪਾਸ ਕਰ ਦਿਤਾ ਹੈ, ਜਿਸ ਵਿੱਚ ਹੋਰ ਚੀਜ਼ਾਂ ਦੇ ਨਾਲ ਹੀ ਭਾਰਤ-ਚੀਨ ਵਿਚਾਲੇ ਅਸਲ ਕੰਟਰੋਲ ਲਾਈਨ (ਐਲ ਏ ਸੀ) ਉਤੇ ਭਾਰਤ ਵਿਰੁੱਧ ਚੀਨ ਦੇ ਹਮਲੇ ਦਾ ਵਿਰੋਧ ਕੀਤਾ ਗਿਆ ਹੈ।

ਇਸ ਸੰਬੰਧ ਵਿੱਚ ਅਮਰੀਕੀ ਪ੍ਰਤੀਨਿਧੀ ਸਭਾ ਅਤੇ ਸੈਨੇਟ ਨੇ ਕੱਲ੍ਹ ਕੌਮੀ ਰੱਖਿਆ ਆਥੈਂਟੀਸਿਟੀ ਕਾਨੂੰਨ (ਐਨ ਡੀ ਏ ਏ) ਪਾਸ ਕੀਤਾ। ਇਸ ਵਿੱਚ ਭਾਰਤੀ ਮੂਲ ਦੇ ਅਮਰੀਕੀ ਪਾਰਲੀਮੈਂਟਮੈਂਬਰ ਰਾਜਾ ਕ੍ਰਿਸ਼ਨਮੂਰਤੀ ਦੇ ਮਤੇ ਦੀ ਭਾਸ਼ਾ ਦੇ ਜ਼ਰੂਰੀ ਹਿੱਸਿਆਂ ਨੂੰ ਸ਼ਾਮਲ ਕੀਤਾ ਗਿਆ ਅਤੇ ਚੀਨ ਸਰਕਾਰ ਤੋਂ ਐਲ ਏ ਸੀ ਦੇ ਕੋਲ ਭਾਰਤ ਦੇ ਖਿਲਾਫ਼ ਫ਼ੌਜੀ ਹਮਲੇ ਨੂੰ ਖ਼ਤਮ ਕਰਨ ਦੀ ਅਪੀਲ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਭਾਰਤ ਅਤੇ ਚੀਨ



ਵਿਚਾਲੇ ਇਸ ਸਾਲ ਮਈ ਤੋਂ ਪੂਰਬੀ ਲੱਦਾਖ਼ 'ਚ ਅਸਲ ਕੰਟਰੋਲ ਲਾਈਨ ਕੋਲ ਫ਼ੌਜੀ ਰੇੜਕਾ ਬਣਿਆ ਹੋਇਆ ਹੈ। ਦੋਨਾਂ ਦੇਸ਼ਾਂ ਵਿਚਾਲੇ ਕਈ ਦੌਰ ਦੀ ਵਾਰਤਾ ਦੇ ਬਾਅਦ ਵੀ ਰੇੜਕੇ ਦੇ ਹੱਲ ਲਈ ਖ਼ਾਸ ਤਰੱਕੀ ਨਹੀਂ ਹੋਈ। ਦੋ-ਪੱਖੀ ਕਾਂਗਰਸ ਸੰਮੇਲਨ ਕਮੇਟੀ ਨੇ ਬਿੱਲ ਦੀ ਪ੍ਰਤੀਨਿਧੀ ਸਭਾ ਅਤੇ ਸੈਨੇਟ ਦੇ ਵਰਗਾਂ ਨੂੰ ਇਸ ਮਹੀਨੇ ਦੀ ਸ਼ੁਰੂਆਤ 'ਚ ਮਿਲਾ ਕੇ ਅੰਤਮ ਬਿੱਲ ਤਿਆਰ ਕੀਤਾ ਸੀ।

ਚੀਨੀ ਹਮਲੇ ਦੇ ਵਿਰੋਧ ਬਾਰੇ ਪ੍ਰਬੰਧਾਂ ਨੂੰ ਸ਼ਾਮਲ ਕੀਤਾ ਜਾਣਾ ਹਿੰਦ-ਪ੍ਰਸ਼ਾਂਤ ਖੇਤਰ ਅਤੇ ਹੋਰ ਖੇਤਰਾਂ 'ਚ ਭਾਰਤ ਵਰਗੇ ਸਹਿਯੋਗੀਆਂ ਲਈ ਅਮਰੀਕਾ ਦੇ ਮਜ਼ਬੂਤ ਸਮਰਥਨ ਨੂੰ ਪੇਸ਼ ਕਰਦਾ ਹੈ। ਕ੍ਰਿਸ਼ਨਮੂਰਤੀ ਦੇ ਮਤੇ ਨੂੰ ਦੋਵਾਂ ਸਦਨਾਂ 'ਚ ਬੇਮਿਸਾਲ ਦੋ-ਪੱਖੀ ਸਮਰਥਨ ਨਾਲ ਪਾਸ ਕੀਤਾ ਗਿਆ। ਜੇ ਰਾਸ਼ਟਰਪਤੀ ਡੋਨਾਲਡ ਟਰੰਪ ਇਸ 'ਤੇ ਦਸਤਖ਼ਤਕਰ ਦਿੰਦੇ ਹਨ ਤਾਂ ਇਹ ਕਾਨੂੰਨ ਬਣ ਜਾਵੇਗਾ। ਟਰੰਪ ਨੇ ਇਸ ਦੇ ਵਿਰੁੱਧਵੀਟੋ ਦੀ ਵਰਤੋਂ ਦੀ ਧਮਕੀ ਦਿੱਤੀ ਹੈ, ਕਿਉਂਕਿ ਇਸ 'ਚ ਸੋਸ਼ਲ ਮੀਡੀਆ ਕੰਪਨੀਆਂ ਲਈ ਕਾਨੂੰਨੀ ਸੁਰੱਖਿਆ ਰੱਦ ਕਰਨ ਦੀ ਗੱਲ ਨਹੀਂ ਕੀਤੀ ਗਈ। ਉਨ੍ਹਾਂ ਨੇ ਕਿਹਾ, ''ਐਨਡੀਏ ਵਿੱਚ ਮੇਰੇ ਮਤੇ ਦੀ ਭਾਸ਼ਾ ਸ਼ਾਮਲ ਕਰਕੇ ਅਤੇ ਇਸ ਬਿੱਲ 'ਤੇ ਦਸਤਖ਼ਤ ਦੇ ਬਾਅਦ ਕਾਨੂੰਨ 'ਚ ਤਬਦੀਲੀ ਕਰਕੇ ਅਮਰੀਕਾ ਸਰਕਾਰ ਸਪੱਸ਼ਟ ਸੰਦੇਸ਼ ਦੇਵੇਗੀ ਕਿ ਭਾਰਤ ਵਿਰੁੱਧ ਚੀਨੀ ਹਮਲੇ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।''

# ਸ਼ਾਰਲੀ ਹੈਬਦੋ ਕੇਸ ਵਿੱਚ 14 ਜਣੇ ਦੋਸ਼ੀ ਠਹਿਰਾਏ ਗਏ



ਪੈਰਿਸ, 17 ਦਸੰਬਰ (ਪੋਸਟ ਬਿਊਰੋ)- ਫਰਾਂਸ 'ਚ ਸ਼ਾਰਲੀ ਹੈਬਦੋ ਅਖਬਾਰ ਦੇ ਦਫਤਰ ਅਤੇ ਸੁਪਰ ਮਾਰਕੀਟ 'ਚ ਹੋਏ ਅੱਤਵਾਦੀ ਹਮਲਿਆਂਦੇ ਕੇਸਾਂ ਵਿੱਚ ਅਦਾਲਤ ਨੇ 14 ਲੋਕਾਂ ਨੂੰ ਅਪਰਾਧ ਵਿੱਚ ਸਹਿਯੋਗੀ ਹੋਣ ਦਾ ਦੋਸ਼ੀ ਠਹਿਰਾਇਆ ਹੈ। ਇਨ੍ਹਾਂ ਹਮਲਿਆਂ ਦੇ ਤਿੰਨ ਦੋਸ਼ੀ ਅਜੇ ਫਰਾਰ ਹਨ। ਇਹ ਅੱਤਵਾਦੀ ਹਮਲੇ ਸੱਤ ਜਨਵਰੀ 2015 ਵਿੱਚ ਹੋਏ ਸਨ ਤੇ ਇਨ੍ਹਾਂ ਵਿੱਚ ਕਈ ਪੱਤਰਕਾਰਾਂ ਸਮੇਤ 17 ਲੋਕ ਮਾਰੇ ਗਏ ਸਨ।

ਇਸ ਅਖਬਾਰ ਵੱਲੋਂ ਪੈਗੰਬਰ ਮੁਹੰਮਦ ਦਾ ਕਾਰਟੂਨ ਛਾਪੇ ਜਾਣ ਤੋਂ ਭੜਕੇ ਭਰਾਵਾਂ ਸੈਦ ਅਤੇ ਸ਼ੈਰਿਫ ਕਾਊਚੀ ਨੇ ਪੈਰਿਸ ਵਿੱਚਲੇ ਸ਼ਾਰਲੀ ਹੈਬਦੋ ਦੇ ਦਫਤਰ ਵਿੱਚ ਵੜ ਕੇ ਗੋਲੀਆਂ ਵਰ੍ਹਾਈਆਂ ਸਨ। ਤੀਜੇ ਹਮਲਾਵਰ ਅਮੇਦੀ ਕੌਲੀਬਾਲੀ ਨੇ ਇੱਕ ਮਹਿਲਾ ਪੁਲਸ ਮੁਲਾਜ਼ਮ ਦੀ ਹੱਤਿਆ ਕੀਤੀ ਤੇ ਕੋਸ਼ਰ ਸੁਪਰ ਮਾਰਕੀਟ ਵਿੱਚ ਵੜ ਕੇ ਚਾਰ ਯਹੂਦੀਆਂ ਨੂੰ ਬੰਧਕ ਬਣਾ ਕੇ ਉਨ੍ਹਾਂ ਨੂੰ ਮਾਰ ਦਿੱਤਾ ਸੀ। ਬਾਅਦ ਵਿੱਚ ਸੈਦ, ਕਾਊਚੀ ਤੇ ਕੌਲੀਬਾਲੀ ਪੁਲਸ ਕਾਰਵਾਈ ਵਿੱਚ ਮਾਰੇ ਗਏ। ਜਿਨ੍ਹਾਂ 14 ਲੋਕਾਂ ਨੂੰ ਦੋਸ਼ੀ ਮੰਨਿਆ ਗਿਆ ਹੈ, ਉਨ੍ਹਾਂ 'ਚ ਕੌਲੀਬਾਲੀ ਦੀ ਪਤਨੀਹਯਾਤ ਬੌਮੇਦੀਨ (32) ਸ਼ਾਮਲ ਹੈ। ਉਹ ਫਰਾਰ ਹੈ, ਪਰ ਸੁਰੱਖਿਆ ਏਜੰਸੀਆਂ ਦਾ ਮੰਨਣਾ ਹੈ ਕਿ ਅਜੇ ਜ਼ਿੰਦਾ ਹੈ। ਉਸ ਖਿਲਾਫ ਇੰਟਰਨੈਸ਼ਨਲ ਵਾਰੰਟ ਜਾਰੀ ਹੋ ਚੁੱਕਾ ਹੈ। ਜਾਂਚ ਅਧਿਕਾਰੀਆਂ ਨੇ ਉਸ ਨੂੰ ਇਸਲਾਮਕ ਸਟੇਟ ਪ੍ਰਿੰਸੇਸ ਦਾ ਨਾਂਅ ਦਿੱਤਾ ਹੈ। ਜੱਜ ਨੇ ਬੌਮੇਦੀਨ ਨੂੰ ਅੱਤਵਾਦੀਆਂ ਦੀ ਮਦਦ ਕਰਨ ਅਤੇ ਅਪਰਾਧਕ ਕਾਰੇ ਵਿੱਚ ਮਦਦ ਦਾ ਦੋਸ਼ੀ ਮੰਨਦੇ ਹੋਏ ਤੀਹ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।

# ਕੋਰੋਨਾ ਨਾਲ ਮਰੇ ਮੁਸਲਮਾਨਾਂ ਨੂੰ ਦਫਨਾਉਣ ਦੀ ਬਜਾਏ ਸਸਕਾਰ ਕਰਨ 'ਤੇ ਵਿਵਾਦ ਛਿੜਿਆ

ਕੋਲੰਬੋ, 17 ਦਸੰਬਰ (ਪੋਸਟ ਬਿਊਰੋ)- ਦੁਨੀਆ ਵਿੱਚ ਲੋਕਾਂ ਦੀ ਜ਼ਿੰਦਗੀ ਲਈ ਸਭ ਤੋਂ ਵੱਡੀ ਮੁਸੀਬਤ ਬਣਿਆ ਕੋਰੋਨਾ ਵਾਇਰਸ ਮੌਤ ਦੇ ਬਾਅਦ ਵੀ ਵਿਵਾਦ ਦਾ ਕਾਰਨ ਬਣ ਰਿਹਾ ਹੈ।

ਸ਼੍ਰੀਲੰਕਾ ਵਿੱਚ ਕੋਰੋਨਾ ਨਾਲ ਮਰਨ ਵਾਲੇ ਸਾਰੇ ਧਰਮਾ ਦੇ ਲੋਕ, ਚਾਹੇ ਉਹ ਹਿੰਦੂ ਹੋਣ, ਬੋਧੀ ਹੋਣ, ਮੁਸਲਿਮ ਹੋਣ ਜਾਂ ਇਸਾਈ ਹੋਣ, ਸਭ ਦੇ ਸਸਕਾਰ ਕਰਨ ਦਾ ਸਰਕਾਰੀ ਆਦੇਸ਼ ਦਿੱਤਾ ਗਿਆ ਹੈ। ਇਸ ਆਦੇਸ਼ ਦਾ ਵਿਰੋਧ ਮੁਸਲਿਮ ਭਾਈਚਾਰੇ ਦੇ ਲੋਕ ਕਰ ਰਹੇ ਹਨ, ਕਿਉਂਕਿ ਇਸਲਾਮ ਵਿੱਚ ਲਾਸ਼ਾਂ ਨੂੰ ਦਫਨਾਇਆ ਜਾਂਦਾ ਹੈ। ਕੋਰੋਨਾ ਨਾਲ ਮਰਨ ਵਾਲੇ ਲੱਗਭਗ 15 ਮੁਸਲਮਾਨਾਂ ਦਾ ਸ਼੍ਰੀਲੰਕਾ ਵਿੱਚ ਦਾਹ ਸੰਸਕਾਰ ਹੋ ਚੁੱਕਾ ਹੈ। ਪਰਵਾਰਾਂ ਦਾ ਦੋਸ਼ ਹੈ ਸਰਕਾਰ ਨੇ ਬਿਨਾਂ ਉਨ੍ਹਾਂ ਦੀ ਮਰਜ਼ੀ ਦੇ ਇਹ ਕੰਮ ਕੀਤਾ ਹੈ। ਮ੍ਰਿਤਕਾਂ ਵਿੱਚ ਇੱਕ 20 ਦਿਨ ਦਾ ਬੱਚਾ ਸੀ, ਜਿਸਦੀ ਤਸਵੀਰ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਦਾ ਚਿਹਰਾ ਬਣ ਚੁੱਕੀ ਹੈ।ਇਸ ਸਾਲ ਅਪ੍ਰੈਲ ਸ਼੍ਰੀਲੰਕਾ ਵਿੱਚ ਕੋਰੋਨਾ ਮਹਾਮਾਰੀ ਫੈਲੀ ਤਾਂ ਬੋਧੀ ਭਿਖਸ਼ੂਆਂ ਨੇ ਮੁਹਿੰਮ ਚਲਾਈ





ਸੀ ਕਿ ਕਰੋਨਾ ਨਾਲ ਮਰੇ ਵਿਅਕਤੀ ਦਾ ਸਿਰਫ਼ ਸੰਸਕਾਰ ਹੋਣਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲਾਸ਼ ਨੂੰ ਦਫਨਾਉਣ 'ਤੇ ਜ਼ਮੀਨ ਦੇ ਅੰਦਰ ਪਾਣੀ ਵਾਇਰਸ ਵਾਲਾ ਹੋ ਸਕਦਾ ਹੈ ਅਤੇ ਉਸ ਨਾਲ ਵਾਇਰਸ ਹੋਰ ਜ਼ਿਆਦਾ ਫੈਲ ਸਕਦਾ ਹੈ।ਇਸ ਤੋਂ ਪਹਿਲਾਂ ਕੋਰੋਨਾ ਨਾਲ ਮਰਨ ਵਾਲਿਆਂ ਲਈ ਤੈਅ ਕੀਤੇ ਨਿਯਮਾਂ ਨੂੰ ਘੱਟਗਿਣਤੀ ਸੰਗਠਨਾਂ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਕੁੱਲ 12 ਅਰਜ਼ੀਆਂ ਦਾਇਰ ਕੀਤੀਆਂ ਗਈਆਂ ਸਨ ਜਿਨ੍ਹਾਂ ਨੂੰ ਸ਼੍ਰੀਲੰਕਾ ਦੀ ਸੁਪਰੀਮ ਕੋਰਟ ਨੇ ਬਿਨਾਂ ਕੋਈ ਕਾਰਨ ਦੱਸੇ ਰੱਦ ਕਰ ਦਿੱਤਾ ਸੀ।

# ਖੰਡ ਐਕਸਪੋਰਟ ਲਈ 3500 ਕਰੋੜ ਦੀ ਸਬਸਿਡੀ ਨੂੰ ਪ੍ਰਵਾਨਗੀ

ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਗੰਨਾ ਉਤਪਾਦਕ ਕਿਸਾਨਾਂ ਦੀ ਬਕਾਇਆ ਰਾਸ਼ੀ ਦੀ ਅਦਾਇਗੀ 'ਚ ਮਦਦ ਕਰਨ ਦੇ ਯਤਨਾਂ ਤਹਿਤ ਸਰਕਾਰ ਨੇ ਜਾਰੀ ਖ਼ਰੀਦੋ-ਫਰੋਖ਼ਤ (ਮਾਰਕੀਟਿੰਗ) ਵਰ੍ਹੇ 2020-21 ਵਿੱਚ 60 ਲੱਖ ਟਨ ਖੰਡ ਦਾ ਐਕਸਪੋਰਟ ਕਰਨ ਲਈ ਖੰਡ ਮਿੱਲਾਂ ਨੂੰ 3500 ਕਰੋੜ ਰੁਪਏ ਦੀ ਸਬਸਿਡੀ ਨੂੰ ਪ੍ਰਵਾਨਗੀ ਦਿੱਤੀ ਹੈ।

ਕੱਲ੍ਹ ਕੈਬਨਿਟ ਮੀਟਿੰਗ ਤੋਂ ਬਾਅਦ ਸੂਚਨਾ ਅਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ (ਸੀ ਸੀ ਈ ਏ) ਨੇ 60 ਲੱਖ ਟਨ ਖੰਡ ਦੇ ਐਕਸਪੋਰਟਲਈ 3500 ਕਰੋੜ ਰੁਪਏ ਸਬਸਿਡੀ ਨੂੰ ਮਨਜ਼ੂਰੀ ਦਿੱਤੀ ਹੈ ਅਤੇ ਇਹ ਸਬਸਿਡੀ ਰਾਸ਼ੀ ਸਿੱਧੀ ਕਿਸਾਨਾਂ ਨੂੰ ਦਿੱਤੀ ਜਾਵੇਗੀ। ਅਨੁਕੂਲ ਕੌਮਾਂਤਰੀ ਕੀਮਤਾਂ ਨੂੰ ਧਿਆਨ 'ਚ ਰੱਖਦਿਆਂ ਸੀ ਸੀ ਈ ਏ ਨੇ ਮੌਜੂਦਾ ਸਾਲ ਲਈ ਸਬਸਿਡੀ 6 ਰੁਪਏ ਪ੍ਰਤੀ ਕਿੱਲੋ ਦੀ ਦਰ ਨਾਲ ਮਨਜ਼ੂਰੀ ਦਿੱਤੀ ਹੈ, ਜੋ 2019-20 ਦੇ ਵਿੱਤੀ ਵਰ੍ਹੇ ਦੇ 10.50 ਰੁਪਏ ਪ੍ਰਤੀ ਕਿੱਲੋ ਤੋਂ ਬਹੁਤ ਘੱਟ ਹੈ। ਜਾਵੜੇਕਰ ਨੇ ਕਿਹਾ ਕਿ ਬੀਤੇ ਦੋ-ਤਿੰਨ ਸਾਲਾਂ 'ਚ ਘਰੇਲੂ ਉਤਪਾਦਨ ਵੱਧ ਹੋਣ ਕਰਕੇ ਖੰਡ ਉਦਯੋਗ ਤੇ ਗੰਨਾ ਉਤਪਾਦਕ ਕਿਸਾਨ ਦੋਵੇਂ ਸੰਕਟ 'ਚ ਹਨ। ਇਸ ਸਾਲ ਉਤਪਾਦਨ 310 ਲੱਖ ਟਨ ਹੋਣ ਦੀ ਸੰਭਾਵਨਾ ਹੈ, ਜਦਕਿ ਸਾਲਾਨਾ ਮੰਗ 260 ਲੱਖ ਟਨ ਹੈ। ਜਾਵੜੇਕਰ ਨੇ ਕਿਹਾ ਕਿ ਇਹ ਫ਼ੈਸਲਾ 5 ਕਰੋੜ ਕਿਸਾਨਾਂ ਅਤੇ ਖੰਡ ਮਿੱਲਾਂ 'ਚ ਕੰਮ ਕਰਨ ਵਾਲੇ ਮੁਲਾਜ਼ਮਾਂ ਤੇ ਸਬੰਧਤ ਸਹਾਇਕ ਕੰਮਾਂ 'ਚ ਲੱਗੇ 5 ਲੱਖ ਕਾਮਿਆਂ ਨੂੰ ਲਾਭ ਪਹੁੰਚਾਏਗਾ। ਖੰਡ ਮਿੱਲਾਂ ਐਕਸਪੋਰਟਤੋਂ 18 ਹਜ਼ਾਰ ਕਰੋੜ ਰੁਪਏ ਦੀ ਕਮਾਈ ਕਰ ਸਕਣਗੀਆਂ। ਸਰਕਾਰ ਨੇ 2019-20 ਦੇ ਖ਼ਰੀਦੋ-ਫਰੋਖ਼ਤ (ਮਾਰਕੀਟਿੰਗ) ਵਰ੍ਹੇ ਦੌਰਾਨ ਉਕਾ-ਪੁੱਕਾ 10,448 ਰੁਪਏ ਪ੍ਰਤੀ ਟਨ ਦੀ ਐਕਸਪੋਰਟਦੀ ਸਬਸਿਡੀ ਦਿੱਤੀ ਸੀ, ਇਸ ਨਾਲ ਸਰਕਾਰੀ ਖਜ਼ਾਨੇ 'ਤੇ 6268 ਕਰੋੜ ਰੁਪਏ ਦਾ ਬੋਝ ਪਿਆ ਸੀ। ਅਧਿਕਾਰਕ ਅੰਕੜਿਆਂ ਅਨੁਸਾਰ ਖੰਡ ਮਿੱਲਾਂ ਨੇ 2019-20 ਦੇ ਮਾਰਕੀਟਿੰਗ ਵਰ੍ਹੇ 'ਚ 60 ਲੱਖ ਟਨ ਨਿਰਧਾਰਤ ਕੋਟੇ ਦੀ ਤੁਲਨਾ 'ਚ 57 ਲੱਖ ਟਨ ਖੰਡ ਦਾ ਐਕਸਪੋਰਟ ਕੀਤਾ ਸੀ।

# ਸਿਧਾਰਥ ਚੈਟਰਜੀ ਚੀਨ 'ਚ ਯੂ ਐੱਨ ਦੇ ਰੈਜ਼ੀਡੈਂਟ ਕੋਆਰਡੀਨੇਟਰ ਬਣੇ



ਯੂ ਐੱਨ ਓ, 17 ਦਸੰਬਰ (ਪੋਸਟ ਬਿਊਰੋ)- ਯੂ ਐੱਨ ਦੇ ਜਨਰਲ ਸਕੱਤਰ ਐਂਟੋਨੀਓ ਗੁਟਾਰੇਸ ਨੇ ਕੱਲ੍ਹਯੂ ਐੱਨਦੇ ਸੀਨੀਅਰ ਅਧਿਕਾਰੀ ਸਿਧਾਰਥ ਚੈਟਰਜੀ ਨੂੰ ਚੀਨ 'ਚ ਕੌਮਾਂਤਰੀ ਸੰਸਥਾ ਦਾ ਰੈਜ਼ੀਡੈਂਟ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਰੈਜ਼ੀਡੈਂਟ ਕੋਆਰਡੀਨੇਟਰ ਦੇਸ਼ ਪੱਧਰ 'ਤੇ ਵਿਕਾਸ ਲਈ ਯੂ ਐੱਨ ਜਨਰਲ ਸਕੱਤਰ ਦੇ ਪ੍ਰਤੀਨਿਧੀ ਹੁੰਦੇ ਹਨ ਤੇ ਉਹ ਸਥਿਰ ਵਿਕਾਸ ਟੀਚੇ ਦੇ ਜ਼ਰੀਏ ਕੋਵਿਡ-19 ਮਹਾਂਮਾਰੀ ਨਾਲ ਬਿਹਤਰ ਤਰੀਕੇ ਨਾਲ ਨਿਪਟਣ ਲਈ ਦੇਸ਼ਾਂ ਦੀ ਮਦਦ ਦੇ ਸਬੰਧ 'ਚ ਯੂ ਐੱਨ ਓਦੀ ਟੀਮ ਦੀ ਅਗਵਾਈ ਕਰਦੇ ਹਨ।

ਗੁਟਾਰੇਸ ਨੇ ਚੀਨ ਸਰਕਾਰ ਦੀ ਮਨਜ਼ੂਰੀ ਦੇ ਬਾਅਦ ਚੈਟਰਜੀ ਨੂੰ ਉਥੋਂ ਦਾ ਰੈਜ਼ੀਡੈਂਟ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਜਨਰਲ ਸਕੱਤਰ ਦੇ ਬੁਲਾਰੇ ਸਟੀਫਨ ਦੁਜਾਨਿਕ ਨੇ ਦੱਸਿਆ ਕਿ ਇਹ ਨਿਯੁਕਤੀ ਸੰਬੰਧਤ ਦੇਸ਼ ਦੀ ਮਨਜ਼ੂਰੀ ਦੇ ਬਾਅਦ ਕੀਤੀ ਜਾਂਦੀ ਹੈ। ਚੈਟਰਜੀ ਅਗਲੇ ਸਾਲ ਜਨਵਰੀ ਦੇ ਅੱਧ ਵਿੱਚ ਅਹੁਦਾ ਸੰਭਾਲਣਗੇ। ਯੂ ਐੱਨ ਨੇ ਕਿਹਾ ਕਿ ਚੈਟਰਜੀ ਕੋਲ ਅੰਤਰਰਾਸ਼ਟਰੀ ਸਹਿਯੋਗ, ਸਥਿਰ ਵਿਕਾਸ, ਮਨੁੱਖੀ ਮਦਦ ਅਤੇ ਸ਼ਾਂਤੀ ਸੁਰੱਖਿਆ ਦੇ ਖੇਤਰ 'ਚ ਕੰਮ ਕਰਨ ਦਾ 25 ਸਾਲ ਤੋਂ ਜ਼ਿਆਦਾ ਦਾ ਤਜ਼ਰਬਾ ਹੈ।

# ਰੂਸ ਤੋਂ ਐਸ-400 ਮਿਜ਼ਾਈਲ ਸਿਸਟਮ ਲੈਣ ਕਾਰਨ ਅਮਰੀਕਾ ਨੇ ਤੁਰਕੀ 'ਤੇ ਪਾਬੰਦੀਆਂ ਲਾਈਆਂ

ਵਾਸ਼ਿੰਗਟਨ, 17 ਦਸੰਬਰ (ਪੋਸਟ ਬਿਊਰੋ)- ਅਮਰੀਕਾ ਨੇ ਰੂਸ ਤੋਂ ਐਸ-400 ਮਿਜ਼ਾਈਲ ਸਿਸਟਮ ਖਰੀਦਣ ਕਾਰਨ ਤੁਰਕੀ 'ਤੇ ਕਈ ਨਵੀਆਂ ਪਾਬੰਦੀਆਂ ਲਾ ਦਿੱਤੀਆਂ ਹਨ। ਐਸ-400 ਹਵਾ 'ਚ ਮਾਰ ਕਰਨ ਵਾਲਾ ਮਿਜ਼ਾਈਲ ਸਿਸਟਮ ਹੈ। ਇਨ੍ਹਾਂ ਪਾਬੰਦੀਆਂ 'ਚ ਮੁੱਖ ਤੌਰ ਉੱਤੇ ਤੁਰਕੀ ਦੀ ਰੱਖਿਆ ਖਰੀਦ ਏਜੰਸੀ 'ਪ੍ਰੈਜੀਡੈਂਸੀ ਆਫ ਡਿਫੈਂਸ' ਨੂੰ ਨਿਸ਼ਾਨਾ ਬਣਾਇਆ ਹੈ। ਇਸ ਸੰਸਥਾ ਦੇ ਕਈ ਅਧਿਕਾਰੀਆਂ 'ਤੇ ਪਾਬੰਦੀ ਲਗਾਈ ਗਈ ਹੈ।

ਇਨ੍ਹਾਂ ਪਾਬੰਦੀਆਂ ਦਾ ਐਲਾਨ ਕਰਦੇ ਹੋਏ ਅਮਰੀਕਾ ਨੇ ਤੁਰਕੀ ਨੂੰ ਕਿਹਾ ਹੈ ਕਿ ਉਹ ਸਾਡੇ ਨਾਲ ਤੁਰੰਤ ਤਾਲਮੇਲ ਕਰ ਕੇ ਇਸ ਕੇਸ ਨੂੰ ਸਲਝਾਉਣ ਦੀ ਕੋਸ਼ਿਸ਼ ਕਰੇ। ਅਮਰੀਕਾ ਨੇ ਐਸ ਐਸ ਬੀ ਦੇ ਪ੍ਰਧਾਨ ਇਸਮਾਈਲ ਦਿਮੀਰ,



ਉਪ ਪ੍ਰਧਾਨ ਫਾਰੂਕ ਯਿਗਿਤ ਸਮੇਤ ਕਈ ਅਧਿਕਾਰੀਆਂ 'ਤੇ ਵੀਜ਼ਾ ਪਾਬੰਦੀ ਸਮੇਤ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਹਨ। ਅਮਰੀਕੀ ਵਿਦੇਸ਼ ਵਿਭਾਗ ਨੇ ਬਿਆਨ ਜਾਰੀ ਕਰ ਕੇ ਵੱਖ-ਵੱਖ ਧਾਰਾਵਾਂ ਹੇਠ ਪਾਬੰਦੀਆਂ ਦਾ ਐਲਾਨ ਕੀਤਾ। ਇਨ੍ਹਾਂ ਪਾਬੰਦੀਆਂ ਦੇ ਐਲਾਨ ਤੋਂ ਬਾਅਦ ਅਮਰੀਕੀ ਵਿਦੇਸ਼ ਮੰਤਰੀ ਮਾਈਕਸ ਪੋਂਪੀਓ ਨੇ ਕਿਹਾ ਕਿ ਕੱਲ੍ਹ ਦਾ ਐਕਸ਼ਨ ਸਾਫ ਸੰਦੇਸ਼ ਦਿੰਦਾ ਹੈ ਕਿ ਅਮਰੀਕਾ ਦੇ ਸਹਿਯੋਗੀ ਪੂਰੀ ਤਰ੍ਹਾਂ ਸੈਕਸ਼ਨ 231 ਦੀ ਪਾਲਣਾ ਕਰਨਗੇ। ਤੁਰਕੀ ਇੱਕ ਮੁੱਲਵਾਨ ਸਹਿਯੋਗੀ ਹੈ ਅਤੇ ਉਸ ਨੂੰ ਸਮੱਸਿਆ ਦਾ ਹੱਲ ਜਲਦੀ ਕਰ ਲੈਣਾ ਚਾਹੀਦਾ ਹੈ।

# ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਵਿਰੁੱਧ ਅਮਰੀਕਾ 'ਚ ਦਰਜ 10 ਕਰੋੜ ਡਾਲਰ ਦਾ ਕੇਸ ਰੱਦ

ਵਾਸ਼ਿੰਗਟਨ, 17 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੀ ਇੱਕ ਅਦਾਲਤ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਦਰਜ ਕਰਾਏ ਗਏ 10 ਕਰੋੜ ਡਾਲਰ ਦੇ ਇੱਕ ਕੇਸ ਨੂੰ ਰੱਦ ਕਰ ਦਿਤਾ ਹੈ, ਜੋ ਇੱਕ ਵੱਖਵਾਦੀ ਕਸ਼ਮੀਰ-ਖਾਲਿਸਤਾਨ ਗੁੱਟ ਅਤੇ ਦੋ ਹੋਰਨਾਂ ਨੇ ਦਰਜ ਕਰਾਇਆ ਸੀ। ਪਟੀਸ਼ਨਰ ਸੁਣਵਾਈ ਦੀਆਂ ਦੋ ਤਰੀਕਾਂ 'ਤੇ ਪੇਸ਼ ਨਹੀਂ ਹੋ ਸਕੇ, ਜਿਸ ਦੇ ਬਾਅਦ ਮਾਮਲਾ ਖ਼ਾਰਜ ਕਰ ਦਿੱਤਾ ਗਿਆ।

ਟੈਕਸਾਸ ਦੇ ਹਿਊਸਟਨ ਵਿੱਚ 19 ਸਤੰਬਰ 2019 ਨੂੰ ਹੋਏ 'ਹਾਊਡੀ ਮੋਦੀ' ਪ੍ਰੋਗਰਾਮ ਦੇ ਬਾਅਦ ਇਹ ਮੁਕੱਦਮਾ ਦਰਜ ਕਰਾਇਆ ਗਿਆ



ਸੀ। ਇਸ ਪਟੀਸ਼ਨ ਵਿੱਚ ਭਾਰਤ ਦੀ ਪਾਰਲੀਮੈਂਟ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ ਦੇ ਤਹਿਤ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਰਾਜ ਦਾ ਦਰਜਾ ਖ਼ਤਮ ਕੀਤਾ ਗਿਆ ਸੀ। ਪਟੀਸ਼ਨਰਾ ਨੇ ਨਰਿੰਦਰ ਮੋਦੀ, ਅਮਿਤ ਸ਼ਾਹ ਤੇ ਲੈਫ਼ਟੀਨੈਂਟ ਜਨਰਲ ਕੰਵਲਜੀਤ ਸਿੰਘ ਢਿੱਲੋਂ ਤੋਂ ਮੁਆਵਜ਼ੇ ਵਜੋਂ 10 ਕਰੋੜ ਡਾਲਰ ਦੀ ਮੰਗ ਕੀਤੀ ਸੀ। ਢਿੱਲੋਂ ਇਸ ਸਮੇਂ ਡਿਫੈਂਸ ਜਨਰਲ ਹਨ ਤੇ ਚੀਫ ਆਫ਼ ਡਿਫੈਂਸ ਸਟਾਫ਼ (ਸੀ ਡੀ ਐਸ) ਦੇ ਅਧੀਨ 'ਇੰਟੀਗ੍ਰੇਟਡ ਡਿਫੈਂਸ ਸਟਾਫ਼' ਦੇ ਡਿਪਟੀ ਚੀਫ਼ ਹਨ।ਅਮਰੀਕਾ ਦੀ ਦੱਖਣੀ ਟੈਕਸਸ ਜ਼ਿਲ੍ਹਾ ਅਦਾਲਤ ਦੇ ਜੱਜ ਫ੍ਰਾਂਸਿਸ ਐਚ ਸਟੇਸੀ ਨੇ 6 ਅਕਤੂਬਰ ਨੂੰ ਦਿੱਤੇ ਆਪਣੇ ਆਦੇਸ਼ ਵਿੱਚ ਕਿਹਾ ਕਿ 'ਕਸ਼ਮੀਰ ਖ਼ਾਲਿਸਤਾਨ ਰੈਫਰੈਂਡਮ ਫ਼ਰੰਟ' ਨੇ ਇਸ ਮਾਮਲੇ ਨੂੰ ਅੱਗੇ ਵਧਾਉਣ ਲਈ ਕੁਝ ਨਹੀਂ ਕੀਤਾ ਤੇ ਸੁਣਵਾਈ ਲਈ ਦੋ ਵਾਰ ਤੈਅ ਤਾਰੀਖ਼ 'ਤੇ ਵੀ ਪੇਸ਼ ਨਹੀਂ ਹੋਏ। ਇਸ ਦੇ ਨਾਲ ਜੱਜ ਨੇ ਕੇਸ ਰੱਦ ਕਰ ਦਿੱਤਾ। ਟੈਕਸਾਸ ਜ਼ਿਲ੍ਹਾ ਅਦਾਲਤ ਵਿੱਚ ਜੱਜ ਐਂਡਰਿਊ ਹਨੇਨ ਨੇ 22 ਅਕਤੂਬਰ ਨੂੰ ਕੇਸ ਖ਼ਤਮ ਕਰ ਦਿੱਤਾ। 'ਕਸ਼ਮੀਰ ਖ਼ਾਲਿਸਤਾਨ ਰੈਫਰੈਂਡਮ ਫ਼ਰੰਟ' ਦੇ ਇਲਾਵਾ ਦੋ ਹੋਰ ਪਟੀਸ਼ਨਕਰਤਾਵਾਂ ਦੀ ਪਛਾਣ ਨਹੀਂ ਹੋ ਸਕੀ।

# ਇਲੈਕਟਰੋਲ ਕਾਲਜ ਵੱਲੋਂ ਜੋਅ ਬਾਈਡਨ ਦੀ ਰਾਸ਼ਟਰਪਤੀ ਵਜੋਂ ਚੋਣ ਦੀ ਪੁਸ਼ਟੀ

ਸਿਆਟਲ, 17 ਦਸੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਜਿੱਤ ਚੁੱਕੇ ਡੈਮੋਕ੍ਰੇਟਕ ਪਾਰਟੀ ਦੇ ਉਮੀਦਵਾਰ ਜੋਅ ਬਾਈਡਨ ਦੇ 20 ਜਨਵਰੀ ਨੂੰ ਨਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਦੇ ਸਭ ਰਸਤੇ ਸਾਫ਼ ਹੋ ਗਏ ਹਨ। ਕੱਲ੍ਹ ਇਲੈਕਟਰੋਲ ਕਾਲਜ ਨੇ ਜੋਅ ਬਾਈਡਨ ਨੂੰ ਸਪੱਸ਼ਟ ਬਹੁਮਤ ਦੇ ਦਿੱਤਾ ਹੈ।

ਨਵੰਬਰ ਵਿੱਚ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਬਾਈਡਨ ਦੀ ਜਿੱਤ ਦੀ ਪੁਸ਼ਟੀ ਕੀਤੀ ਜਾਣ ਦੇ ਬਾਅਦ ਜੋਅ ਬਾਈਡਨ ਅਗਲੇ ਅਮਰੀਕੀ ਰਾਸ਼ਟਰਪਤੀ ਹੋਣਗੇ ਅਤੇ 20 ਜਨਵਰੀ ਨੂੰ ਇਸ ਦਾ ਸਹੁੰ ਚੁੱਕ ਸਮਾਗਮ ਵਾਈਟ ਹਾਊਸ ਵਿੱਚ ਹੋਵੇਗਾ। ਜੋਅ ਬਾਈਡਨ ਅਤੇ ਭਾਰਤੀ ਮੂਲ ਦੀ ਕਮਲਾ ਹੈਰਿਸ ਨੇ ਉਪ ਰਾਸ਼ਟਰਪਤੀ ਵਜੋਂ 270 ਦਾ ਅੰਕੜਾ ਪਾਰ ਕਰ ਲਿਆ ਹੈ। ਬਾਈਡਨ ਨੂੰ 270 ਦਾ ਅੰਕੜਾ ਦਿਵਾਉਣ ਵਿੱਚ ਕੈਲੀਫੋਰਨੀਆਂ ਦੀਆਂ 55 ਚੋਣ ਵੋਟਾਂ ਦਾ ਯੋਗਦਾਨ ਅਹਿਮ ਰਿਹਾ। ਜੋਅ ਬਾਈਡਨ ਨੇ ਕਿਹਾ ਕਿ ਅਮਰੀਕਾ ਵਿੱਚ ਲੋਕਤੰਤਰ ਕਾਇਮ ਹੈ, ਇਸ




ਦੇਸ਼ ਵਿੱਚ ਲੋਕਤੰਤਰ ਦੀ ਲਾਟ ਬਹੁਤ ਸਮਾਂ ਪਹਿਲਾਂ ਪ੍ਰਕਾਸ਼ ਵਿੱਚ ਆਈ ਸੀ, ਜੋ ਅੱਜ ਤੱਕ ਚੱਲਦੀ ਆ ਰਹੀ ਹੈ। ਕੋਰੋਨਾ ਮਹਾਂਮਾਰੀ ਜਾਂ ਸ਼ਕਤੀ ਦੀ ਦੁਰਵਰਤੋਂ ਵੀ ਇਸ ਬਦਲੀ ਦੀ ਲਾਟ ਨੂੰ ਬੁਝਾ ਨਹੀਂ ਸਕੀ।

6 ਜਨਵਰੀ ਨੂੰ ਕਾਂਗਰਸ ਦੇ ਸਾਂਝੇ ਇਜਲਾਸ ਵਿੱਚ ਇਸਦੀ ਪੁਸ਼ਟੀ ਹੋਵੇਗੀ, ਜਿਸ ਦੀ ਪ੍ਰਧਾਨਗੀ ਅਮਰੀਕਾ ਦੇ ਉਪ-ਰਾਸ਼ਟਰਪਤੀ ਮਾਈਕ ਪੈਂਸ ਕਰਨਗੇ। 20 ਜਨਵਰੀ ਨੂੰ ਸਹੁੰ ਚੁੱਕ ਸਮਾਗਮ ਹੋਵੇਗਾ, ਜਿਸ ਵਿੱਚ ਦੁਨੀਆ ਭਰ ਦੇ ਖ਼ਾਸ ਮਹਿਮਾਨ ਸ਼ਾਮਲ ਹੋਣਗੇ। ਰਾਸ਼ਟਰਪਤੀ ਡੋਨਾਲਡ ਟਰੰਪ ਚੋਣਾਂ ਦੀ ਯੋਗਤਾ 'ਤੇ ਅਜੇ ਵੀ ਸਵਾਲ ਉਠਾ ਰਹੇ ਹਨ।

# ਭਾਰਤ ਦੇ ਗਣਤੰਤਰ ਦਿਵਸ ਸਮਾਗਮ ਵਿੱਚ ਮੁੱਖ ਮਹਿਮਾਨ ਹੋਣਗੇ ਬੌਰਿਸ ਜੌਹਨਸਨ

ਲੰਡਨ, 17 ਦਸੰਬਰ (ਪੋਸਟ ਬਿਊਰੋ)- 26 ਜਨਵਰੀ, 2021 ਨੂੰ ਭਾਰਤ ਦੇ ਗਣਤੰਤਰ ਦਿਵਸ ਸਮਾਗਮ ਵਿੱਚ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਇਸ ਬਾਰੇ ਭਾਰਤ ਦੇ ਸੱਦੇ ਨੂੰ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਸਵੀਕਾਰ ਕਰ ਲਿਆ ਹੈ।

ਇਸ ਦੀ ਪੁਸ਼ਟੀ ਕਰਦਿਆਂ ਬ੍ਰਿਟੇਨ ਦੇ ਵਿਦੇਸ਼ ਮੰਤਰੀ ਡੋਮਿਨਿਕ ਰਾਬ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਭਾਰਤ ਦੇ ਗਣਤੰਤਰ



ਦਿਵਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ। ਵਿਦੇਸ਼ ਮੰਤਰੀ ਨੇ ਇਸ ਨੂੰ ਇੱਕ 'ਮਹਾਨ ਸਨਮਾਨ' ਕਰਾਰ ਦਿੱਤਾ ਹੈ। ਪਿਛਲੇ ਸਾਲ ਅਹੁਦਾ ਸੰਭਾਲਣ ਤੋਂ ਬਾਅਦ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦੀ ਇਹ ਪਹਿਲੀ ਭਾਰਤ ਯਾਤਰਾ ਹੋਵੇਗੀ। ਇਸ ਤੋਂ ਪਹਿਲਾਂ 1993 ਵਿੱਚ ਸਾਬਕਾ ਪ੍ਰਧਾਨ ਮੰਤਰੀ ਜੌਹਨ ਮੇਜਰ ਤੋਂ ਬਾਅਦ ਨਵੀਂ ਦਿੱਲੀ ਵਿੱਚ ਗਣਤੰਤਰ ਦਿਵਸ ਪਰੇਡ 'ਚ ਸ਼ਿਰਕਤ ਕਰਨ ਵਾਲੇ ਭਾਰਤ ਦੀ ਆਜ਼ਾਦੀ ਤੋਂ ਬਾਅਦ ਉਹ ਦੂਸਰੇ ਬਰਤਾਨਵੀ ਨੇਤਾ ਹੋਣਗੇ। ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਕਿ ਇਹ ਭਾਰਤ-ਬਰਤਾਨੀਆ ਦੇ ਸਬੰਧਾਂ ਦੇ ਨਵੇਂ ਯੁੱਗ ਦੀ ਸ਼ੁਰੂਆਤ ਦਾ ਪ੍ਰਤੀਕ ਹੈ ।

# ਹਾਈ ਕੋਰਟ ਦੇ ਵਕੀਲ ਨੇ ਫੇਸਬੁਕ ਅਕਾਊਂਟ ਬੰਦ ਹੋਣ 'ਤੇ ਕੇਸ ਕੀਤਾ




ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਦੇ ਇੱਕ ਵਕੀਲ ਨੇ ਆਪਣਾ ਅਕਾਊਂਟ ਬੰਦ ਕੀਤੇ ਜਾਣ ਕਾਰਨ ਫੇਸਬੁਕ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ।

ਐਡਵੋਕੇਟ ਆਦਿੱਤਆ ਪ੍ਰਤਾਪ ਸਿੰਘ ਨੈਨ ਨੇ ਫੇਸਬੁਕ ਦੇ ਖਿਲਾਫ ਚੰਡੀਗੜ੍ਹ ਡਿਸਟ੍ਰਿਕਟ ਕੋਰਟ ਵਿੱਚ ਸਿਵਲ ਕੇਸ ਦਾਇਰ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਫੇਸਬੁਕ ਨੇ ਬੇਵਜ੍ਹਾ ਅਤੇ ਉਨ੍ਹਾਂ ਦੀ ਪਰਮਿਸ਼ਨ ਦੇ ਬਿਨਾਂ ਉਨ੍ਹਾਂ ਦਾ 12 ਸਾਲ ਪੁਰਾਣਾ ਅਕਾਊਂਟ ਬੰਦ ਕਰ ਦਿੱਤਾ ਹੈ। ਇਸ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਉਨ੍ਹਾਂ ਦੇ ਕੇਸ ਉੱਤੇ 19 ਜਨਵਰੀ ਨੂੰ ਸੁਣਵਾਈ ਹੋਵੇਗੀ। ਆਦਿੱਤਆ ਪ੍ਰਤਾਪ ਵੱਲੋਂ ਐਡਵੋਕੇਟ ਅੰਮ੍ਰਿਤਵੀਰ ਸਿੰਘ, ਪੁਨੀਤ ਛਾਬੜਾ ਤੇ ਯੁਵਰਾਜ ਔਲਖ ਨੇ ਕੇਸ ਫਾਈਲ ਕੀਤਾ ਹੈ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਫੇਸਬੁਕ ਦੇ ਨਾਲ ਉਨ੍ਹਾਂ ਦੀਆਂ ਕਈ ਯਾਦਾਂ ਜੁੜੀਆਂ ਹੋਈਆਂ ਸਨ। ਉਨ੍ਹਾਂ ਦੇ ਅਕਾਊਂਟਸ ਵਿੱਚ ਉਨ੍ਹਾਂ ਦੇ ਕਈ ਪੁਰਾਣੇ ਦੋਸਤ ਤੇ ਉਨ੍ਹਾਂ ਦੇ ਪ੍ਰੋਫੈਸ਼ਨਲ ਕੰਟ੍ਰੈਕਟਸ ਵੀ ਸਨ। ਫੇਸਬੁਕ ਅਕਾਊਂਟ ਬੰਦ ਹੋਣ ਕਾਰਨ ਉਨ੍ਹਾਂ ਦੇ ਬਿਜ਼ਨਸ 'ਤੇ ਵੀ ਅਸਰ ਪੈ ਰਿਹਾ ਹੈ। ਇਸ ਲਈ ਉਨ੍ਹਾਂ ਨੇ ਕੋਰਟ ਤੋਂ ਇਹ ਮੰਗ ਕੀਤੀ ਹੈ ਕਿ ਫੇਸਬੁਕ ਨੂੰ ਉਨ੍ਹਾਂ ਦਾ ਅਕਾਊਂਟ ਦੋਬਾਰਾ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਜਾਣ।

ਸ਼ਿਕਾਇਤ ਕਰਤਾ ਆਦਿੱਤਆ ਪ੍ਰਤਾਪ ਨੇ ਦੱਸਿਆ ਕਿ ਉਨ੍ਹਾਂ ਨੇ ਸਾਲ 2008 ਵਿੱਚ ਆਪਣਾ ਫੇਸਬੁਕ ਅਕਾਊਂਟ ਬਣਾਇਆ ਸੀ। ਇਸ ਦੇ ਬਾਅਦ 2016 ਤੋਂ ਉਹ ਫੇਸਬੁਕ ਦੇ ਜ਼ਰੀਏ ਆਪਣਾ ਪ੍ਰੋਫੈਸ਼ਨ ਚਲਾ ਰਹੇ ਸਨ। ਅਕਤੂਬਰ ਦੇ ਪਹਿਲੇ ਹਫਤੇ ਉਨ੍ਹਾਂ ਦੇ ਫੇਸਬੁਕ ਅਕਾਊਂਟ 'ਤੇ ਇੱਕ ਮੈਸੇਜ ਸ਼ੋ ਕੀਤਾ, ਜਿਸ ਵਿੱਚ ਲਿਖਿਆ ਸੀ ਕਿ ਉਨ੍ਹਾਂ ਨੂੰ ਲਾਗ-ਇਨ ਕਰਨ ਤੋਂ ਪਹਿਲਾਂ ਆਪਣਾ ਆਈ ਡੀ ਪਰੂਫ ਅਪਲੋਡ ਕਰਨਾ ਹੋਵੇਗਾ। ਉਨ੍ਹਾਂ ਨੇ ਆਈ ਡੀ ਪਰੂਫ ਅਪਲੋਡ ਕਰ ਦਿੱਤਾ। ਇਸ ਪਿੱਛੋਂ ਉਨ੍ਹਾਂ ਦਾ ਅਕਾਊਂਟ ਬੰਦ ਹੋ ਗਿਆ। ਉਨ੍ਹਾਂ ਨੇ ਫੇਸਬੁਕ ਰਿਵਿਊ 'ਤੇ ਇਸ ਬਾਰੇ ਸ਼ਿਕਾਇਤ ਦਿੱਤੀ ਤਾਂ ਫੇਸਬੁਕ ਤੋਂ ਜਵਾਬ ਆਇਆ ਕਿ ਉਨ੍ਹਾਂ ਨੇ ਕਮਿਊਨਿਟੀ ਗਾਈਡ ਲਾਈਨ ਦੀ ਉਲੰਘਣਾ ਕੀਤੀ ਹੈ, ਇਸ ਲਈ ਉਨ੍ਹਾਂ ਦਾ ਅਕਾਊਂਟ ਪਰਮਾਨੈਂਟ ਤੌਰ 'ਤੇ ਬੰਦ ਕੀਤਾ ਗਿਆ ਹੈ। ਆਦਿੱਤਆ ਪ੍ਰਤਾਪ ਨੇ ਦੱਸਿਆ ਕਿ ਉਨ੍ਹਾਂ ਨੇ ਕਮਿਊਨਿਟੀ ਗਾਈਡਲਾਈਨ ਦੀਕਿਸੇ ਵੀ ਤਰ੍ਹਾਂ ਉਲੰਘਣਾ ਨਹੀਂ ਕੀਤੀ। ਉਨ੍ਹਾਂ ਨੇ ਪਹਿਲਾਂ ਫੇਸਬੁਕ ਦੇ ਗੁੜਗਾਓਂ, ਹੈਦਰਾਬਾਦ ਅਤੇ ਮੁੰਬਈ ਡਾਇਰੈਕਟਰ ਨੂੰ ਲੀਗਲ ਨੋਟਿਸ ਭੇਜਿਆ ਸੀ। ਮੁੰਬਈ ਛੱਡ ਕੇ ਬਾਕੀ ਦੋਵਾਂ ਬ੍ਰਾਂਚਾਂ ਨੇ ਉਨ੍ਹਾਂ ਦਾ ਨੋਟਿਸ ਰਿਸੀਵ ਹੀ ਨਹੀਂ ਕੀਤਾ। ਇਸ ਦੇ ਬਾਅਦ ਉਨ੍ਹਾਂ ਨੇ ਫੇਸਬੁਕ ਦੇ ਖਿਲਾਫ ਕੋਰਟ ਵਿੱਚ ਕੇਸ ਫਾਈਲ ਕਰ ਦਿੱਤਾ।

ਫੇਸਬੁਕ ਦੇ ਖਿਲਾਫ ਦੋ ਸਾਲ ਪਹਿਲਾਂ ਵੀ ਚੰਡੀਗੜ੍ਹ ਕੋਰਟ ਵਿੱਚ ਇੱਕ ਕੇਸ ਹੋਇਆ ਸੀ। ਤਦ ਫੇਸਬੁਕ ਨੇ ਬੋਰਡ ਆਫ ਕੰਟਰੋਲ ਫਾਰ ਕ੍ਰਿਕਟ ਇਨ ਇੰਡੀਆ (ਬੀ ਸੀ ਸੀ ਆਈ) ਦੀ ਸ਼ਿਕਾਇਤ ਉੱਤੇ ਚੰਡੀਗੜ੍ਹ ਦੀ ਇੱਕ ਲੜਕੀ ਦਾ ਫੇਸਬੁਕ ਅਕਾਊਂਟ ਬੰਦ ਕਰ ਦਿੱਤਾ ਸੀ। ਇਸ ਦੇ ਬਾਅਦ ਕੋਰਟ ਨੇ ਬੀ ਸੀ ਸੀ ਆਈ ਨੂੰ ਡਾਇਰੈਕਸ਼ਨ ਦਿੱਤੀ ਸੀ ਕਿ ਉਸ ਲੜਕੀ ਦੇ ਅਕਾਊਂਟ ਨੂੰ ਦੋਬਾਰਾ ਤੋਂ ਸ਼ੁਰੂ ਕਰਵਾਇਆ ਜਾਏ।

# ਮੋਟਰ ਵਾਹਨ ਐਕਟ; ਪੰਜਾਬ ਸਰਕਾਰ ਵੱਲੋਂ ਸਾਲ 1988 ਤੋਂ ਪਹਿਲਾਂ ਵਾਲੇ ਨੰਬਰ ਬੰਦ ਕਰਨ ਦਾ ਫੈਸਲਾ

ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਵੀ ਆਈ ਪੀ ਸਭਿਆਚਾਰ ਨੂੰ ਖਤਮ ਕਰਨ ਅਤੇ ਸੁਰੱਖਿਆ ਮਾਮਲਿਆਂ ਨੂੰ ਧਿਆਨ ਵਿੱਚ ਰੱਖ ਕੇ ਮੋਟਰ ਵਹੀਕਲ ਐਕਟ 1988 ਦੇ ਲਾਗੂ ਹੋਣ ਮਗਰੋਂ ਵੀ ਚੱਲ ਰਹੇ ਪੁਰਾਣੇ ਰਜਿਸਟਰਡ ਨੰਬਰਾਂ ਨੂੰ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਹਨ।



ਇਸ ਸੰਬੰਧ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਰਾਂਸਪੋਰਟ ਵਿਭਾਗ ਨੂੰ ਇਹ ਕਿਹਾ ਹੈ ਕਿ ਮੋਟਰ ਵਾਹਨ ਐਕਟ ਦੀ ਧਾਰਾ 41 ਤੇ ਇਸ ਦੇ ਸੰਬੰਧ ਵਿੱਚ ਧਾਰਾ 217 ਹੇਠਇਨ੍ਹਾਂ ਨੰਬਰਾਂ ਵਾਲੇ ਵਾਹਨ ਮਾਲਕਾਂ ਨੂੰ ਬਦਲਵੇਂ ਯੋਗ ਨੰਬਰ ਜਾਰੀ ਕੀਤੇ ਜਾਣ। ਵਰਨਣ ਯੋਗ ਹੈ ਕਿ ਇਨ੍ਹਾਂ ਨੰਬਰਾਂ ਉੱਤੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਪਹਿਲਾਂ ਹੀ ਪਾਬੰਦੀ ਲਾਈ ਜਾ ਚੁੱਕੀ ਹੈ। ਵੀ ਆਈ ਪੀ ਸਭਿਆਚਾਰ ਨੂੰ ਉਤਸ਼ਾਹਤ ਕਰਨ ਤੋਂ ਬਿਨਾ ਇਹ ਵਾਹਨ ਮਾਲਕ ਪੁਰਾਣੇ ਨੰਬਰਾਂ ਨੂੰ ਸਟੇਟਸ ਸਿੰਬਲ ਵਜੋਂ ਲੈਂਦੇ ਸਨ ਤੇ ਪੁਰਾਣੇ ਨੰਬਰਾਂ ਦੀ ਵਰਤੋਂ ਪੰਜਾਬ ਵਿੱਚ ਸੁਰੱਖਿਆ ਲਈ ਵੱਡਾ ਖਤਰਾ ਹੈ। ਅਜਿਹੇ ਵੀ ਆਈ ਪੀ ਨੰਬਰਾਂ ਵਾਲੇ ਵਾਹਨਾਂ ਦੀ ਵਰਤੋਂ ਅਕਸਰ ਗੈਰ ਸਮਾਜੀ ਤੱਤਾਂ ਵੱਲੋਂ ਗੈਰ ਕਾਨੂੰਨੀ ਕੰਮਾਂ ਦੇ ਲਈ ਕੀਤੀ ਜਾਂਦੀ ਸੀ, ਕਿਉਂਕਿ ਪੁਲਸ ਵੱਲੋਂ ਇਨ੍ਹਾਂ ਵਾਹਨਾਂ ਦੀ ਤਲਾਸ਼ੀ ਨਹੀਂ ਕੀਤੀ ਜਾਂਦੀ ਸੀ।

ਪੰਜਾਬ ਟਰਾਂਸਪੋਰਟ ਵਿਭਾਗ ਨੇ ਡਿਜੀਟਲ ਡਰਾਈਵਿੰਗ ਲਾਇਸੈਂਸ ਅਪਗ੍ਰੇਡ ਕਰਨ ਵਾਸਤੇ ਮਿਤੀ 15 ਜਨਵਰੀ 2021 ਤੱਕ ਵਧਾ ਦਿੱਤੀ ਹੈ। ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਦੱਸਿਆ ਕਿ ਲੋਕਾਂ ਨੂੰ ਪੁਰਾਣੇ ਤਰੀਕੇ ਨਾਲ ਬਣੇ (ਮੈਨੂਅਲ) ਡਰਾਈਵਿੰਗ ਲਾਇਸੈਂਸਾਂ ਨੂੰ ਡਿਜੀਟਲ ਡਰਾਈਵਿੰਗ ਲਾਇਸੈਂਸ ਵਿੱਚ ਅਪਗ੍ਰੇਡ ਕਰਨ ਲਈ ਟਰਾਂਸਪੋਰਟ ਵਿਭਾਗ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਗਈ ਸੀ।

# ਏਅਰ ਇੰਡੀਆ 'ਚ ਸੀਨੀਅਰ ਸਿਟੀਜ਼ਨਜ਼ ਨੂੰ ਡਿਸਕਾਊਂਟ

ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਘਾਟੇ 'ਚ ਚੱਲ ਰਹੀ ਏਅਰ ਇੰਡੀਆ ਨੇ ਸੀਨੀਅਰ ਸਿਟੀਜ਼ਨਜ਼ ਨੂੰ ਟਿਕਟ 'ਚ 50 ਫੀਸਦੀ ਛੋਟ (ਡਿਸਕਾਊਂਟ) ਦੇਣ ਦਾ ਐਲਾਨ ਕੀਤਾ ਹੈ। 60 ਸਾਲ ਜਾਂ ਜ਼ਿਆਦਾ ਉਮਰ ਵਾਲੇ ਲੋਕਾਂ ਨੂੰ ਇਹ ਡਿਸਕਾਊਂਟ ਮਿਲੇਗਾ। ਐਵੀਏਸ਼ਨ ਮਨਿਸਟਰੀ ਨੇ ਇਸ ਸਕੀਮ ਦੀ ਜਾਣਕਾਰੀ ਦਿੱਤੀ ਹੈ।



ਉਂਜ ਇਸ ਦੇਲਈ ਕੁਝ ਸ਼ਰਤਾਂ ਵੀ ਰੱਖੀਆਂ ਗਈਆਂ ਹਨ, ਜਿਵੇਂ ਜਿਸ ਦਿਨ ਯਾਤਰਾ ਕਰਨੀ ਹੈ, ਉਸ ਤੋਂ ਘੱਟ ਤੋਂ ਘੱਟ ਸੱਤ ਦਿਨ ਪਹਿਲਾਂ ਟਿਕਟ ਬੁਕਿੰਗ ਜ਼ਰੂਰੀ ਹੈ।ਇਹ ਸਕੀਮ ਡੋਮੈਸਟਿਕ ਫਲਾਇਟਸ ਲਈ ਹੈ। ਚੈਕ-ਇਨ ਸਮੇਂ ਵੈਲਿਡ ਆਈ ਡੀ ਨਾ ਵਿਖਾਉਣ ਉਤੇ ਬੇਸਿਕ ਕਿਰਾਇਆ ਜ਼ਬਤ ਕਰ ਲਿਆ ਜਾਵੇਗਾ ਅਤੇ ਰਿਫੰਡ ਵੀ ਨਹੀਂ ਹੋਵੇਗਾ। ਏਅਰ ਇੰਡੀਆ ਦੀ ਵੈਬਸਾਈਟ 'ਤੇ ਇਸ ਸਕੀਮ ਦੀ ਪੂਰੀ ਡਿਟੇਲ ਦਿੱਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਯਾਤਰਾ ਕਰਨ ਵਾਲਾ ਭਾਰਤੀ ਨਾਗਰਿਕ ਹੋਣਾ ਚਾਹੀਦਾ ਹੈ ਅਤੇ ਉਸ ਦੀ ਉਮਰ 60 ਸਾਲ ਹੋ ਚੁੱਕੀ ਹੋਵੇ। ਵੈਲਿਡ ਫੋਟੋ ਆਈ ਡੀ ਹੋਣੀ ਚਾਹੀਦੀ ਹੈ, ਜਿਸ ਵਿੱਚ ਜਨਮ ਦੀ ਤਰੀਕ ਹੋਵੇ। ਇਕਾਨਮੀ ਕੈਬਿਨ 'ਚ ਬੁਕਿੰਗ ਕੈਟਾਗਿਰੀ ਦੇ ਮੂਲ ਕਿਰਾਏ ਦਾ 50 ਫੀਸਦੀ ਦੇਣਾ ਹੋਵੇਗਾ। ਭਾਰਤ 'ਚ ਕਿਸੇ ਵੀ ਸੈਕਟਰ ਦੀ ਯਾਤਰਾ ਲਈ ਇਹ ਆਫਰ ਵੈਲਿਡ ਹੋਵੇਗਾ। ਇਹ ਆਫਰ ਟਿਕਟ ਜਾਰੀ ਕਰਨ ਦੀ ਤਰੀਕ ਤੋਂ ਇੱਕ ਸਾਲ ਤੱਕ ਲਾਗੂ ਹੋਵੇਗਾ। ਏਅਰ ਇੰਡੀਆ ਵੱਲੋਂ ਅਜਿਹੀ ਸਕੀਮ ਪਹਿਲਾਂ ਵੀ ਚਲਾਈ ਜਾ ਰਹੀ ਸੀ, ਅੱਗੋਂ ਸਰਕਾਰ ਨੇ ਇਸ ਦੀ ਮਨਜ਼ੂਰੀ ਦਿੱਤੀ ਹੈ।

# ਬਾਲ-ਸੰਭਾਲ ਸੰਸਥਾਵਾਂ ਵਾਲੇ ਬੱਚਿਆਂ ਦੀ ਸਿੱਖਿਆ ਲਈ 2000 ਮਾਸਿਕ ਦੇਣ ਦੇ ਹੁਕਮ

ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸਾਰੇ ਰਾਜਾਂ ਨੂੰ ਹਦਾਇਤ ਕੀਤੀ ਹੈ ਕਿ ਬਾਲ ਸੰਭਾਲ ਸੰਸਥਾਵਾਂ ਵਿੱਚ ਰਹਿੰਦੇ ਉਨ੍ਹਾਂ ਬੱਚਿਆਂ ਦੀ ਸਿੱਖਿਆ ਲਈ ਹਰ ਮਹੀਨੇ ਦੋ ਹਜ਼ਾਰ ਰੁਪਏ ਦੇਣ, ਜਿਹੜੇ ਕੋਰੋਨਾ ਮਹਾਮਾਰੀ ਦੌਰਾਨ ਅੱਜਕੱਲ੍ਹ ਆਪਣੇ ਪਰਵਾਰ ਕੋਲ ਰਹਿ ਰਹੇ ਹਨ।ਸੁਪਰੀਮ ਕੋਰਟ ਨੇ ਇਹ ਵੀ ਕਿਹਾ ਹੈ ਕਿ ਸੂਬਾ ਸਰਕਾਰਾਂ ਜ਼ਿਲ੍ਹਾ ਬਾਲ ਸੁਰੱਖਿਆ ਇਕਾਈਆਂ ਦੀ ਸਿਫਾਰਸ਼ ਦੇ ਆਧਾਰ 'ਤੇ ਸੰਸਥਾਵਾਂ ਵਿੱਚ ਰਹਿੰਦੇ ਬੱਚਿਆਂ ਦੀਆਂ ਤੀਹ ਦਿਨਾਂ ਦੇ ਅੰਦਰ ਆਨਲਾਈਨ ਜਮਾਤਾਂ ਲਾਉਣ ਅਤੇ ਕਿਤਾਬਾਂ ਤੇ ਸਟੇਸ਼ਨਰੀ ਵੀ ਦਿੱਤੀ ਜਾਵੇ।

ਜਸਟਿਸ ਐਲ ਨਾਗੇਸ਼ਵਰ ਰਾਓ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਸੂਬੇ ਇਹ ਵੀ ਯਕੀਨੀ ਬਣਾਉਣ ਕਿ ਇਨ੍ਹਾਂ ਸੰਸਥਾਵਾਂ 'ਚ ਬੱਚਿਆਂ ਨੂੰ ਪੜ੍ਹਾਉਣ ਲਈ ਲੋੜੀਂਦੇ ਅਧਿਆਪਕਾਂ ਦਾ ਪ੍ਰਬੰਧ ਕੀਤਾ ਜਾਵੇ।ਬੈਂਚ ਨੂੰ ਦੱਸਿਆ ਗਿਆ ਕਿ ਜਦੋਂ ਕੋਵਿਡ 19 ਮਹਾਮਾਰੀ ਫੈਲੀ ਤਾਂ ਬਾਲ ਸੰਭਾਲ ਸੰਸਥਾਵਾਂ 'ਚ 2,27,518 ਬੱਚੇ ਸਨ, ਜਿਨ੍ਹਾਂ 'ਚੋਂ 1,45,788 ਬੱਚੇ ਪਰਵਾਰਾਂ ਕੋਲ ਜਾਂ ਸਰਪ੍ਰਸਤਾਂ ਕੋਲ ਭੇਜ ਦਿੱਤੇ ਗਏ ਸਨ। ਉਨ੍ਹਾਂ ਕਿਹਾ ਕਿ ਸੂਬੇ, ਜ਼ਿਲ੍ਹਾ ਬਾਲ ਸੁਰੱਖਿਆ ਇਕਾਈ ਦੀ ਸਿਫਾਰਸ਼ 'ਤੇ ਹੀ ਬੱਚਿਆਂ ਦੀ ਸਿੱਖਿਆ ਲਈ ਦੋ ਹਜ਼ਾਰ ਰੁਪਏ ਮਾਸਿਕ ਦੇਣਗੇ ਅਤੇ ਇਹ ਰਕਮ ਬੱਚੇ ਦੇ ਪਰਵਾਰ ਦੀ ਮਾਲੀ ਹਾਲਤ ਨੂੰ ਧਿਆਨ 'ਚ ਰੱਖਦਿਆਂ ਦਿੱਤੀ ਜਾਵੇਗੀ। ਬੈਂਚ ਨੇ ਇਹ ਹੁਕਮ ਬਾਲ ਸੁਧਾਰ ਗ੍ਰਹਿ ਅਤੇ ਅਨਾਥ ਆਸ਼ਰਮਾਂ ਵਿੱਚ ਰਹਿੰਦੇ ਬੱਚਿਆਂ ਦੀ ਹਾਲਤ 'ਤੇ ਖੁਦ ਨੋਟਿਸ ਲੈਂਦਿਆਂ ਜਾਰੀ ਕੀਤੇ ਹਨ।

# ਗੋਲੀਆਂ ਮਾਰ ਕੇ ਨੌਜਵਾਨ ਦਾ ਕਤਲ, ਗੈਂਗ ਵਾਰ ਦਾ ਸ਼ੱਕ

ਅੰਮ੍ਰਿਤਸਰ, 17 ਦਸੰਬਰ (ਪੋਸਟ ਬਿਊਰੋ)- ਥਾਣਾ ਸੀ ਡਵੀਜ਼ਨ ਸਾਹਮਣੇ ਗੁੱਜਰਪੁਰਾ ਵਿੱਚ ਇੱਕ ਨੌਜਵਾਨ ਦੀ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਹੈ। ਪੁਲਸ ਨੇ ਅਣਪਛਾਤੇ ਦੋਸ਼ੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ।



ਘਟਨਾ ਤੋਂ ਬਾਅਦ ਜਾਣਕਾਰੀ ਦੇਣ ਸਮੇਂ ਸਥਾਨਕ ਨਿਵਾਸੀ।

ਲਾਹੌਰੀ ਗੇਟ ਦੇ ਨਜ਼ਦੀਕ ਖਾਈ ਮੁਹੱਲਾ ਵਿੱਚ ਵਸਨੀਕ ਮਦਨ ਲਾਲ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਮੰਥਨ (22 ਸਾਲ) ਮੰਗਲਵਾਰ ਰਾਤ ਇਹ ਕਹਿ ਕੇ ਘਰੋਂ ਗਿਆ ਸੀ ਕਿ ਉਹ ਆਪਣੇ ਦੋਸਤ ਦੇ ਜਨਮ ਦਿਨ ਦੀ ਪਾਰਟੀ ਵਿੱਚ ਸ਼ਾਮਲ ਹੋਣ ਜਾ ਰਿਹਾ ਹੈ। ਇਸ ਦੇ ਬਾਅਦ ਉਹ ਨਹੀਂ ਪਰਤਿਆ।ਕੱਲ੍ਹ ਸਵੇਰੇ ਚਾਰ ਵਜੇ ਥਾਣਾ ਸੀ ਡਵੀਜ਼ਨ ਦੀ ਪੁਲਸ ਉਨ੍ਹਾਂ ਦੇ ਘਰ ਪਹੁੰਚੀ ਅਤੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਦੀ ਹੱਤਿਆ ਹੋ ਗਈ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਬੇਟੇ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਸੀ। ਨੇੜੇ ਦੇ ਲੋਕਾਂ ਤੋਂ ਪਤਾ ਲੱਗਾ ਹੈ ਕਿ ਇਲਾਕਾ ਗੁੱਜਰਪੁਰਾ ਦੀ ਖਜੂਰ ਵਾਲੀ ਗਲੀ ਵਿੱਚ ਲੋਸ਼ੈਰੀ ਨਾਂਅ ਦੇ ਨੌਜਵਾਨ ਦੇ ਘਰ ਦੀ ਛੱਤ ਕੁਝ ਦਿਨ ਪਹਿਲਾਂ ਡਿੱਗ ਗਈ ਸੀ, ਇਸ ਲਈ ਇਸ ਸਮੇਂ ਉਥੇ ਕੋਈ ਨਹੀਂ ਰਹਿ ਰਿਹਾ। ਲੋਕਾਂ ਦਾ ਕਹਿਣਾ ਸੀ ਕਿ ਮੰਗਲਵਾਰ ਦੇਰ ਰਾਤ ਰੌਲਾ ਸੁਣਾਈ ਦਿੱਤਾ ਸੀ ਅਤੇ ਇਸ ਪਿੱਛੋਂ ਗੋਲੀਆਂ ਚੱਲਣ ਦੀ ਆਵਾਜ਼ ਆਈ। ਕੁਝ ਦੇਰ ਬਾਅਦ ਉਥੇ ਜਾ ਕੇ ਦੇਖਿਆ ਤਾਂ ਇੱਕ ਨੌਜਵਾਨ ਦੀ ਲਾਸ਼ ਪਈ ਸੀ, ਜਿਸ ਦੀ ਪਛਾਣ ਮੰਥਨ ਵਾਸੀ ਖਾਈ ਮੁਹੱਲਾ ਲਾਹੌਰੀ ਗੇਟ ਵਜੋਂ ਹੋਈ। ਪੁਲਸ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੰਥਨ ਦੇ ਖਿਲਾਫ ਥਾਣਾ ਗੇਟ ਹਕੀਮਾਂ ਵਿੱਚ ਇੱਕ ਕੇਸ ਦਰਜ ਹੈ।ਇਹ ਵੀ ਪਤਾ ਲੱਗਾ ਕਿ ਉਸ ਨੂੰ ਹਥਿਆਰਾਂ ਦੀ ਨੋਕ ਉਤੇ ਪਹਿਲਾਂ ਕਿਡਨੈਪ ਕੀਤਾ ਗਿਆ ਤੇ ਗੁੱਜਰਪੁਰਾ ਵਿੱਚ ਲਿਆ ਕੇ ਕਤਲ ਕੀਤਾ ਗਿਆ ਹੈ। ਮਾਮਲਾ ਗੈਂਗਵਾਰ ਦਾ ਲੱਗਦਾ ਹੈ। ਪੁਲਸ ਸੀ ਸੀ ਟੀ ਵੀ ਫੁਟੇਜ ਦੀ ਜਾਂਚ ਕਰ ਰਹੀ ਹੈ ਅਤੇ ਉਸ ਨੂੰ ਇਲਾਕੇ ਦੇ ਹਿਸਟ੍ਰੀਸ਼ੀਟਰਾਂ 'ਤੇ ਸ਼ੱਕ ਹੈ। ਹੱਤਿਆ ਕਰਨ ਵਾਲੇ ਇਸ ਗੱਲ ਤੋਂ ਚੰਗੀ ਤਰ੍ਹਾਂ ਨਾਲ ਵਾਕਫ ਸਨ ਕਿ ਘਰ ਖਾਲੀ ਹੈ ਅਤੇ ਉਥੇ ਕੋਈ ਨਹੀਂ ਰਹਿ ਰਿਹਾ।




## ਲੜਕੀ ਦੀ ਲੋੜ

**Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. Whatsapp +16474968844 Email : matchjatt2018@gmail.com**

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚੋਂ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654




UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)



# ਠੰਢ ਦਾ ਜ਼ੋਰ ਵਧਣ ਤੋਂ ਪਹਿਲਾਂ ਹੀ ਸਿਟੀ ਨੇ ਬੇਘਰੇ ਲੋਕਾਂ ਲਈ ਖੋਲ੍ਹੇ ਵਾਰਮਿੰਗ ਸੈਂਟਰ



ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ) : ਅਜੇ ਠੰਢ ਦਾ ਜ਼ੋਰ ਅਗਲੇ ਹਫਤੇ ਵਧਣ ਦੀ ਉਮੀਦ ਹੈ ਪਰ ਅਗਲੇ ਦੋ ਕੁ ਦਿਨਾਂ ਵਿੱਚ ਜੀਟੀਏ ਵਿੱਚ ਠੰਢ ਵਧਣ ਦੇ ਆਸਾਰ ਬਣਨੇ ਸ਼ੁਰੂ ਹੋ ਗਏ ਹਨ।

ਮੰਗਲਵਾਰ ਨੂੰ ਸਿਟੀ ਦੇ ਉੱਤਰ ਵੱਲ ਭਾਰੀ ਬਰਫਬਾਰੀ ਦੇ ਹਾਲਾਤ ਬਣ ਗਏ ਪਰ ਟੋਰਾਂਟੋ ਵਿੱਚ ਬੁੱਧਵਾਰ ਨੂੰ ਠੰਢ ਦਾ ਜ਼ੋਰ ਹੋਰ ਵਧਣ ਦੀ ਸੰਭਾਵਨਾ ਹੈ। ਨੇੜ ਭਵਿੱਖ ਵਿੱਚ ਤਾਪਮਾਨ ਹੋਰ ਠੰਢਾਂ ਹੋਣ ਦੇ ਆਸਾਰ ਨਜ਼ਰ ਆਉਣ ਕਾਰਨ ਸਿਟੀ ਆਫ ਟੋਰਾਂਟੋ ਵੱਲੋਂ ਬੇਘਰੇ ਲੋਕਾਂ ਨੂੰ ਸੜਕਾਂ ਤੋਂ ਹਟਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਸਥਿਤੀ ਦੇ ਮੱਦੇਨਜ਼ਰ 129 ਪੀਟਰ ਸਟਰੀਟ, 5800 ਯੰਗ ਸਟਰੀਟ, ਐਗਜ਼ੀਬਿਸ਼ਨ ਪਲੇਸ ਤੇ ਸਕਾਰਬੌਰੋ ਸਿਵਿਕ ਸੈਂਟਰ ਵਿਖੇ ਚਾਰ ਵਾਰਮਿੰਗ ਸੈਂਟਰ ਖੋਲ੍ਹੇ ਜਾਣਗੇ।

ਆਮਤੌਰ ਉੱਤੇ ਸਿਟੀ ਠੰਢ ਬੇਹੱਦ ਵਧਣ ਤੋਂ ਬਾਅਦ ਐਲਰਟ ਜਾਰੀ ਹੋਣ ਤੱਕ ਉਡੀਕ ਕਰਦੀ ਹੈ ਪਰ ਇਸ ਵਾਰੀ ਸਿਟੀ ਨੇ ਕੜਾਕੇ ਦੀ ਠੰਢ ਤੋਂ ਪਹਿਲਾਂ ਹੀ ਸਾਰੇ ਇੰਤਜ਼ਾਮ ਕਰਨ ਦਾ ਫੈਸਲਾ ਕੀਤਾ ਹੈ। ਇਹ ਵਾਰਮਿੰਗ ਸੈਂਟਰ ਸ਼ੁੱਕਰਵਾਰ ਦੁਪਹਿਰ ਤੱਕ 24 ਘੰਟੇ ਖੁੱਲ੍ਹੇ ਰਹਿਣਗੇ। ਆਊਟਰੀਚ ਵਰਕਰਜ਼ ਬੇਘਰੇ ਲੋਕਾਂ ਨੂੰ ਹੱਲਾਸ਼ੇਰੀ ਦੇ ਕੇ ਇਨ੍ਹਾਂ ਵਾਰਮਿੰਗ ਸੈਂਟਰਜ਼ ਉੱਤੇ ਭੇਜਣ ਦੀ ਕੋਸ਼ਿਸ਼ ਕਰਨਗੇ ਤੇ ਇਸ ਦੇ ਨਾਲ ਹੀ ਉਨ੍ਹਾਂ ਨੂੰ ਕੰਬਲ ਤੇ ਸਲੀਪਿੰਗ ਬੈਗਜ਼ ਵੀ ਦਿੱਤੇ ਜਾਣਗੇ।

ਸਵੇਰ ਵੇਲੇ ਤੇ ਦੁਪਹਿਰ ਵੇਲੇ ਭਾਰੀ ਬਰਫਬਾਰੀ ਕਾਰਨ ਆਵਾਜਾਈ ਵਿੱਚ ਵੀ ਵਿਘਨ ਪਵੇਗਾ। ਇਹ ਬਰਫਬਾਰੀ ਕਦੋਂ ਤੱਕ ਰਹੇਗੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਬੁੱਧਵਾਰ ਸਵੇਰ ਤੋਂ ਬਰਫਬਾਰੀ ਸ਼ੁਰੂ ਹੋਣ ਦੀ ਸੰਭਾਵਨਾ ਹੈ ਤੇ ਕਈ ਥਾਂਵਾਂ ਉੱਤੇ ਤਾਂ ਪੰਜ ਤੋਂ ਦਸ ਸੈਂਟੀਮੀਟਰ ਤੱਕ ਬਰਫਬਾਰੀ ਹੋ ਸਕਦੀ ਹੈ।

# ਕੀ ਨਵਾਂ ਰੂਪ ਲੈ ਰਿਹਾ ਹੈ ਕਰੋਨਾਵਾਇਰਸ !



ਲੰਡਨ, 17 ਦਸੰਬਰ (ਪੋਸਟ ਬਿਊਰੋ) : ਬ੍ਰਿਟਿਸ਼ ਵਿਗਿਆਨੀ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਦੱਖਣੀ ਇੰਗਲੈਂਡ ਵਿੱਚ ਕੋਵਿਡ-19 ਦਾ ਕਾਰਨ ਮੰਨੇ ਜਾਣ ਵਾਲੇ ਵਾਇਰਸ ਦਾ ਜਿਹੜਾ ਨਵਾਂ ਰੂਪ ਤੇਜ਼ੀ ਨਾਲ ਫੈਲ ਰਿਹਾ ਹੈ ਉਹ ਸਟਰੇਨ ਵਿੱਚ ਪਾਈਆਂ ਗਈਆਂ ਨਵੀਆਂ ਤਬਦੀਲੀਆਂ ਨਾਲ ਸਬੰਧਤ ਹੈ। ਵਾਇਰਸ ਦੇ ਜੈਨੇਟਿਕਸ ਦੀ ਪੈੜ ਨੱਪ ਰਹੇ ਕੁੱਝ ਵਿਗਿਆਨੀਆਂ ਦੇ ਗਰੁੱਪ ਦਾ ਕਹਿਣਾ ਹੈ ਕਿ ਮਨੁੱਖੀ ਸੈੱਲਜ਼ ਨੂੰ ਪ੍ਰਭਾਵਿਤ ਕਰਨ ਵਾਲੇ ਸਾਰਸ ਕੋਵ-2 ਕਰੋਨਾਵਾਇਰਸ ਲਈ ਜਿਹੜਾ ਸਪਾਈਕ ਪ੍ਰੋਟੀਨ ਜ਼ਿੰਮੇਵਾਰ ਹੈ, ਇਹ ਤਬਦੀਲੀਆਂ ਉਸ ਵਿੱਚ ਵੀ ਪਾਈਆਂ ਗਈਆਂ ਹਨ। ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਕੀ ਇਹ ਤਬਦੀਲੀਆਂ ਇਸ ਨੂੰ ਹੋਰ ਜ਼ਿਆਦਾ ਇਨਫੈਕਸ਼ੀਅਸ ਬਣਾ ਰਹੀਆਂ ਹਨ।

ਕੋਵਿਡ-19 ਜੈਨੋਮਿਕਸ ਯੂਕੇ (ਕੌਗ-ਯੂਕੇ) ਕੌਨਸੌਰਟੀਅਮ ਦੇ ਵਿਗਿਆਨੀਆਂ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਇਹ ਪਤਾ ਲਾਏ ਜਾਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਕਿ ਇਨ੍ਹਾਂ ਤਬਦੀਲੀਆਂ ਕਾਰਨ ਹੀ ਤਾਂ ਕੋਵਿਡ-19 ਦੇ ਮਾਮਲਿਆਂ ਵਿੱਚ ਹੋਰ ਵਾਧਾ ਨਹੀਂ ਹੋ ਰਿਹਾ। ਇਸ ਨਵੇਂ ਵੇਰੀਐਂਟ ਨੂੰ ਯੂਕੇ ਦੇ ਵਿਗਿਆਨੀਆਂ ਨੇ ਵੀਯੂਆਈ-202012-01 ਨਾਂ ਦਿੱਤਾ ਹੈ। ਇਸ ਨਾਲ ਲੋਕਾਂ ਵਿੱਚ ਕੋਵਿਡ-19 ਆਸਾਨੀ ਨਾਲ ਫੈਲ ਸਕਦਾ ਹੈ।

ਬ੍ਰਿਟਿਸ਼ ਸਰਕਾਰ ਵੱਲੋਂ ਨਵੇਂ ਮਾਮਲਿਆਂ ਵਿੱਚ ਇਜਾਫਾ ਹੋਣ ਦਾ ਖੁਲਾਸਾ ਕੀਤਾ ਗਿਆ ਤੇ ਇਹ ਪਾਇਆ ਗਿਆ ਕਿ ਇਹ ਮਾਮਲੇ ਨਵੇਂ ਵੇਰੀਐਂਟ ਕਾਰਨ ਵਧੇ ਹੋ ਸਕਦੇ ਹਨ। ਪਬਲਿਕ ਹੈਲਥ ਇੰਗਲੈਂਡ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਇਸ ਤਰ੍ਹਾਂ ਦੇ ਨਵੇਂ ਮਾਮਲੇ ਦੱਖਣੀ ਤੇ ਪੂਰਬੀ ਇੰਗਲੈਂਡ ਵਿੱਚ ਪਾਏ ਗਏ ਹਨ।

# ਇਟੋਬੀਕੋ ਦੇ ਲਾਂਗ ਟਰਮ ਕੇਅਰ ਹੋਮ ਦੀ ਮੈਨੇਜਮੈਂਟ ਸਾਂਭੇਗੀ ਪ੍ਰਾਈਵੇਟ ਕੰਪਨੀ !



ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਆਊਟਬ੍ਰੇਕ ਨਾਲ ਜੂਝ ਰਹੇ ਲਾਂਗ ਟਰਮ ਕੇਅਰ ਹੋਮ ਦੀ ਮੈਨੇਜਮੈਂਟ ਦਾ ਜ਼ਿੰਮਾਂ ਪ੍ਰੋਵਿੰਸ ਵੱਲੋਂ ਇੱਕ ਪ੍ਰਾਈਵੇਟ ਕੰਪਨੀ ਨੂੰ ਦੇ ਦਿੱਤਾ ਗਿਆ ਹੈ। ਅਜਿਹਾ ਪਹਿਲੀ ਵਾਰੀ ਹੋਇਆ ਹੈ।

ਲਾਂਗ ਟਰਮ ਕੇਅਰ ਮੰਤਰਾਲੇ ਨੇ ਸੋਮਵਾਰ ਸ਼ਾਮ ਨੂੰ ਦੱਸਿਆ ਕਿ ਯੂਨੀਵਰਸਲ ਕੇਅਰ ਕੈਨੇਡਾ ਇਨਕਾਰਪੋਰੇਸ਼ਨ, ਇਟੋਬੀਕੋ ਦੇ ਲਾਂਗ ਟਰਮ ਕੇਅਰ ਹੋਮ ਵੈਸਟਸਾਈਡ ਦੀ ਮੈਨੇਜਮੈਂਟ ਦਾ ਕੰਮ ਆਰਜ਼ੀ ਤੌਰ ਉੱਤੇ ਸਾਂਭੇਗੀ। ਜ਼ਿਕਰਯੋਗ ਹੈ ਕਿ ਇੱਥੇ 20 ਰੈਜ਼ੀਡੈਂਟਸ ਦੀ ਮੌਤ ਹੋ ਚੁੱਕੀ ਹੈ। ਇਸ ਸਮੇਂ ਇਹ ਹੋਮ ਰਵੇਰਾ ਲਾਂਗ ਟਰਮ ਕੇਅਰ ਇਨਕਾਰਪੋਰੇਸ਼ਨ ਵੱਲੋਂ ਚਲਾਇਆ ਜਾ ਰਿਹਾ ਹੈ। ਲਾਂਗ ਟਰਮ ਕੇਅਰ ਮੰਤਰੀ ਮੈਰੀਲੀ ਫੁਲਰਟਨ ਨੇ ਇੱਕ ਬਿਆਨ ਵਿੱਚ ਆਖਿਆ ਕਿ ਸਾਡੀ ਮੁੱਖ ਤਰਜੀਹ ਲਾਂਗ ਟਰਮ ਕੇਅਰ ਹੋਮ ਦੇ ਰੈਜ਼ੀਡੈਂਟਸ ਨੂੰ ਬਚਾਉਣਾ ਹੈ। ਅਸੀਂ ਯੂਨੀਵਰਸਲ ਕੇਅਰ ਕੈਨੇਡਾ ਇਨਕਾਰਪੋਰੇਸ਼ਨ ਦੇ ਸਟਾਫ ਦੇ ਧੰਨਵਾਦੀ ਹਾਂ ਜੋ ਰਵੇਰਾ ਲਾਂਗ ਟਰਮ ਕੇਅਰ ਇਨਕਾਰਪੋਰੇਸ਼ਨ ਤੇ ਵੈਸਟਸਾਈਡ ਨਾਲ ਰਲ ਕੇ ਕੰਮ ਕਰ ਰਹੇ ਹਨ। ਅਜਿਹਾ ਇਸ ਲਈ ਤਾਂ ਕਿ ਘਰ ਨੂੰ ਸਥਿਰ ਰੱਖਿਆ ਜਾ ਸਕੇ।

ਟੋਰਾਂਟੋ ਪਬਲਿਕ ਹੈਲਥ ਨੇ ਇੱਕ ਮਹੀਨੇ ਪਹਿਲਾਂ 12 ਨਵੰਬਰ ਨੂੰ ਹੋਮ ਵਿੱਚ ਆਊਟਬ੍ਰੇਕ ਐਲਾਨੀ ਸੀ। ਪ੍ਰੋਵਿੰਸ ਅਨੁਸਾਰ 242 ਬੈੱਡ ਵਾਲੇ ਹੋਮ ਵਿੱਚ 90 ਸਟਾਫ ਮੈਂਬਰਾਂ ਦੇ ਨਾਲ ਨਾਲ 63 ਲੋਕ ਪਾਜ਼ੀਟਿਵ ਪਾਏ ਗਏ ਸਨ। ਮੰਤਰਾਲੇ ਨੇ ਇਹ ਨਹੀਂ ਦੱਸਿਆ ਕਿ ਕਿਸੇ ਹਸਪਤਾਲ ਦੀ ਥਾਂ ਪ੍ਰਾਈਵੇਟ ਕੰਪਨੀ ਨੂੰ ਕਿਉਂ ਹਾਇਰ ਕੀਤਾ ਗਿਆ ਹੈ।

# ਸਿਟੀ ਦਾ ਪਲੋ ਟ੍ਰੈਕਰ, ਸਰਦੀ ਵਿੱਚ ਸੁਰੱਖਿਅਤ ਰੂਪ ਨਾਲ ਟ੍ਰੈਵਲ ਪਲਾਨ ਕਰਨ ਵਿੱਚ ਨਿਵਾਸੀਆਂ ਦੀ ਮਦਦ ਕਰਦਾ ਹੈ

ਸਰਦੀਆਂ ਦੇ ਮੌਸਮ ਲਈ ਤਿਆਰ ਰਹਿਣਾ ਇੱਕ ਟੀਮ ਯਤਨ ਹੈ ਅਤੇ ਹਰ ਸਾਲ, ਪੂਰੀ ਸਿਟੀ ਦਾ ਸਟਾਫ਼, ਰਸਤੇ ਤੋਂ ਸਨੋ ਹਟਾਉਣ ਲਈ ਵਚਨਬੱਧ ਹੈ। ਜਦੋਂ ਤੁਸੀਂ ਸਨੋ ਹਟਾਉਣ ਸਬੰਧੀ ਸਾਰੇ ਕੰਮਾਂ ਬਾਰੇ ਸੋਚਦੇ ਹੋ, ਤਾਂ ਸ਼ਾਇਦ ਤੁਹਾਡੇ ਮਨ ਵਿੱਚ ਸਾਡੀਆਂ ਵਚਨਬੱਧ ਪਬਲਿਕ ਵਰਕਸ ਐਂਡ ਇੰਜੀਨੀਅਰਿੰਗ (Pubilc Works and Enigneeirng), ਸਰਵਿਸ ਬ੍ਰੈਂਪਟਨ (Serivce Brampton) ਅਤੇ ਬਾਇ-ਲਾਅ ਐਨਫੋਰਸਮੈਂਟ (By-law Enforcement)ਟੀਮਾਂ ਦਾ ਹੀ ਖਿਆਲ ਆਉਂਦਾ ਹੈ, ਹਾਲਾਂਕਿ ਪਰਦੇ ਦੇ ਪਿੱਛੇ ਇਕੱਠੇ ਕੰਮ ਕਰਨ ਵਾਲੇ ਕਈ ਹੋਰ ਵਿਭਾਗ ਵੀ ਹਨ, ਜੋ ਬ੍ਰੈਂਪਟਨ ਵਿੱਚ ਸਾਰਿਆਂ ਲਈ ਸੀਜਨ ਨੂੰ ਵੱਧ ਸੁਰੱਖਿਅਤ ਬਣਾਉਣ ਵਿੱਚ ਆਪਣੀ ਭੂਮਿਕਾ ਨਿਭਾਉਂਦੇ ਹਨ। ਪਿਛਲੇ ਸਾਲ, ਸਿਟੀ ਨੇ www.brampton.ca/snow `ਤੇ ਆਪਣੇ ਪਲੋ ਟ੍ਰੈਕਰ (Plow Tracker) ਦੀ ਸ਼ੁਰੂਆਤ ਕੀਤੀ ਹੈ। ਇਹ ਪਬਲਿਕ ਵਰਕਸ (Pubilc Works), ਡਿਜੀਟਲ ਇਨੋਵੇਸ਼ਨ (iDigtal Innovaiton), ਆਈ.ਟੀ. (IT) ਅਤੇ ਸਰਵਿਸ ਬ੍ਰੈਂਪਟਨ (Serivce Brampton) ਦਾ ਇੱਕ ਯਤਨ ਹੈ। ਪਲੋ ਟ੍ਰੈਕਰ ਨਾਲ ਨਿਵਾਸੀ ਇਹ ਦੇਖ ਸਕਦੇ ਹਨ ਕਿ ਅਮਲਿਆਂ ਨੇ ਕਿਹੜੀਆਂ ਸੜਕਾਂ ਅਤੇ ਸਾਈਡਵਾਕਸ ਤੋਂ, ਰੀਅਲ ਟਾਈਮ ਵਿੱਚ ਸਨੋ ਹਟਾ ਦਿੱਤੀ ਹੈ। ਇਸ ਸਾਲ, ਪਲੋ ਟ੍ਰੈਕਰ ਨੂੰ, Google Play (ਗੂਗਲ ਪਲੇ) ਜਾਂ ਐਪ ਸਟੋਰ (App Store) ਤੇ ਉਪਲਬਧ, 311 ਮੋਬਾਈਲ ਐਪ ਤੇ ਵੀ ਲੱਭਿਆ ਜਾ ਸਕਦਾ ਹੈ। ਇਸ ਟੂਲ ਦੀ ਵਰਤੋਂ ਕਰਕੇ, ਨਿਵਾਸੀ ਸਨੋ ਹਟਾਉਣ ਦੀ ਪ੍ਰਗਤੀ, ਸੜਕ ਸਬੰਧੀ ਤਰਜੀਹਾਂ ਦੇਖ ਸਕਦੇ ਹਨ ਅਤੇ ਜਾਣ ਸਕਦੇ ਹਨ ਕਿ ਉਹਨਾਂ ਦੇ ਆਸਪਾਸ ਸਨੋ ਹਟਾਉਣ ਵਾਲੀ ਮਸ਼ੀਨ ਆਈ ਹੈ ਜਾਂ ਨਹੀਂ। ਸਿਟੀ ਦੇ ਚੀਫ ਇਨਫਰਮੇਸ਼ਨ ਅਫ਼ਸਰ, ਕੁਮਾਨਨ ਗੋਪਾਲਾਸੈਮੀ (Kumanan Gopalasamy) ਨੇ ਦੱਸਿਆ, "ਪਲੋ ਟ੍ਰੈਕਰ, ਪਹੁੰਚਯੋਗ, ਵਰਤੋਂਕਾਰ-

ਅਨੁਕੂਲਿਤ ਮੋਬਾਈਲ ਐਪਲੀਕੇਸ਼ਨ ਵਿੱਚ, ਸਾਡੇ ਸਰਦੀ ਦੇ ਵੱਡੇ ਓਪਰੇਸ਼ਨ ਪੇਸ਼ ਕਰਦਾ ਹੈ।" ਉਹਨਾਂ ਨੇ ਅੱਗੇ ਕਿਹਾ, ਨਿਵਾਸੀ ਅਤੇ ਕਾਰੋਬਾਰੀ, 311 ਐਪ ਡਾਊਨਲੋਡ ਕਰਕੇ ਪਲੋ ਟ੍ਰੈਕਰ ਟੂਲ ਦੀ ਵਰਤੋਂ ਕਰ ਸਕਦੇ ਹਨ ਅਤੇ ਅਲਗ-ਅਲਗ ਸਨੋ ਓਪਰੇਸ਼ਨਾਂ ਦੀ ਸਥਿਤੀ ਦੇਖਣ ਦੇ ਨਾਲ-ਨਾਲ, ਲੋੜ ਹੋਣ ਤੇ, ਕਾਰਵਾਈ ਲਈ ਸੇਵਾ ਬੇਨਤੀ ਵੀ ਪੇਸ਼ ਕਰ ਸਕਦੇ ਹਨ। ਡ੍ਰਾਈਵਰਾਂ ਲਈ ਇੱਕ ਫਾਇਦਾ ਇਹ ਹੈ ਕਿ ਉਹ, ਭਾਰੀ ਸਨੋਫਾਲ ਤੋਂ ਬਾਅਦ ਇਹ ਦੇਖ ਸਕਦੇ ਹਨ ਕਿ ਕਿਹੜੀਆਂ ਸੜਕਾਂ ਤੋਂ ਪਹਿਲਾਂ ਹੀ ਸਨੋ ਹਟਾ ਦਿੱਤੀ ਗਈ ਹੈ, ਤਾਂ ਜੋ ਉਹ ਆਪਣੇ ਰੋਜ਼ਾਨਾ ਦੇ ਟ੍ਰੈਵਲ ਨੂੰ ਬਿਹਤਰ ਢੰਗ ਨਾਲ ਪਲਾਨ ਕਰ ਸਕਣ।" 9 ਦਸੰਬਰ ਨੂੰ, ਸਿਟੀ ਨੇ ਇੱਕ ਵੀਡੀਓ (ivdeo) ਪੇਸ਼ ਕੀਤਾ ਸੀ, ਜਿਸ ਵਿੱਚ ਸਿਟੀ ਵੱਲੋਂ ਸਨੋਅ ਫਲੀਟ ਟ੍ਰੈਕਿੰਗ ਅਤੇ ਇੱਕ ਕਾਨਫਰੰਸ, ਟੈਕਨੀਸਿਟੀ (Techinicty) ਵਿੱਚ ਕੀਤੇ ਜਾ ਰਹੇ ਮਜ਼ਬੂਤ ਯਤਨਾਂ ਬਾਰੇ ਵੇਰਵੇ ਦਿੱਤੇ ਗਏ ਸਨ। ਇਸ ਕਾਨਫਰੰਸ ਵਿੱਚ, ਟੋਰੋਂਟੋ ਏਰੀਆ (Toronto Area) ਦੀਆਂ ਮਿਊਨਿਸਿਪਲਟੀਜ ਵੱਲੋਂ ਵਰਤੀਆਂ ਜਾਣ ਵਾਲੀਆਂ, ਨਵੀਨਤਾਕਾਰੀ ਡਿਜੀਟਲ ਕਾਰਜਨੀਤੀਆਂ ਅਤੇ ਟੂਲਸ ਦੀ ਪੜਚੋਲ ਕੀਤੀ ਗਈ, ਤਾਂ ਜੋ ਟੈਕਸ ਦੇਣ ਵਾਲਿਆਂ ਦੇ ਨਾਲ ਗੱਲਬਾਤ ਦੇ ਤਰੀਕੇ ਵਿੱਚ ਸੁਧਾਰ ਕਰਦੇ ਹੋਏ, ਅੰਦਰੂਨੀ ਤੌਰ ਤੇ ਪ੍ਰਭਾਵਿਕਤਾ, ਸਹਿਯੋਗ ਅਤੇ ਸੁਰੱਖਿਆ ਨੂੰ ਸੰਚਾਲਿਤ ਕੀਤਾ ਜਾ ਸਕੇ।

ਹਰਕੀਰਤ ਸਿੰਘ (Harikrat iSngh), ਸਿਟੀ ਕਾਉਂਸਲਰ, ਵਾਰਡਸ 9 ਅਤੇ 10 ਅਤੇ ਚੇਅਰ, ਕਾਰਪੋਰੇਟ ਸਰਵਿਸਿਜ ਨੇ ਕਿਹਾ, "ਬ੍ਰੈਂਪਟਨ ਇੱਕ ਚੰਗੀ ਤਰ੍ਹਾਂ ਸੰਚਾਲਿਤ ਸ਼ਹਿਰ ਹੈ। ਅਸੀਂ ਸਾਡੇ ਨਿਵਾਸੀਆਂ ਲਈ, ਰੋਜ਼ਾਨਾ ਦੇ ਓਪਰੇਸ਼ਨਾਂ ਅਤੇ ਸੇਵਾ ਡਿਲੀਵਰੀ ਵਿੱਚ ਲਗਾਤਾਰ ਸੁਧਾਰ ਕਰਨ ਲਈ ਵਚਨਬੱਧ ਹਾਂ।" ਉਹਨਾਂ ਨੇ ਅੱਗੇ ਕਿਹਾ, "ਪਲੋ ਟ੍ਰੈਕਰ, ਬ੍ਰੈਂਪਟਨ ਵਾਸੀਆਂ ਨੂੰ ਲੋਕਲ ਸਨੋ ਓਪਰੇਸ਼ਨਾਂ ਦੀ ਸਥਿਤੀ ਬਾਰੇ ਸੂਚਨਾ ਦਿੰਦਾ ਰਹਿੰਦਾ ਹੈ। ਇਸਦੇ ਨਾਲ ਉਹ ਸਨੋ ਪੈਣ ਦੇ ਦੌਰਾਨ ਆਪਣੇ ਟ੍ਰੈਵਲ ਨੂੰ ਸੁਰੱਖਿਅਤ ਢੰਗ ਨਾਲ ਪਲਾਨ ਕਰ ਸਕਦੇ ਹਨ।" ਬ੍ਰੈਂਪਟਨ ਸਿਟੀ ਕਾਉਂਸਿਲ (Brampton iCty Counicl) ਅਤੇ ਸਟਾਫ਼, ਹਰ ਸਰਦੀ ਬ੍ਰੈਂਪਟਨ ਨੂੰ ਸੁਰੱਖਿਅਤ ਰੱਖਣ ਲਈ, ਦਿਨ-ਰਾਤ ਸਰਬੋਤਮ ਸੇਵਾ ਪ੍ਰਦਾਨ ਕਰਨ ਦਾ ਯਤਨ ਕਰਦਾ ਹੈ। ਉਹ, ਸੀਜਨ ਨੂੰ ਸਾਰਿਆਂ ਲਈ ਵੱਧ ਅਨੰਦਦਾਇਕ ਬਣਾਉਣ ਵਾਸਤੇ, ਓਪਰੇਸ਼ਨਾਂ ਵਿੱਚ ਸੁਧਾਰ ਕਰਨ ਲਈ ਲਗਾਤਾਰ ਕੰਮ ਕਰ ਰਿਹਾ ਹੈ। ਪੌਲ ਵਿਸੇਂਟ (Paul iVcente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5 ਅਤੇ ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ ਨੇ ਕਿਹਾ, "ਸਿਟੀ ਵਿੱਚ ਸਾਡੇ ਸਭ ਤੋਂ ਵੱਡੇ ਓਪਰੇਸ਼ਨਾਂ ਵਿੱਚੋਂ ਇੱਕ ਹੈ, ਸਰਦੀ ਦੀਆਂ ਘਟਨਾਵਾਂ ਲਈ ਕੰਮ ਕਰਨਾ। ਅਸੀਂ ਸੀਜਨ ਨੂੰ, ਸਾਡੇ ਨਿਵਾਸੀਆਂ ਲਈ ਸੁਰੱਖਿਅਤ ਅਤੇ ਅਨੰਦਦਾਇਕ ਬਣਾਉਣ ਲਈ ਵਚਨਬੱਧ ਹਾਂ। ਅਸੀਂ ਸਾਲਾਨਾ ਤੌਰ ਤੇ, 3,986 ਲੇਨ ਕਿਲੋਮੀਟਰ ਸੜਕਾਂ, 2,462 ਟ੍ਰਾਂਜ਼ਿਟ ਸਟੌਪਸ ਅਤੇ 979 ਕਿਲੋਮੀਟਰ

ਸਾਈਡਵਾਕਸ/ਵਾਕਵੇਜ ਦੀ ਸੰਭਾਲ ਕਰਦੇ ਹਾਂ।" ਉਹਨਾਂ ਨੇ ਅੱਗੇ ਕਿਹਾ, "ਜਦੋਂ ਹਰ ਕੋਈ ਸਾਡੇ ਭਾਈਚਾਰੇ ਨੂੰ ਸਰਦੀਆਂ ਦੇ ਮੌਸਮ ਲਈ ਤਿਆਰ ਰੱਖਣ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ, ਤਾਂ ਅਸੀਂ ਸਾਰੇ ਸੁਰੱਖਿਅਤ ਰੂਪ ਨਾਲ ਆਪਣੀ ਮੰਜ਼ਲ ਤੇ ਪਹੁੰਚ ਸਕਦੇ ਹਾਂ। ਇਹਨਾਂ ਵਿੱਚ ਨਿਵਾਸੀ ਵੀ ਸ਼ਾਮਲ ਹਨ, ਜਿਹਨਾਂ ਨੂੰ ਅਸੀਂ ਸਨੋਫਾਲਸ ਦੇ ਦੌਰਾਨ, ਸੜਕਾਂ ਤੋਂ ਵਾਹਨ ਹਟਾਉਣ ਅਤੇ ਉਹਨਾਂ ਦੀਆਂ ਰਿਹਾਇਸ਼ੀ ਸਾਈਡਵਾਕਸ ਤੋਂ ਸਨੋ ਹਟਾਉਣ ਲਈ ਕਹਿੰਦੇ ਹਾਂ।" ਬ੍ਰੈਂਪਟਨ ਵਿੱਚ ਸਨੋ ਬਾਰੇ ਹੋਰ ਜਾਣਕਾਰੀ ਲਈ, www.brampton.ca/snow `ਤੇ ਜਾਓ ਅਤੇ 311 ਐਪ ਡਾਊਨਲੋਡ ਕਰਨ ਲਈ, Google Play `ਤੇ ਜਾਂ ਆਪਣੀ ਡਿਵਾਈਸ ਤੋਂ ਐਪ ਸਟੋਰ ਤੇ ।

# ਉਸਾਰੀ ਕਾਰਨ ਜਨਵਰੀ ਵਿੱਚ ਬੰਦ ਕਰ ਦਿੱਤਾ ਜਾਵੇਗਾ ਅਲੈਗਜ਼ੈਂਡਰਾ ਬ੍ਰਿੱਜ



ਓਟਵਾ, 17 ਦਸੰਬਰ (ਪੋਸਟ ਬਿਊਰੋ) : ਉਸਾਰੀ ਕਾਰਨ ਜਨਵਰੀ ਦੇ ਸ਼ੁਰੂ ਵਿੱਚ ਅਲੈਗਜ਼ੈਂਡਰਾ ਬ੍ਰਿੱਜ ਗੱਡੀਆਂ ਦੀ ਆਵਾਜਾਈ ਲਈ ਬੰਦ ਰਹੇਗਾ। ਇਸ ਦੀ ਜਾਣਕਾਰੀ ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਕੈਨੇਡਾ ਵੱਲੋਂ ਦਿੱਤੀ ਗਈ।

ਸੋਮਵਾਰ ਨੂੰ ਫੈਡਰਲ ਡਿਪਾਰਟਮੈਂਟ ਵੱਲੋਂ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਦੱਸਿਆ ਗਿਆ ਕਿ ਇਸ ਬ੍ਰਿੱਜ ਨੂੰ 2 ਜਨਵਰੀ ਤੋਂ 30 ਅਪਰੈਲ, 2021 ਤੱਕ ਬੰਦ ਰੱਖਿਆ ਜਾਵੇਗਾ। ਹਾਲਾਂਕਿ ਇਸ ਪੁਲ ਨੂੰ ਕਾਰ ਟਰੈਫਿਕ ਲਈ ਬੰਦ ਰੱਖਿਆ ਜਾਵੇਗਾ ਪਰ ਸਾਈਕਲਿਸਟਸ ਤੇ ਪੈਦਲ ਆਉਣ ਜਾਣ ਵਾਲਿਆਂ ਲਈ ਪੁਲ ਦਾ ਬੋਰਡਵਾਕ ਵਾਲਾ ਹਿੱਸਾ ਖੁੱਲ੍ਹਾ ਰੱਖਿਆ ਜਾਵੇਗਾ।

ਪੁਲ ਨੂੰ ਬੰਦ ਰੱਖੇ ਜਾਣ ਦੌਰਾਨ ਉਸ ਦੇ ਸਾਰੇ ਸਟੀਲ ਦੇ ਢਾਂਚੇ ਨੂੰ ਬਦਲਿਆ ਜਾਵੇਗਾ। ਸਰਕਾਰ ਨੇ ਦੱਸਿਆ ਕਿ ਅਪਰੈਲ ਵਿੱਚ ਲੇਨਜ਼ ਮੁੜ ਖੋਲ੍ਹੇ ਜਾਣ ਤੋਂ ਬਾਅਦ ਪੁਲ ਦੀ ਰਹਿੰਦੀ ਉਸਾਰੀ ਜਾਰੀ ਰੱਖੀ ਜਾਵੇਗੀ। ਇਹ ਪੁਲ ਓਟਵਾ ਵਿੱਚ ਮੇਜਰ ਹਿੱਲ ਪਾਰਕ ਤੋਂ ਗੈਟਿਨਿਊ ਦੇ ਜੈਕੂਅਸ-ਕਾਰਟੀਅਰ ਪਾਰਕ ਤੇ ਕੈਨੇਡੀਅਨ ਮਿਊਜ਼ੀਅਮ ਆਫ ਹਿਸਟਰੀ ਨੂੰ ਆਪਸ ਵਿੱਚ ਜੋੜਦਾ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

You can Place Your Business Here
(905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
tico.ca IATA
Call Us For Guaranteed Lowest Airfare
ANY Airline Time Destination Around the World
WESTJET vacations
transat Holidays, sunwing, AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

# ਫੋਰਡ ਸਰਕਾਰ ਵਲੋਂ ਮਿਊਂਸਪੈਲਿਟੀਜ਼ ਨੂੰ ਮੁਹੱਈਆ ਕਰਵਾਈ ਜਾਵੇਗੀ 695 ਮਿਲੀਅਨ ਡਾਲਰ ਦੀ ਮਦਦ




ਓਨਟਾਰੀਓ, 17 ਦਸੰਬਰ (ਪੋਸਟ ਬਿਊਰੋ) : ਮਹਾਂਮਾਰੀ ਨਾਲ ਜੁੜੇ ਖਰਚਿਆਂ ਨੂੰ ਪੂਰਾ ਕਰਨ ਲਈ ਓਨਟਾਰੀਓ ਦੀਆਂ ਮਿਊਂਸਪੈਲਿਟੀਜ਼ ਨੂੰ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ 695 ਮਿਲੀਅਨ ਡਾਲਰ ਦੀ ਵਾਧੂ ਮਦਦ ਮੁਹੱਈਆ ਕਰਵਾਈ ਜਾਵੇਗੀ। ਇਹ ਖੁਲਾਸਾ ਪ੍ਰੋਵਿੰਸ ਦੇ ਮਿਊਂਸਪਲ ਮਾਮਲਿਆਂ ਬਾਰੇ ਮੰਤਰੀ ਨੇ ਬੁੱਧਵਾਰ ਨੂੰ ਕੀਤਾ।

ਇਹ ਫੰਡਿੰਗ ਇਸ ਸਾਲ ਓਟਵਾ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਦਰਮਿਆਨ ਹੋਏ ਸੇਫ ਰੀਸਟਾਰਟ ਸਮਝੌਤੇ ਦਾ ਹੀ ਹਿੱਸਾ ਹੈ। ਮਿਊਂਸਪਲ ਅਫੇਅਰਜ਼ ਮੰਤਰੀ ਸਟੀਵ ਕਲਾਰਕ ਨੇ ਆਖਿਆ ਕਿ 399 ਮਿਲੀਅਨ ਡਾਲਰ ਮਹਾਂਮਾਰੀ ਦੀ ਸੱਭ ਤੋਂ ਵੱਧ ਮਾਰ ਝੱਲ ਰਹੀਆਂ 48 ਮਿਊਂਸਪੈਲਿਟੀਜ਼ ਨੂੰ ਮੁਹੱਈਆ ਕਰਵਾਈ ਜਾਵੇਗੀ। ਜਦਕਿ ਬਾਕੀ 299 ਮਿਲੀਅਨ ਡਾਲਰ ਪ੍ਰੋਵਿੰਸ ਦੀਆਂ 444 ਕਮਿਊਨਿਟੀਜ਼ ਵਿੱਚ ਵੰਡ ਦਿੱਤੇ ਜਾਣਗੇ।

ਉਨ੍ਹਾਂ ਆਖਿਆ ਕਿ ਇਸ ਵਾਧੂ ਫੰਡਿੰਗ ਨਾਲ ਮਿਊਂਸਪੈਲਿਟੀਜ਼ ਪੱਕੇ ਪੈਰੀਂ ਹੋ ਜਾਣਗੀਆਂ ਤੇ ਸਾਲ 2021 ਦੀ ਸ਼ੁਰੂਆਤ ਬਿਹਤਰ ਵਿੱਤੀ ਸਥਿਤੀ ਨਾਲ ਕਰ ਸਕਣਗੀਆਂ। ਜ਼ਿਕਰਯੋਗ ਹੈ ਕਿ ਓਨਟਾਰੀਓ ਦੇ ਮਿਊਂਸਪਲ ਆਗੂਆਂ ਵੱਲੋਂ ਪਿਛਲੇ ਕੁੱਝ ਹਫਤਿਆਂ ਤੋਂ ਇਸ ਫੰਡਿੰਗ ਦੀ ਮੰਗ ਕੀਤੀ ਜਾ ਰਹੀ ਸੀ ਤਾਂ ਕਿ ਕਿਸੇ ਵੀ ਤਰ੍ਹਾਂ ਦੇ ਘਾਟੇ ਤੋਂ ਬਚਿਆ ਜਾ ਸਕੇ। ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਇਸ ਫੰਡਿੰਗ ਨਾਲ ਸਿਟੀ ਨੂੰ ਕਾਫੀ ਹੁਲਾਰਾ ਮਿਲੇਗਾ।

ਕਲਾਰਕ ਨੇ ਆਖਿਆ ਕਿ ਪ੍ਰੋਵਿੰਸ ਫੈਡਰਲ ਸਰਕਾਰ ਤੇ ਕਮਿਊਨਿਟੀਜ਼ ਨਾਲ ਆਉਣ ਵਾਲੇ ਮਹੀਨਿਆਂ ਵਿੱਚ ਮਹਾਂਮਾਰੀ ਦੇ ਅਰਥਚਾਰੇ ਉੱਤੇ ਪੈਣ ਵਾਲੇ ਪ੍ਰਭਾਵ ਬਾਰੇ ਗੱਲ ਜਾਰੀ ਰੱਖੇਗੀ। ਉਨ੍ਹਾਂ ਇਹ ਵੀ ਆਖਿਆ ਕਿ ਅਸੀਂ ਹਰ ਪੱਖੋਂ ਮਿਊਂਸਪੈਲਿਟੀਜ਼ ਦੀ ਮਦਦ ਕਰਦੇ ਰਹਾਂਗੇ।

# ਕੋਵਿਡ-19 ਕਾਰਨ ਜਨਵਰੀ ਦੇ ਸ਼ੁਰੂ ਤੱਕ ਬੰਦ ਰਹਿਣਗੇ ਟੀ ਡੀ ਐਸ ਬੀ ਦੇ 7 ਸਕੂਲ




ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਕੋਵਿਡ-19 ਆਊਟਬ੍ਰੇਕਸ ਕਾਰਨ ਜਨਵਰੀ ਦੇ ਸ਼ੁਰੂ ਵਿੱਚ ਸੱਤ ਸਕੂਲ ਬੰਦ ਰਹਿਣਗੇ। ਇਨ੍ਹਾਂ ਵਿੱਚ ਈਸਟ ਯੌਰਕ ਦੇ ਦੋ ਸਕੂਲ ਵੀ ਸ਼ਾਮਲ ਹਨ ਜਿਨ੍ਹਾਂ ਨੇ ਸੋਮਵਾਰ ਤੋਂ ਇਨ-ਕਲਾਸ ਲਰਨਿੰਗ ਸ਼ੁਰੂ ਕਰਨੀ ਸੀ।

ਐਤਵਾਰ ਦੁਪਹਿਰ ਨੂੰ ਕੀਤੇ ਗਏ ਟਵੀਟ ਅਨੁਸਾਰ ਟੀ ਡੀ ਐਸ ਬੀ ਨੇ ਦੱਸਿਆ ਕਿ ਟੋਰਾਂਟੋ ਪਬਲਿਕ ਹੈਲਥ ਦੀ ਸਲਾਹ ਉੱਤੇ ਸਿਟੀ ਐਡਲਟ ਲਰਨਿੰਗ ਸੈਂਟਰ, ਹਿਊਮਵੁੱਡ ਕਮਿਊਨਿਟੀ ਸਕੂਲ, ਆਰ ਐਚ ਮੈਕਗ੍ਰੈਗਰ ਐਲੀਮੈਂਟਰੀ ਸਕੂਲ, ਡੇਵਿਡ ਲੁਈਸ ਪਬਲਿਕ ਸਕੂਲ ਤੇ ਗ੍ਰੇਨੋਬਲ ਪਬਲਿਕ ਸਕੂਲ 4 ਜਨਵਰੀ ਤੱਕ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਬੰਦ ਰਹਿਣਗੇ। ਟੀ ਡੀ ਐਸ ਬੀ ਦੀ ਕੋਵਿਡ-19 ਐਡਵਾਈਜ਼ਰੀਜ਼ ਵੈੱਬਸਾਈਟ ਅਨੁਸਾਰ ਇਨ੍ਹਾਂ ਪੰਜ ਸਕੂਲਾਂ ਵਿੱਚ ਕੋਵਿਡ-19 ਦੇ 24 ਮਾਮਲੇ ਪਾਏ ਗਏ ਹਨ, ਜਿਨ੍ਹਾਂ ਵਿੱਚ 21 ਵਿਦਿਆਰਥੀ ਹਨ। ਇਸ ਤੋਂ ਇਲਾਵਾ ਦੋ ਹੋਰ ਈਸਟ ਯੌਰਕ ਸਕੂਲ, ਥੌਰਨਕਲਿਫ ਪਾਰਕ ਪਬਲਿਕ ਸਕੂਲ ਤੇ ਫਰੇਜ਼ਰ ਮਸਟਰਡ ਅਰਲੀ ਲਰਨਿੰਗ ਅਕੈਡਮੀ, ਜੋ ਕਿ ਸੋਮਵਾਰ ਨੂੰ ਖੁੱਲ੍ਹਣ ਜਾ ਰਹੇ ਸਨ, ਕ੍ਰਿਸਮਸ ਦੀਆਂ ਛੁੱਟੀਆਂ ਤੋਂ ਬਾਅਦ ਵੀ ਬੰਦ ਰਹਿਣਗੇ।

ਇਹ ਛੁੱਟੀਆਂ 21 ਦਸੰਬਰ ਨੂੰ ਸ਼ੁਰੂ ਹੋਣ ਜਾ ਰਹੀਆਂ ਹਨ। ਬੋਰਡ ਦਾ ਕਹਿਣਾ ਹੈ ਕਿ ਇਸ ਨਾਲ ਸਕੂਲਾਂ ਵਿੱਚ ਕੋਵਿਡ ਦੇ ਮਾਮਲਿਆਂ ਦੀ ਜਾਂਚ ਲਈ ਪਬਲਿਕ ਸਿਹਤ ਅਧਿਕਾਰੀਆਂ ਨੂੰ ਹੋਰ ਸਮਾਂ ਮਿਲ ਜਾਵੇਗਾ।

ਇਸ ਦੌਰਾਨ ਮਾਰਕ ਗਾਰਨਿਊ ਕਾਲਜੀਏਟ ਇੰਸਟੀਚਿਊਟ ਵੀ ਕ੍ਰਿਸਮਸ ਬ੍ਰੇਕ ਤੋਂ ਬਾਅਦ ਬੰਦ ਰਹੇਗਾ। ਇੱਥੋਂ ਦੇ 14 ਵਿਦਿਆਰਥੀ ਕੋਵਿਡ-19 ਪਾਜ਼ੀਟਿਵ ਪਾਏ ਗਏ ਸਨ। ਨੌਰਥ ਯੌਰਕ ਦੇ ਇਸ ਸਕੂਲ ਵਿੱਚ ਕਰਵਾਈ ਗਈ ਏਸਿੰਪਟੋਮੈਟਿਕ ਟੈਸਟਿੰਗ ਤੋਂ ਬਾਅਦ ਇਹ ਅੰਕੜਾ 18 ਤੱਕ ਵੱਧ ਗਿਆ। ਸ਼ੁੱਕਰਵਾਰ ਨੂੰ ਟੀ ਡੀ ਐਸ ਬੀ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲਾਂ ਵਿੱਚ 444 ਵਿਦਿਆਰਥੀ ਕਰੋਨਾਵਾਇਰਸ ਪਾਜ਼ੀਟਿਵ ਪਾਏ ਜਾ ਚੁੱਕੇ ਹਨ ਤੇ 88 ਸਟਾਫ ਮੈਂਬਰ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ।

# ਸੋਸ਼ਲ ਸਰਵਿਸਿਜ਼ ਰਲੀਫ ਫੰਡ ਦੇ ਰੂਪ ਵਿੱਚ ਪੀਲ ਰੀਜਨ ਨੂੰ ਹਾਸਲ ਹੋਣਗੇ 5,669,000 ਡਾਲਰ : ਨੀਨਾ ਟਾਂਗਰੀ



ਮਿਸੀਸਾਗਾ, 17 ਦਸੰਬਰ (ਪੋਸਟ ਬਿਊਰੋ) : ਮਿਸੀਸਾਗਾ-ਸਟਰੀਟਸਵਿਲ ਤੋਂ ਐਮਪੀਪੀ ਨੀਨਾ ਟਾਂਗਰੀ ਵੱਲੋਂ ਕੱਲ੍ਹ ਇਹ ਐਲਾਨ ਕੀਤਾ ਗਿਆ ਕਿ ਸੋਸ਼ਲ ਸਰਵਿਸਿਜ਼ ਰਲੀਫ ਫੰਡ ਦੇ ਰੂਪ ਵਿੱਚ ਪੀਲ ਰੀਜਨ ਨੂੰ ਵਾਧੂ 5,669,000 ਡਾਲਰ ਹਾਸਲ ਹੋਣਗੇ।

ਇਸ ਫੰਡ ਨੂੰ ਅਹਿਮ ਸੇਵਾਵਾਂ ਦੀ ਡਲਿਵਰੀ, ਹੋਮਲੈੱਸ ਸ਼ੈਲਟਰ ਸਟਾਫ ਤੇ ਰੈਜ਼ੀਡੈਂਟਸ ਦੀ ਹਿਫਾਜ਼ਤ, ਸ਼ੈਲਟਰ ਫਸਿਲਿਟੀਜ਼ ਦੀ ਮੁਰੰਮਤ ਕਰਵਾਉਣ ਤੇ ਉਨ੍ਹਾਂ ਨੂੰ ਖਰੀਦਣ, ਹਾਊਸਿੰਗ ਸਬੰਧੀ ਲੰਮੇਂ ਹੱਲ ਲੱਭਣ, ਭਵਿੱਖ ਵਿੱਚ ਹੋਣ ਵਾਲੀਆਂ ਆਊਟਬ੍ਰੇਕਸ ਜਾਂ ਐਮਰਜੰਸੀਜ਼ ਲਈ ਤਿਆਰੀ ਕਰਨ ਲਈ ਖਰਚਿਆ ਜਾ ਸਕੇਗਾ। ਐਮਪੀਪੀ ਟਾਂਗਰੀ ਨੇ ਆਖਿਆ ਕਿ ਸਾਡੀ ਸਰਕਾਰ ਕਮਜ਼ੋਰ ਨਾਗਰਿਕਾਂ ਨੂੰ ਸੁਰੱਖਿਅਤ ਰੱਖਣ ਲਈ ਹੋਰ ਫੰਡਿੰਗ ਮੁਹੱਈਆ ਕਰਵਾ ਕੇ ਕੋਵਿਡ-19 ਨਾਲ ਜੁੜੀਆਂ ਲੋੜਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਕੋਵਿਡ-19 ਨੇ ਘਰ ਦੀ ਅਹਿਮੀਅਤ ਇੱਕ ਵਾਰੀ ਮੁੜ ਉਜਾਗਰ ਕਰ ਦਿੱਤੀ ਹੈ ਤੇ ਇਸ ਵਾਧੂ ਫੰਡਿੰਗ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਕੋਈ ਆਪਣੇ ਸਿਰ ਉੱਤੇ ਸੇਫ ਤੇ ਸੁਰੱਖਿਅਤ ਛੱਤ ਹਾਸਲ ਕਰਨ ਵਿੱਚ ਕਾਮਯਾਬ ਹੋ ਸਕੇ।

ਓਨਟਾਰੀਓ ਸਰਕਾਰ ਵੱਲੋਂ ਪ੍ਰੋਵਿੰਸ ਭਰ ਵਿੱਚ ਮਿਊਂਸਪੈਲਿਟੀਜ਼ ਤੇ ਮੂਲਵਾਸੀ ਕਮਿਊਨਿਟੀਜ਼ ਲਈ 120 ਮਿਲੀਅਨ ਡਾਲਰ ਵਾਧੂ ਨਿਰਧਾਰਤ ਕੀਤੇ ਜਾਣਗੇ ਤਾਂ ਕਿ ਉਹ ਕੋਵਿਡ-19 ਮਹਾਂਮਾਰੀ ਦੌਰਾਨ ਕਮਜ਼ੋਰ ਲੋਕਾਂ ਦੀ ਮਦਦ ਕਰ ਸਕਣ। ਇਸ ਦੌਰਾਨ ਮਿਊਂਸਪਲ ਅਫੇਅਰਜ਼ ਤੇ ਹਾਊਸਿੰਗ ਸਬੰਧੀ ਮੰਤਰੀ ਸਟੀਵ ਕਲਾਰਕ ਨੇ ਆਖਿਆ ਕਿ ਸਾਡੀ ਸਰਕਾਰ ਮਹਾਂਮਾਰੀ ਦੌਰਾਨ ਸਾਡੇ ਮਿਊਂਸਪਲ ਤੇ ਮੂਲਵਾਸੀ ਭਾਈਵਾਲਾਂ ਲਈ ਅਹਿਮ ਨਿਵੇਸ਼ ਕਰਨਾ ਜਾਰੀ ਰੱਖੇਗੀ। ਪਬਲਿਕ ਹੈਲਥ ਸਬੰਧੀ ਹਾਲਾਤ ਸੁਧਰਨ ਨਾਲ ਅਸੀਂ ਹੋਰ ਸਹਿਯੋਗ ਮੁਹੱਈਆ ਕਰਵਾ ਰਹੇ ਹਾਂ ਤਾਂ ਕਿ ਸਾਡੇ ਭਾਈਵਾਲ ਉਨ੍ਹਾਂ ਦੀ ਮਦਦ ਕਰ ਸਕਣ ਜਿਨ੍ਹਾਂ ਨੂੰ ਇਸ ਦੀ ਸੱਭ ਤੋਂ ਜ਼ਿਆਦਾ ਲੋੜ ਹੈ।

ਰੀਜਨਲ ਮਿਊਂਸਪੈਲਿਟੀ ਆਫ ਪੀਲ ਦੇ ਰੀਜਨਲ ਚੇਅਰ ਤੇ ਸੀਈਓ ਨੈਂਡੋ ਲਾਨਿਕਾ ਨੇ ਆਖਿਆ ਕਿ ਕੋਵਿਡ-19 ਸਬੰਧੀ ਕੰਮ ਕਰਨਾ ਤੇ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਸਾਰੀ ਕਮਿਊਨਿਟੀ ਨੂੰ ਰਲ ਕੇ ਕੰਮ ਕਰਨਾ ਹੋਵੇਗਾ। ਜਿਸ ਤੋਂ ਭਾਵ ਇਹ ਹੈ ਕਿ ਸਾਨੂੰ ਉਨ੍ਹਾਂ ਕਮਜ਼ੋਰ ਲੋਕਾਂ ਦੀ ਮਦਦ ਲਈ ਹਮੇਸ਼ਾਂ ਤਿਆਰ ਰਹਿਣਾ ਹੋਵੇਗਾ ਜਿਨ੍ਹਾਂ ਉੱਤੇ ਸਿਹਤ, ਸਮਾਜਕ ਤੇ ਆਰਥਿਕ ਮਾਮਲਿਆਂ ਦਾ ਸੱਭ ਤੋਂ ਜ਼ਿਆਦਾ ਅਸਰ ਪੈਂਦਾ ਹੈ।

ਜਦੋਂ ਤੋਂ ਮਹਾਂਮਾਰੀ ਸ਼ੁਰੂ ਹੋਈ ਹੈ, ਪ੍ਰੋਵਿੰਸ ਨੇ ਸਮੇਂ ਸਿਰ ਤੇ ਬੇਹੱਦ ਕੀਮਤੀ ਸਹਿਯੋਗ ਮੁਹੱਈਆ ਕਰਵਾਇਆ ਹੈ, ਜਿਸ ਕਾਰਨ ਮਨੁੱਖੀ ਲੋੜਾਂ ਪੂਰੀਆਂ ਕਰਨ ਵਿੱਚ ਪੀਲ ਨੂੰ ਕਾਫੀ ਮਦਦ ਮਿਲੀ ਹੈ।

ਕੱਲ੍ਹ ਵਾਲਾ ਐਲਾਨ ਸੋਸ਼ਲ ਸਰਵਿਸਿਜ਼ ਰਲੀਫ ਫੰਡ ਰਾਹੀਂ ਸਰਕਾਰ ਵੱਲੋਂ ਨਿਵੇਸ਼ ਕੀਤੇ ਗਏ 510 ਮਿਲੀਅਨ ਡਾਲਰ ਦਾ ਹੀ ਹਿੱਸਾ ਹੈ। ਇਸ ਨਾਲ ਪ੍ਰੋਵਿੰਸ ਭਰ ਵਿੱਚ ਕਮਜ਼ੋਰ ਲੋਕਾਂ ਦੀ ਸਿਹਤ ਤੇ ਸੇਫਟੀ ਦੀ ਰਾਖੀ ਲਈ ਕੰਮ ਕੀਤਾ ਜਾ ਰਿਹਾ ਹੈ।

# ਮਿਸੀਸਾਗਾ ਵਿੱਚ ਪ੍ਰਾਈਵੇਟ ਇੱਕਠਾਂ ਵਿੱਚ ਸ਼ਾਮਲ 33 ਲੋਕਾਂ ਨੂੰ ਜਾਰੀ ਕੀਤੀਆਂ ਗਈਆਂ ਟਿਕਟਾਂ

ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ) : ਵੀਕੈਂਡ ਉੱਤੇ ਮਿਸੀਸਾਗਾ ਵਿੱਚ ਚਾਰ ਵੱਖ ਵੱਖ ਥਾਂਵਾਂ ਉੱਤੇ ਪ੍ਰਾਈਵੇਟ ਇੱਕਠਾਂ ਵਿੱਚ ਸ਼ਾਮਲ ਹੋਣ ਵਾਲੇ ਦੋ ਦਰਜਨ ਤੋਂ ਵੀ ਵੱਧ ਲੋਕਾਂ ਨੂੰ ਟਿਕਟਾਂ ਜਾਰੀ ਕੀਤੀਆਂ ਗਈਆਂ।

ਸੋਮਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਸਿਟੀ ਆਫ ਮਿਸੀਸਾਗਾ ਨੇ ਆਖਿਆ ਕਿ ਵੀਕੈਂਡ ਉੱਤੇ 37 ਟਿਕਟਾਂ ਜਾਰੀ ਕੀਤੀਆਂ ਗਈਆਂ, ਚਾਰ ਗੈਰ ਜ਼ਰੂਰੀ ਬਿਜ਼ਨਸਿਜ਼ ਨੂੰ ਦਿੱਤੀਆਂ ਗਈਆਂ। ਬਾਕੀ ਉਨ੍ਹਾਂ ਲੋਕਾਂ ਨੂੰ ਦਿੱਤੀਆਂ ਗਈਆਂ ਜਿਨ੍ਹਾਂ ਨੇ ਲਾਕਡਾਊਨ ਦੇ ਹੁਕਮਾਂ ਦੀ ਅਦੂਲੀ ਕੀਤੀ ਤੇ ਪ੍ਰਾਈਵੇਟ ਗੈਦਰਿੰਗਜ਼ ਵਿੱਚ ਹਿੱਸਾ ਲਿਆ। ਮਿਸੀਸਾਗਾ ਦੀ ਮੇਅਰ ਬ੍ਰੌਨੀ ਕ੍ਰੌਂਬੀ ਨੇ ਇੱਕ ਲਿਖਤੀ ਬਿਆਨ ਵਿੱਚ ਆਖਿਆ ਕਿ ਹੁਣ ਅਸੀਂ ਤਿੰਨ ਹਫਤਿਆਂ ਤੋਂ ਲਾਕਡਾਊਨ ਵਿੱਚ ਹਾਂ, ਇਸ ਲਈ ਬਿਜ਼ਨਸਿਜ਼ ਤੇ ਰੈਜ਼ੀਡੈਂਟਸ ਨੂੰ ਇਸ ਦੌਰਾਨ ਲਾਈਆਂ ਗਈਆਂ ਪਾਬੰਦੀਆਂ ਤੋਂ ਜਾਣੂ ਹੋਣਾ ਚਾਹੀਦਾ ਹੈ। ਇਹ ਪਾਬੰਦੀਆਂ ਸਥਾਨਕ ਲੋਕਾਂ ਦੀ ਸਿਹਤ ਤੇ ਸੇਫਟੀ ਲਈ ਹੀ ਲਾਈਆਂ ਗਈਆਂ ਹਨ।

ਜ਼ਿਕਰਯੋਗ ਹੈ ਕਿ ਟੋਰਾਂਟੋ ਤੇ ਪੀਲ ਰੀਜਨ, ਗ੍ਰੇਅ ਜਾਂ ਲਾਕਡਾਊਨ ਜ਼ੋਨ ਵਿੱਚ 23 ਨਵੰਬਰ ਤੋਂ ਗਏ ਸਨ। ਇਸ ਦੌਰਾਨ ਇਨ ਸਟੋਰ ਸ਼ਾਪਿੰਗ ਤੇ ਡਾਈਨ ਇਨ ਸੇਵਾਵਾਂ ਦੇ ਨਾਲ ਨਾਲ ਗੈਰ ਜ਼ਰੂਰੀ ਬਿਜ਼ਨਸਿਜ਼ ਨੂੰ ਵੀ ਬੰਦ ਕਰ ਦਿੱਤਾ ਗਿਆ ਸੀ। ਪਰਸਨਲ ਕੇਅਰ ਸਰਵਿਸਿਜ਼, ਜਿਵੇਂ ਕਿ ਹੇਅਰ ਸੈਲੌਂ ਤੇ ਨਾਈ ਦੀ ਦੁਕਾਨ, ਜਿੰਮ, ਮੂਵੀ ਥਿਏਟਰਜ਼ ਨੂੰ ਵੀ ਬੰਦ ਰੱਖਿਆ ਜਾ ਰਿਹਾ ਹੈ। ਅਜਿਹਾ 21 ਦਸੰਬਰ ਤੱਕ ਕੀਤਾ ਜਾਵੇਗਾ। ਕ੍ਰੌਂਬੀ ਨੇ ਆਖਿਆ ਕਿ ਛੁੱਟੀਆਂ ਦੇ ਇਸ ਸੀਜ਼ਨ ਵਿੱਚ ਲੋਕ ਆਪਣੇ ਪਰਿਵਾਰਾਂ , ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਮਿਲਣਾ ਚਾਹੁੰਦੇ ਹਨ ਪਰ ਪਾਬੰਦੀਆਂ ਕਾਰਨ ਹੁਕਮਾਂ ਦੀ ਅਦੂਲੀ ਕਰਨ ਵਾਲੇ ਨੂੰ ਜੁਰਮਾਨੇ ਹੋ ਸਕਦੇ ਹਨ।

ਪੁਲਿਸ ਨੇ ਦੱਸਿਆ ਕਿ ਵੀਕੈਂਡ ਉੱਤੇ ਉਨ੍ਹਾਂ ਨੂੰ ਕੁਈਨ ਤੇ ਪੋਰਟਲੈਂਡ ਸਟਰੀਟਸ ਇਲਾਕੇ ਵਿੱਚ ਐਤਵਾਰ ਅੱਧੀ ਰਾਤ ਨੂੰ ਪਾਰਟੀ ਹੋਣ ਦੀ ਖਬਰ ਮਿਲੀ। ਮੌਕੇ ਉੱਤੇ ਪਹੁੰਚਣ ਉਪਰੰਤ ਉਨ੍ਹਾਂ ਨੂੰ ਇੱਕ ਬਿਲਡਿੰਗ ਵਿੱਚ 30 ਤੋਂ 40 ਲੋਕ ਮਿਲੇ। ਇਸ ਬਿਲਡਿੰਗ ਨੂੰ ਬਾਰ ਵਜੋਂ ਵਰਤਿਆ ਜਾ ਰਿਹਾ ਸੀ। ਪੁਲਿਸ ਨੇ ਦੱਸਿਆ ਕਿ ਇਸ ਬਿਜ਼ਨਸ ਦੇ ਦੋ ਮਾਲਕਾਂ ਨੂੰ ਰੀਓਪਨਿੰਗ ਓਨਟਾਰੀਓ ਐਕਟ ਦੀ ਉਲੰਘਣਾਂ ਕਰਨ ਲਈ ਕੋਰਟ ਦੇ ਸੰਮਨ ਦਿੱਤੇ ਗਏ ਹਨ। ਮੇਅਰ ਜੌਹਨ ਟੋਰੀ ਨੇ ਵੀ ਇਸ ਨੂੰ ਗੈਰ ਜ਼ਿੰਮੇਵਾਰਾਨਾ ਹਰਕਤ ਦੱਸਿਆ।

## ਐਮਰਜੰਸੀ ਆਪਰੇਸ਼ਨ ਤੋਂ ਬਾਅਦ ਸਿਹਤਯਾਬ ਹੋ ਰਹੇ ਹਨ ਮਲਰੋਨੀ



ਓਨਟਾਰੀਓ, 17 ਦਸੰਬਰ (ਪੋਸਟ ਬਿਊਰੋ) : ਐਮਰਜੰਸੀ ਆਪਰੇਸ਼ਨ ਤੋਂ ਬਾਅਦ ਇਸ ਸਮੇਂ ਸਾਬਕਾ ਪ੍ਰਧਾਨ ਮੰਤਰੀ ਬ੍ਰਾਇਨ ਮਲਰੋਨੀ ਸਿਹਤਯਾਬ ਹੋਣ ਵੱਲ ਵੱਧ ਰਹੇ ਹਨ। ਪਰਿਵਾਰ ਦੇ ਬੁਲਾਰੇ ਨੇ ਦੱਸਿਆ ਕਿ ਤੇਜ਼ੀ ਨਾਲ ਕੀਤਾ ਗਿਆ ਇਹ ਆਪਰੇਸ਼ਨ ਸਫਲ ਰਿਹਾ ਤੇ ਮਲਰੋਨੀ ਨੂੰ ਦੁਪਹਿਰ ਸਮੇਂ ਹੀ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਇਸ ਸਮੇਂ ਮਲਰੋਨੀ 81 ਸਾਲਾਂ ਦੇ ਹਨ। ਉਨ੍ਹਾਂ ਦੀ ਧੀ ਕੈਰੋਲੀਨ ਮਲਰੋਨੀ, ਜੋ ਕਿ ਟਰਾਂਸਪੋਰਟੇਸ਼ਨ ਮੰਤਰੀ ਹੈ, ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਬਿਹਤਰ ਮਹਿਸੂਸ ਕਰ ਰਹੇ ਹਨ ਤੇ ਆਪਣੇ ਘਰ ਵਿੱਚ ਆਰਾਮ ਕਰ ਰਹੇ ਹਨ। ਉਨ੍ਹਾਂ ਇਸ ਮੌਕੇ ਹਾਸਲ ਹੋ ਰਹੀਆਂ ਸ਼ੁੱਭ ਕਾਮਨਾਂਵਾਂ ਲਈ ਸੱਭ ਦਾ ਧੰਨਵਾਦ ਕੀਤਾ। ਕੰਜ਼ਰਵੇਟਿਵ ਆਗੂ ਐਰਿਨ ਓਟੂਲ ਤੇ ਸਾਬਕਾ ਲਿਬਰਲ ਕੈਬਨਿਟ ਮੰਤਰੀ ਜੋਡੀ ਵਿਲਸਨ ਰੇਅਬੋਲਡ ਵੱਲੋਂ ਵੀ ਮਲਰੋਨੀ ਦੀ ਜਲਦੀ ਸਿਹਤਯਾਬੀ ਦੀ ਦੁਆ ਕੀਤੀ ਗਈ ਹੈ।

## ਮਿਰੈਕਲ ਆਨ ਮੇਨ ਸ਼ੌਪਿੰਗ ਸਪਰੀਅ ਕੈਨੇਡੀਅਨ ਟਾਇਰ 'ਤੇ ਕਰਵਾਉਣ ਦੀਆਂ ਤਿਆਰੀਆਂ ਜ਼ੋਰਾਂ ਉੱਤੇ



ਮਿਲਟਨ, 17 ਦਸੰਬਰ (ਪੋਸਟ ਬਿਊਰੋ) : ਸਾਲ ਦਾ ਉਹ ਸਮਾਂ ਆ ਚੁੱਕਿਆ ਹੈ ਜਦੋਂ ਪਰਿਵਾਰ ਬਿਹਤਰੀਨ ਤੁਹਫਿਆਂ, ਕੁਕੀਜ਼ ਬੇਕ ਕਰਨ ਤੇ ਕ੍ਰਿਸਮਸ ਟਰੀ ਦੀ ਸਜਾਵਟ ਬਾਰੇ ਸੋਚਣ ਲੱਗਦੇ ਹਨ।

ਪਰ ਹਾਲਟਨ ਵਿੱਚ ਰਹਿ ਰਹੇ ਕਈ ਪਰਿਵਾਰ ਆਪਣੇ ਬੱਚਿਆਂ ਨੂੰ ਕ੍ਰਿਸਮਸ ਦੀਆਂ ਇਹ ਖੁਸ਼ੀਆਂ ਮੁਹੱਈਆ ਕਰਵਾਉਣ ਵਿੱਚ ਅਸਮਰੱਥ ਹਨ। ਇੱਥੋਂ ਤੱਕ ਕਿ ਆਪਣੇ ਬੱਚਿਆਂ ਲਈ ਇੱਕ ਤੁਹਫਾ ਖਰੀਦਣਾ ਵੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ। ਇਸ ਸਾਲ ਇਹ ਲੋੜ ਹੋਰ ਵੀ ਜ਼ਿਆਦਾ ਮਹਿਸੂਸ ਹੋਵੇਗੀ ਕਿਉਂਕਿ ਮਹਾਂਮਾਰੀ ਨੇ ਕਈ ਹੋਰਨਾਂ ਪਰਿਵਾਰਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਪਰ ਟਾਈਗਰ ਜੀਤ ਸਿੰਘ ਫਾਊਂਡੇਸ਼ਨ (ਟੀ ਜੇ ਐਸ ਐਫ) ਤੇ ਹਾਲਟਨ ਰੀਜਨਲ ਪੁਲਿਸ ਸਰਵਿਸਿਜ਼ ( ਐਚ ਆਰ ਪੀ ਐਸ) ਕੋਵਿਡ ਨੂੰ ਤਿਓਹਾਰਾਂ ਦਾ ਇਹ ਮਾਹੌਲ ਖਰਾਬ ਨਹੀਂ ਕਰਨ ਦੇਣਗੇ। ਇਸ ਲਈ ਖਿਡੌਣਿਆਂ ਲਈ ਮਿਰੈਕਲ ਆਨ ਮੇਨ ਸ਼ੌਪਿੰਗ ਸਪਰੀਅ ਕੈਨੇਡੀਅਨ ਟਾਇਰ ਉੱਤੇ ਕਰਵਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਟਾਈਗਰ ਜੀਤ ਸਿੰਘ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਟਾਈਗਰ ਜੀਤ ਸਿੰਘ ਜੂਨੀਅਰ ਨੇ ਆਖਿਆ ਕਿ ਸਟੋਰ ਦੀ ਮੈਨੇਜਮੈਂਟ ਦੇ ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ ਕਿਉਂਕਿ ਇਸ ਨਾਲ ਕ੍ਰਿਸਮਸ ਵਰਗੇ ਮੌਕੇ ਉੱਤੇ ਬੱਚਿਆਂ ਦੇ ਚਿਹਰਿਆਂ ਉੱਤੇ ਮੁਸਕਾਨ ਵੇਖਣ ਲਈ ਕੀਤੀਆਂ ਜਾਣ ਵਾਲੀਆਂ ਸਾਡੀਆਂ ਕੋਸ਼ਿਸ਼ਾਂ ਨੂੰ ਬੂਰ ਪਵੇਗਾ। ਮਿਰੈਕਲ ਆਨ ਮੇਨ ਇੱਕ ਸਾਲਾਨਾ ਟੌਏ ਡਰਾਈਵ ਚੈਰਿਟੀ ਈਵੈਂਟ ਹੈ ਜੋ ਕਿ ਇਹ ਸੁਨੇਹਾ ਵੀ ਦਿੰਦਾ ਹੈ ਕਿ ਬਿਮਾਰੀ ਤੇ ਗਰੀਬੀ ਫਰਕ ਨਹੀਂ ਕਰਦੀਆਂ;ਤੇ ਨਾ ਹੀ ਦੇਣ ਦੇ ਜਜ਼ਬਾਤਾਂ ਨੂੰ ਕਰਨਾ ਚਾਹੀਦਾ ਹੈ। ਇਸ ਸਾਲ ਕੋਵਿਡ ਕਾਰਨ 12ਵੀਂ ਸਾਲਾਨਾ ਮਿਰੈਕਲ ਆਨ ਮੇਨ ਵੱਲੋਂ ਆਨਲਾਈਨ ਡੋਨੇਸ਼ਨਜ਼ ਹਾਸਲ ਕੀਤੀਆਂ ਜਾ ਰਹੀਆਂ ਹਨ ਤੇ ਇਸ ਦੌਰਾਨ ਹਾਸਲ ਹੋਣ ਵਾਲੇ ਹਰਕੇ ਡਾਲਰ ਨਾਲ ਖਿਡੌਣੇ ਖਰੀਦੇ ਜਾਣਗੇ। ਇਸ ਲਈ ਡੋਨੇਸ਼ਨ ਦੇਣ ਵਾਸਤੇ ਤੇ ਖਿਡੌਣੇ ਡੋਨੇਟ ਕਰਨ ਲਈ ਥਾਂਵਾਂ ਦਾ ਪਤਾ ਲਾਉਣ ਲਈ www.MiracleOnMain.cato ਉੱਤੇ ਵਿਜ਼ਿਟ ਕਰੋ।

# ਓਨਟਾਰੀਓ ਵਿੱਚ ਕੌਮਾਂਤਰੀ ਟਰੈਵਲਰਜ਼ ਦਾ ਹੁਣ ਮੁਫਤ ਵਿੱਚ ਨਹੀ ਕੀਤਾ ਜਾਵੇਗਾ ਕੋਵਿਡ-19 ਟੈਸਟ



ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ) : ਹੁਣ ਓਨਟਾਰੀਓ ਸਰਕਾਰ ਉਨ੍ਹਾਂ ਨੂੰ ਮੁਫਤ ਕੋਵਿਡ-19 ਟੈਸਟ ਮੁਹੱਈਆ ਨਹੀਂ ਕਰਾਵੇਗੀ ਜਿਹੜੇ ਕੌਮਾਂਤਰੀ ਟਰੈਵਲ ਲਈ ਜਾਣਾ ਚਾਹੁੰਦੇ ਹਨ।

ਸੋਮਵਾਰ ਸਵੇਰੇ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਆਖਿਆ ਕਿ ਇਹ ਫੈਸਲਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਟੈਕਸਦਾਤਾਵਾਂ ਦੇ ਡਾਲਰ ਹੋਰਨਾਂ ਤਰਜੀਹਾਂ ਉੱਤੇ ਖਰਚੇ ਜਾਣ ਤੇ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਫੰਡ ਪ੍ਰਾਪਤ ਕੋਵਿਡ-19 ਟੈਸਟਿੰਗ ਨੈੱਟਵਰਕ ਦੀ ਸਮਰੱਥਾ ਵਧਾਈ ਜਾ ਸਕੇ। 2020 ਦੇ ਬਜਟ ਅਨੁਸਾਰ ਕੋਵਿਡ-19 ਦੇ ਸਬੰਧ ਵਿੱਚ ਹੋਣ ਵਾਲੇ ਹਰ ਟੈਸਟ ਕਾਰਨ ਓਨਟਾਰੀਓ ਦੇ ਟੈਕਸਦਾਤਾਵਾਂ ਦੀ ਜੇਬ੍ਹ ਉੱਤੇ 48 ਡਾਲਰ ਦਾ ਬੋਝ ਪੈਂਦਾ ਹੈ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਇੱਕ ਬਿਆਨ ਵਿੱਚ ਆਖਿਆ ਕਿ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਅਸੀਂ ਟੈਸਟਿੰਗ ਪ੍ਰਤੀ ਆਪਣੀ ਪਹੁੰਚ ਤੇ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਥੋੜ੍ਹੀ ਤਬਦੀਲੀ ਲਿਆ ਰਹੇ ਹਾਂ। ਉਨ੍ਹਾਂ ਆਖਿਆ ਕਿ ਹੁਣ ਕੌਮਾਂਤਰੀ ਟਰੈਵਲਰਜ਼ ਜਨਤਕ ਤੌਰ ਉੱਤੇ ਹਾਸਲ ਫੰਡਾਂ ਨਾਲ ਕੋਵਿਡ-19 ਟੈਸਟ ਨਹੀਂ ਕਰਵਾ ਸਕਣਗੇ ਪਰ ਜੇ ਕੋਈ ਹੋਰ ਨਾਗਰਿਕ ਇਹ ਟੈਸਟ ਕਰਵਾਉਣਾ ਚਾਹੁੰਦਾ ਹੈ ਤਾਂ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਹ ਟੈਸਟ ਮੁਫਤ ਹੋ ਸਕੇ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਕੋਵਿਡ-19 ਦਾ ਹੱਲ ਤੁਹਾਡੇ ਹੱਥਾਂ ਵਿੱਚ ਹੈ।

- ਚਿਹਰੇ ਨੂੰ ਢਕਣ ਵਾਲਾ ਮਾਸਕ ਲਗਾਓ।
- ਆਪਣੇ ਘਰ ਤੋਂ ਬਾਹਰ ਕਿਸੇ ਵੀ ਵਿਅਕਤੀ ਤੋਂ 2 ਮੀਟਰ ਦੀ ਦੂਰੀ ਰੱਖੋ।
- ਨਜ਼ਦੀਕੀ ਸੰਪਰਕ ਸਿਰਫ਼ ਆਪਣੇ ਪਰਿਵਾਰਕ ਮੈਂਬਰਾਂ ਤਕ ਸੀਮਤ ਰੱਖੋ।
- ਅਕਸਰ ਆਪਣੇ ਹੱਥਾਂ ਨੂੰ ਧੋਵੋ।



**ਫੈਲਣ ਨੂੰ ਰੋਕਣ ਦਾ ਕੰਮ ਤੁਹਾਡੇ ਤੋਂ ਸ਼ੁਰੂ ਹੁੰਦਾ ਹੈ।**
ਹੋਰ ਜਾਣਕਾਰੀ ਲਈ ontario.ca/coronavirus ‘ਤੇ ਜਾਓ।

ਓਂਟਾਰਿਓ ਸਰਕਾਰ ਵੱਲੋਂ ਭੁਗਤਾਨ ਕੀਤਾ ਗਿਆ

Ontario